# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 08.05.2017 ਨੂੰ ਬਾਅਦ ਦੁਪਹਿਰ 3.00 ਵਜੇ

ਅੱਜ ਮਿਤੀ 08.05.2017 ਨੂੰ ਬਾਅਦ ਦੁਪਹਿਰ 3.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਰਾਜਪਰੀਤ ਕੌਰ ਬਰਾੜ | 14 | ਕੌਂਸਲਰ |
| 15 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 16 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 17 | ਹਰਮਿੰਦਰ ਸਿੰਘ | 17 | ਕੌਂਸਲਰ |
| 18 | ਰਾਜਾ ਸਿੰਘ | 18 | ਕੌਂਸਲਰ |
| 19 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 20 | ਦਰਸ਼ਨ ਕੁਮਾਰ | 20 | ਕੌਂਸਲਰ |
| 21 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 22 | ਸੁਖਮਿੰਦਰ ਸਿੰਘ | 22 | ਕੌਂਸਲਰ |
| 23 | ਕਮਲੇਸ਼ ਰਾਣੀ | 23 | ਕੌਂਸਲਰ |
| 24 | ਪ੍ਰਿੰਯਕਾ ਗੋਇਲ | 24 | ਕੌਂਸਲਰ |
| 25 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 26 | ਰਾਜ ਕੁਮਾਰ | 27 | ਕੌਂਸਲਰ |
| 27 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 28 | ਤਰਲੋਚ ਸਿੰਘ | 29 | ਕੌਂਸਲਰ |
| 29 | ਰਾਮ ਦਾਸ | 30 | ਕੌਂਸਲਰ |
| 30 | ਪ੍ਰੀਤਮ ਕੌਰ | 31 | ਕੌਂਸਲਰ |
| 31 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 32 | ਸੰਜੇ | 35 | ਕੌਂਸਲਰ |
| 33 | ਜਗਰਾਜ ਸਿੰਘ | 36 | ਕੌਂਸਲਰ |
| 34 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 35 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 36 | ਸ਼ਿੰਦਰ ਕੌਰ | 40 | ਕੌਂਸਲਰ |
| 37 | ਅੰਜਨਾ ਰਾਣੀ | 41 | ਕੌਂਸਲਰ |
| 38 | ਪ੍ਰਦੀਪ ਗੋਇਲ | 42 | ਕੌਂਸਲਰ |
| 39 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 40 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 41 | ਹਰਵਿੰਦਰ ਕੁਮਾਰ | 46 | ਕੌਂਸਲਰ |
| 42 | ਨਿਰਮਲ ਕੌਰ | 47 | ਕੌਂਸਲਰ |
| 43 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 44 | ਗੁਰਮੀਤ ਕੌਰ | 49 | ਕੌਂਸਲਰ |
| 45 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਮਾਨਯੋਗ ਮੇਅਰ ਸਾਹਿਬ ਜੀ ਦੇ ਭਾਣਜੇ ਸ਼੍ਰੀ ਸੋਮ ਚੰਦ ਪੁੱਤਰ ਸ਼੍ਰੀ ਬਾਬੂ ਰਾਮ ਦੇ ਅਚਾਨਕ ਸਵਰਗਵਾਸ ਹੋਣ ਅਤੇ ਇਸਤੋਂ ਇਲਾਵਾ ਕਸ਼ਮੀਰ ਅਤੇ ਸੁਕਮਾ ਵਿੱਚ ਜਵਾਨਾਂ ਦੇ ਸ਼ਹੀਦ ਹੋਣ ਤੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

<u>ਮਤਾ ਨੰਬਰ 1:</u> ਹਾਊਸ ਵੱਲੋਂ ਨਗਰ ਨਿਗਮ ਦੇ ਮਾਨਯੋਗ ਮੇਅਰ ਸਾਹਿਬ ਜੀ ਦੇ ਭਾਣਜੇ ਸ਼੍ਰੀ ਸੋਮ ਚੰਦ ਪੁੱਤਰ ਸ਼੍ਰੀ ਬਾਬੂ ਰਾਮ ਜੀ ਦੇ ਅਚਾਨਕ ਸਵਰਗਵਾਸ ਹੋਣ ਅਤੇ ਕਸ਼ਮੀਰ ਅਤੇ ਸੁਕਮਾ ਵਿੱਚ ਜਵਾਨਾਂ ਦੇ ਸ਼ਹੀਦ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।

| | |
|---|---|
| ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017 | ਟਿਪਣੀ ਦੀ ਲੋੜ ਨਹੀਂ ਹੈ। |

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 08.05.2017 ਨੂੰ ਬਾਅਦ ਦੁਪਹਿਰ 3.15 ਵਜੇ

ਅੱਜ ਮਿਤੀ 08.05.2017 ਨੂੰ ਬਾਅਦ ਦੁਪਹਿਰ 3.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੋਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੋਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਸ਼੍ਰੀਮਤੀ ਪ੍ਰਮਿੰਦਰ ਕੋਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਰਾਜਪਰੀਤ ਕੋਰ ਬਰਾੜ | 14 | ਕੌਂਸਲਰ |
| 15 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 16 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 17 | ਹਰਮਿੰਦਰ ਸਿੰਘ | 17 | ਕੌਂਸਲਰ |
| 18 | ਰਾਜਾ ਸਿੰਘ | 18 | ਕੌਂਸਲਰ |
| 19 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 20 | ਦਰਸ਼ਨ ਕੁਮਾਰ | 20 | ਕੌਂਸਲਰ |
| 21 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 22 | ਸੁਖਮਿੰਦਰ ਸਿੰਘ | 22 | ਕੌਂਸਲਰ |
| 23 | ਕਮਲੇਸ਼ ਰਾਣੀ | 23 | ਕੌਂਸਲਰ |
| 24 | ਪ੍ਰਿੰਯਕਾ ਗੋਇਲ | 24 | ਕੌਂਸਲਰ |
| 25 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 26 | ਰਾਜ ਕੁਮਾਰ | 27 | ਕੌਂਸਲਰ |
| 27 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 28 | ਤਰਲੋਚ ਸਿੰਘ | 29 | ਕੌਂਸਲਰ |
| 29 | ਰਾਮ ਦਾਸ | 30 | ਕੌਂਸਲਰ |
| 30 | ਪ੍ਰੀਤਮ ਕੋਰ | 31 | ਕੌਂਸਲਰ |
| 31 | ਕਰਮਜੀਤ ਕੋਰ ਗਿਆਨਾ | 34 | ਕੌਂਸਲਰ |
| 32 | ਸੰਜੇ | 35 | ਕੌਂਸਲਰ |
| 33 | ਜਗਰਾਜ ਸਿੰਘ | 36 | ਕੌਂਸਲਰ |
| 34 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 35 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 36 | ਸ਼ਿੰਦਰ ਕੋਰ | 40 | ਕੌਂਸਲਰ |
| 37 | ਅੰਜਨਾ ਰਾਣੀ | 41 | ਕੌਂਸਲਰ |
| 38 | ਪ੍ਰਦੀਪ ਗੋਇਲ | 42 | ਕੌਂਸਲਰ |
| 39 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 40 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 41 | ਹਰਵਿੰਦਰ ਕੁਮਾਰ | 46 | ਕੌਂਸਲਰ |
| 42 | ਨਿਰਮਲ ਕੋਰ | 47 | ਕੌਂਸਲਰ |
| 43 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 44 | ਗੁਰਮੀਤ ਕੋਰ | 49 | ਕੌਂਸਲਰ |
| 45 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਨਗਰ ਨਿਗਮ ਬਠਿੰਡਾ ਦੇ ਸਵੱਛ ਭਾਰਤ ਮਿਸ਼ਨ ਤਹਿਤ ਹੋਏ ਸਰਵੇ ਦੋਰਾਨ ਪੰਜਾਬ ਵਿੱਚ ਦੂਸਰੇ ਨੰਬਰ ਆਉਣ ਤੇ ਸਮੁੱਚੇ ਹਾਊਸ ਨੂੰ ਵਧਾਈ ਦਿੱਤੀ। ਉਹਨਾਂ ਦਸਿਆ ਕਿ ਉਹਨਾਂ ਦਾ ਵਾਰਡ ਦੋ ਹਿੱਸਿਆਂ ਕਮਲਾ ਨਹਿਰੂ ਕਲੋਨੀ ਅਤੇ ਨਾਰਥ ਅਸਟੇਟ ਵਿੱਚ

ਵੰਡਿਆ ਹੋਇਆ ਹੈ। ਪਰੰਤੂ ਵਾਰਡ ਵਿੱਚ ਇੱਕ ਹੀ ਆਰ.ਓ ਹੋਣ ਨਾਲ ਆਮ ਪਬਲਿਕ ਨੂੰ ਆਰ.ਓ. ਦਾ ਪਾਣੀ ਮੁੱਹਈਆ ਨਹੀਂ ਕੀਤਾ ਜਾ ਰਿਹਾ। ਉਹਨਾਂ ਆਪਣੇ ਵਾਰਡ ਵਿੱਚ ਇੱਕ ਹੋਰ ਆਰ.ਓ. ਲਗਾਉਣ ਦੀ ਮੰਗ ਕੀਤੀ।

ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਸੀਵਰੇਜ਼ ਦੀ ਸੁਵਿਧਾ ਨਾ ਹੋਣ ਕਾਰਨ ਸਾਰੀਆਂ ਗਲੀਆਂ ਵਿੱਚ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਤੇ ਗੰਦਾ ਪਾਣੀ ਗਲੀਆਂ ਵਿੱਚ ਖੜ੍ਹਾ ਰਹਿੰਦਾ ਹੈ। ਉਹਨਾਂ ਦਸਿਆ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਪਾਣੀ ਚੁੱਕਣ ਖਾਤਰ ਟੈਂਕਰ ਨਹੀਂ ਭੇਜਿਆ ਜਾਂਦਾ, ਜਿਸ ਨਾਲ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਉਕਤ ਸਮੱਸਿਆ ਦਾ ਹੱਲ ਕਰਨ ਲਈ ਮੰਗ ਕੀਤੀ।

ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਦਸਿਆ ਕਿ ਉਹਨਾਂ ਵੱਲੋਂ ਕਈ ਵਾਰ ਜਨਤਾ ਨਗਰ, ਗਲੀ ਨੰਬਰ 1 ਵਿੱਚ ਸੀਵਰ ਦੀ ਪਾਈਪ ਪਵਾਉਣ ਖਾਤਰ ਬੇਨਤੀ ਕੀਤੀ ਹੈ, ਪਰੰਤੂ ਅਜੇ ਤੱਕ ਪਾਈਪ ਨਹੀਂ ਪਾਈ ਗਈ। ਇਸ ਨਾਲ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਉਕਤ ਗਲੀ ਵਿੱਚ ਸੀਵਰ ਦੀ ਪਾਈਪ ਪਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਜਲਦ ਤੋਂ ਜਲਦ ਕਨੈਕਟੀਵਿਟੀ ਕਰਨ ਦੀ ਹਦਾਇਤ ਕੀਤੀ। ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਇਹ ਵੀ ਦਸਿਆ ਕਿ ਗੰਗਾ ਨਗਰ ਰੇਲਵੇ ਲਾਈਨ ਤੋਂ ਲੈ ਕੇ ਗੁਰੂਕੁੱਲ ਰੋਡ ਤੱਕ ਜੁੜਦੀ ਸੀਵਰ ਪਾਈਪ ਦੇ ਮੇਨ ਹੋਲ ਟੱਟੇ ਪਏ ਹਨ ਅਤੇ ਗੰਦਾ ਪਾਣੀ ਰਾਜੀਵ ਗਾਂਧੀ ਨਗਰ ਦੀਆ ਕੰਧਾਂ ਅਤੇ ਖਤਾਨਾਂ ਵਿੱਚ ਭਰ ਗਿਆ ਹੈ। ਉਹਨਾਂ ਜਲਦ ਤੋਂ ਜਲਦ ਇਹਨਾਂ ਮੇਨਹੋਲਾਂ ਦੀ ਰਿਪੇਅਰ ਕਰਾਉਣ ਦੀ ਮੰਗ ਕੀਤੀ। ਇਸਤੋਂ ਇਲਾਵਾ ਉਹਨਾਂ ਨੇ ਆਪਣੇ ਵਾਰਡ ਵਿੱਚ ਹੈਂਡ ਪੰਪ ਲਗਵਾਉਣ ਲਈ ਬੇਨਤੀ ਕੀਤੀ।

ਸ਼੍ਰੀਮਤੀ ਪ੍ਰਮਿੰਦਰ ਕੋਰ ਸਿੱਧੂ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 26/3 ਵਿੱਚ ਪਾਣੀ ਦੀ ਪਾਈਪ ਪੈਣ ਵਾਲੀ ਹੈ। ਉਹਨਾਂ ਦਸਿਆ ਕਿ ਇਸ ਸਬੰਧੀ ਉਹ ਪਿਛਲੇ 8 ਮਹੀਨਿਆਂ ਤੋਂ ਬੇਨਤੀ ਕਰ ਰਹੇ ਹਨ। ਪਾਣੀ ਦੀ ਪਾਈਪ ਨਾ ਹੋਣ ਕਾਰਨ ਲੋਕ ਗੰਦਾ ਪਾਣੀ ਪੀਣ ਲਈ ਮਜ਼ਬੂਰ ਹੋ ਰਹੇ ਹਨ। ਉਹਨਾਂ ਜਲਦ ਤੋਂ ਜਲਦ ਪਾਣੀ ਦੀ ਪਾਈਪ ਪਾਉਣ ਦੀ ਮੰਗ ਕੀਤੀ। ਇਸਤੋਂ ਇਲਾਵਾ ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ 20 ਫੁੱਟ ਸੀਵਰ ਦੀ ਪਾਈਪ ਪੈਣ ਵਾਲੀ ਹੈ। ਇਸ ਗੱਲ ਦੀ ਤਾਇਦ ਸ੍ਰੀ ਹਰਮੰਦਰ ਸਿੰਘ ਅਤੇ ਸ਼੍ਰੀ ਹਰਪਾਲ ਸਿੰਘ ਢਿੱਲੋਂ ਨੇ ਵੀ ਕੀਤੀ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਪਾਣੀ ਅਤੇ ਸੀਵਰ ਦੀ ਪਾਈਪ ਪਾਉਣ ਦੀ ਹਦਾਇਤ ਕੀਤੀ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਦਸਿਆ ਕਿ ਸ਼ਹਿਰ ਵਿੱਚ ਨਗਰ ਨਿਗਮ ਦੀਆਂ ਜੋ ਪਾਰਕਿੰਗ ਠੇਕੇ ਤੇ ਦਿੱਤੀਆਂ ਹੋਈਆਂ ਹਨ, ਉਹਨਾਂ ਤੇ ਠੇਕੇਦਾਰ ਵੱਲੋਂ ਜਾਂ ਤਾਂ ਬੋਰਡ ਹਟਾ ਦਿੱਤੇ ਗਏ ਹਨ, ਜਾਂ ਇਹਨਾਂ ਬੋਰਡਾਂ ਤੇ ਸਟੀਕਰ ਲਗਾਏ ਹੋਏ ਹਨ, ਜਾਂ ਰੇਟ ਮਿਟਾ ਦਿੱਤੇ ਗਏ ਹਨ। ਇਸ ਨਾਲ ਆਮ ਪਬਲਿਕ ਨੂੰ ਆਪਣੇ ਵਹੀਕਲ ਪਾਰਕਿੰਗ ਕਰਨ ਸਮੇਂ ਰੇਟ ਪਤਾ ਨਾ ਹੋਣ ਕਾਰਨ ਠੇਕੇਦਾਰ ਵੱਲੋਂ ਮਨ-ਮਰਜ਼ੀ ਦੇ ਰੇਟ ਚਾਰਜ਼ ਕੀਤੇ ਜਾ ਰਹੇ ਹਨ। ਉਹਨਾਂ ਇਹ ਵੀ ਦਸਿਆ ਕਿ ਹਾਊਸ ਵੱਲੋਂ ਪਿਛਲੀ ਮੀਟਿੰਗ ਵਿੱਚ ਪਾਰਕਿੰਗ ਦਾ ਠੇਕਾ ਤਕਰੀਬਨ 22.00 ਲੱਖ ਰੁਪਏ ਤੋਂ ਘਟਾ ਕੇ 12.00 ਲੱਖ ਰੁਪਏ ਦੇ ਕਰੀਬ ਕਰ ਦਿੱਤਾ ਗਿਆ ਸੀ ਅਤੇ ਪਾਰਕਿੰਗ ਦੇ ਰੇਟ ਘਟਾ ਦਿੱਤੇ ਗਏ। ਪਰੰਤੂ ਫਿਰ ਵੀ ਠੇਕੇਦਾਰ ਵੱਲੋਂ 10/- ਰੁਪਏ ਦੀ ਥਾਂ ਤੇ ਪੈਨ ਨਾਲ 20/- ਰੁਪਏ ਲਿਖ ਕੇ ਚਾਰਜ਼ ਕੀਤੇ ਜਾ ਰਹੇ ਹਨ। ਠੇਕੇਦਾਰ ਵੱਲੋਂ ਜਾਰੀ ਕੀਤੀ ਪਰਚੀ ਤੇ ਵਹੀਕਲ ਦਾ ਨੰਬਰ ਵੀ ਨਹੀਂ ਲਿਖਿਆ ਜਾਂਦਾ। ਇਸ ਨਾਲ ਨਿਗਮ ਦਾ ਅਕਸ ਖਰਾਬ ਹੋ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਹਰ ਪਾਰਕਿੰਗ ਵਿੱਚ ਰੇਟਾਂ ਸਬੰਧੀ ਨਵੇਂ ਬੋਰਡ ਲਗਾਏ ਜਾਣ ਅਤੇ ਜੇਕਰ ਠੇਕੇਦਾਰ ਵੱਲੋਂ ਇਹਨਾਂ ਤੇ ਕੁੱਝ ਲਿਖ ਕੇ, ਜਾਂ ਸਟੀਕਰ ਆਦਿ ਲਗਾ ਕੇ ਰੇਟ ਮਿਸਪ੍ਰਿੰਟ ਕੀਤੇ ਜਾਂਦੇ ਹਨ, ਤਾਂ ਉਸਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਇਸਤੇ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜੇਕਰ ਪਾਰਕਿੰਗ ਠੇਕੇਦਾਰ ਵੱਲੋਂ ਕੋਈ ਗਲਤੀ ਕੀਤੀ ਜਾਂਦੀ ਹੈ ਤਾਂ ਉਸਦੇ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਦਸਿਆ ਕਿ ਨਹਿਰ ਬੰਦੀ ਖਤਮ ਹੋਣ ਦੇ ਬਾਵਜੂਦ ਵੀ ਅਜੇ ਤੱਕ ਉਹਨਾਂ ਦੇ ਵਾਰਡ ਵਿੱਚ ਪੀਣ ਵਾਲਾ ਪਾਣੀ ਨਾ ਆਉਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਦਸਿਆ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਵਾਰ-ਵਾਰ ਫੋਨ ਕਰਨ ਦੇ ਬਾਵਜੂਦ ਵੀ ਇਸ ਸਮੱਸਿਆ ਦਾ ਹੱਲ ਨਹੀਂ ਕੀਤਾ ਜਾ ਰਿਹਾ। ਉਹਨਾਂ ਆਪਣੇ ਵਾਰਡ ਵਿੱਚ ਦੋ-ਤਿੰਨ ਥਾਂਵਾਂ ਤੇ ਹੈਂਡ ਪੰਪ ਲਗਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਟਰੀ ਗਾਰਡ ਲਗਾ ਕੇ ਪੌਦੇ ਲਗਵਾਏ ਜਾਣ। ਇਸਤੇ ਮੇਅਰ ਸਾਹਿਬ ਨੇ ਸਬੰਧਤ ਅਧਿਕਾਰੀਆਂ/ ਕਰਮਚਾਰੀਆਂ ਨੂੰ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਰਾਮ ਦਾਸ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਰੇਲਵੇ ਸਟੇਸ਼ਨ ਦੇ ਸਾਹਮਣੇ ਜਿੱਥੇ ਆਟੋ ਰਿਕਸ਼ਾ ਅਤੇ ਰੇਹੜੀਆਂ ਲਗਦੀਆਂ ਹਨ, ਉੱਥੇ ਸਫਾਈ ਕਰਵਾਈ ਜਾਵੇ। ਉਹਨਾਂ ਆਪਣੇ ਵਾਰਡ ਵਿੱਚ ਸੀਵਰ ਦੀ ਡੀ-ਸਿਲਟਿੰਗ ਕਰਾਉਣ ਤੋਂ ਇਲਾਵਾ ਸਫਾਈ ਕਰਵਾਉਣ ਦੀ ਵੀ ਮੰਗ ਕੀਤੀ। ਉਹਨਾਂ ਮੰਗ ਕੀਤੀ ਕਿ ਰੇਲਵੇ ਸਟੇਸ਼ਨ ਤੋਂ ਲੇ ਕੇ ਹਨੂੰਮਾਨ ਚੌਂਕ ਤੱਕ ਮਾਲ ਰੋਡ ਤੇ ਸੁੰਦਰੀਕਰਨ ਕਰਦੇ ਹੋਏ ਵਧੀਆ ਲਾਈਟਾਂ ਅਤੇ ਫਵਾਰੇ ਲਗਾਏ ਜਾਣ, ਤਾਂ ਜੋ ਬਾਹਰ ਤੋਂ ਆਉਣ ਵਾਲੇ ਯਾਤਰੀਆਂ ਤੇ ਸ਼ਹਿਰ ਬਾਰੇ ਚੰਗਾ ਪ੍ਰਭਾਵ ਪਵੇ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਸ਼ਹਿਰ ਵਿੱਚ ਜਿੱਥੇ ਵੀ ਡੀ-ਸਿਲਟਿੰਗ ਹੋਣ ਵਾਲੀ ਹੈ, ਉਹ ਬਾਰਸ਼ਾਂ ਤੋਂ ਪਹਿਲਾਂ ਪਹਿਲਾਂ ਕਰਵਾਈ ਜਾਵੇ। ਰੋਡ ਜਾਲੀਆਂ ਸਾਫ ਕਰਵਾਈਆਂ ਜਾਣ ਅਤੇ ਮਾਲ ਰੋਡ ਸਬੰਧੀ ਤਜਵੀਜ ਤਿਆਰ ਕਰਕੇ ਪੇਸ਼ ਕੀਤੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਉਹਨਾਂ ਦੇ ਵਾਰਡ ਵਿੱਚ ਕਈ ਥਾਂਈਂ ਅਜੇ ਤੱਕ ਨਾ ਤਾਂ ਪੱਥਰ ਪਾਇਆ ਗਿਆ ਹੈ ਅਤੇ ਨਾ ਹੀ ਪ੍ਰੀਮਿਕਸ। ਉਹਨਾਂ ਪੁੱਛਿਆ ਕਿ ਟੈਂਡਰ ਕਿਸ ਠੇਕੇਦਾਰ ਨੂੰ ਅਤੇ ਕਦੋਂ ਅਲਾਟ ਕੀਤਾ ਗਿਆ ਸੀ ਅਤੇ ਇਹ ਕੰਮ ਕਦੋਂ ਖਤਮ ਹੋਣਾ ਸੀ? ਉਹਨਾਂ ਇਹ ਵੀ ਪੁੱਛਿਆ ਕਿ ਜੇਕਰ ਟੈਂਡਰ ਅਲਾਟ ਕਰ ਦਿੱਤਾ ਗਿਆ ਸੀ, ਤਾਂ ਅਜੇ ਤੱਕ ਠੇਕੇਦਾਰ ਵੱਲੋਂ ਕੰਮ ਸ਼ੁਰੂ ਕਿਉਂ ਨਹੀਂ ਕੀਤਾ ਗਿਆ? ਉਹਨਾਂ ਵਰਕ ਆਰਡਰ ਅਲਾਟ ਹੋਣ ਉਪਰੰਤ ਠੇਕੇਦਾਰ ਨੂੰ ਸਮਾਂ ਬੱਧ ਕੰਮ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਰਸ ਰਾਮ ਨਗਰ, ਮੇਨ ਰੋਡ ਤੇ ਸਿਰਫ 400 ਫੁੱਟ ਦਾ ਸੀਵਰ ਦਾ ਟੋਟਾ ਪੈਣ ਵਾਲਾ ਹੇ, ਜੋ ਕਿ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਨਹੀਂ ਪਾਇਆ ਜਾ ਰਿਹਾ। ਇਸਦੀ ਤਾਇਦ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਵੀ ਕੀਤੀ। ਉਹਨਾਂ ਜਲਦ ਤੋਂ ਜਲਦ ਉਕਤ 400 ਫੁੱਟ ਦਾ ਸੀਵਰ ਦਾ ਟੋਟਾ ਪਾਉਣ ਦੀ ਮੰਗ ਕੀਤੀ। ਇਸਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀ ਸ਼੍ਰੀ ਰਾਕੇਸ਼ ਮਹਿਤਾ ਤੋਂ ਪੁੱਛਣ ਤੇ ਉਸਨੇ ਯਕੀਨ ਦਿਵਾਇਆ ਕਿ ਇੱਕ ਮਹੀਨੇ ਦੇ ਅੰਦਰ-ਅੰਦਰ ਪਰਸ ਰਾਮ ਨਗਰ ਮੇਨ ਰੋਡ ਤੇ ਜੋ 400 ਫੁੱਟ ਦਾ ਪਾਈਪ ਦਾ ਟੋਟਾ ਪੈਣ ਤੋਂ ਰਹਿੰਦਾ ਹੈ, ਪਾ ਦਿੱਤਾ ਜਾਵੇਗਾ। ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਜੋ ਵੀ ਕੰਮ ਚੱਲ ਰਹੇ ਹਨ, ਉਹ ਤੁਰੰਤ ਪੂਰੇ ਕਰਵਾਏ ਜਾਣ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਿਸ ਵੀ ਠੇਕੇਦਾਰ ਵੱਲੋਂ ਕੰਮ ਸਮੇਂ ਸਿਰ ਪੂਰਾ ਨਹੀਂ ਕੀਤਾ ਜਾਂਦਾ, ਉਸਦੇ ਖਿਲਾਫ ਬਣਦੀ ਕਾਰਵਾਈ ਕਰਦੇ ਹੋਏ ਬਣਦਾ ਜੁਰਮਾਨਾ ਲਗਾਇਆ ਜਾਵੇ ਅਤੇ ਕੀਤੀ ਕਾਰਵਾਈ ਤੋਂ ਹਾਊਸ ਨੂੰ ਜਾਣੂ ਕਰਵਾਇਆ ਜਾਵੇ। ਉਹਨਾਂ ਇਹ ਵੀ ਹਦਾਇਤ ਕੀਤੀ ਕਿ ਜਿੰਨੇ ਵੀ ਕੰਮ ਚੱਲ ਰਹੇ ਹਨ, ਉਹ ਸਮਾਂ ਬੱਧ ਕੀਤੇ ਜਾਣ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਦਸਿਆ ਕਿ ਚੰਡੀਗੜ੍ਹ ਵਿਖੇ ਬਣੇ ਮਿਉਂਸਪਲ ਭਵਨ ਵਿਖੇ ਚੁਣੇ ਹੋਏ ਨੁਮਾਇੰਦਿਆਂ ਨੂੰ ਕਮਰਾ ਅਲਾਟ ਨਹੀਂ ਕੀਤਾ ਜਾਂਦਾ। ਉਹਨਾਂ ਮਿਉਂਸਪਲ ਭਵਨ ਲਈ ਦਿੱਤੇ ਪੈਸੇ ਵਿਆਜ਼ ਸਮੇਤ ਵਾਪਸ ਕਰਨ ਦੀ ਮੰਗ ਕੀਤੀ। ਇਸਦੀ ਤਾਇਦ ਸ਼੍ਰੀ ਗੁਰਸੇਵਕ ਸਿੰਘ ਮਾਨ ਅਤੇ ਸ੍ਰੀ ਮਲਕੀਤ ਸਿੰਘ, ਸ਼੍ਰੀ ਰਾਜ ਕੁਮਾਰ ਗੋਇਲ, ਕੌਂਸਲਰ ਸਾਹਿਬਾਨ ਨੇ ਵੀ ਕੀਤੀ। ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਪੁੱਛਿਆ ਕਿ ਮਿਉਂਸਪਲ ਭਵਨ ਵਿੱਚ ਕਿੰਨੇ ਕਮਰੇ ਹਨ ਅਤੇ ਇਹ ਪੰਜਾਬ ਦੀਆਂ ਸਾਰੀਆਂ ਨਗਰ ਕੌਂਸਲਾ, ਨਗਰ ਸੁਧਾਰ ਟਰੱਸਟਾਂ, ਮਿਉਂਸਪਲ ਕਾਰਪੋਰੇਸ਼ਨਾਂ ਦੇ ਚੁਣੇ ਹੋਏ ਨੁਮਾਇੰਦਿਆਂ ਨੂੰ ਕਿਸ ਪ੍ਰਕਾਰ ਅਲਾਟ ਕੀਤੇ ਜਾਂਦੇ ਹਨ? ਇਸ ਸਬੰਧੀ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸਰਕਾਰ ਪਾਸੋਂ ਪੱਤਰ ਲਿਖ ਕੇ ਜਾਣਕਾਰੀ ਲੈ ਲਈ ਜਾਵੇ।

ਸ੍ਰੀ ਮਲਕੀਤ ਸਿੰਘ, ਕੌਂਸਲਰ ਨੇ ਕਿਹਾ ਕਿ ਪਿਛਲੀ ਮੀਟਿੰਗ ਵਿੱਚ 10.50 ਲੱਖ ਰੁਪਏ ਦੇ ਕੰਮਾਂ ਲਈ ਟੈਂਡਰ ਪਾਸ ਕੀਤਾ ਗਿਆ ਸੀ। ਪਰੰਤੂ ਚਾਰ ਟਰਾਲੀਆਂ ਮਿੱਟੀ ਸੁੱਟਣ ਤੋਂ ਬਾਅਦ ਕੰਮ ਬੰਦ ਕਰ ਦਿੱਤਾ ਗਿਆ। ਉਹਨਾਂ ਜਲਦ ਤੋਂ ਜਲਦ ਕੰਮ ਚਲਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਜਗ੍ਹਾ ਪੀ.ਡਬਲਿਊ.ਡੀ. (ਬੀ.ਐਂਡ ਆਰ) ਦੀ ਹੋਣ ਕਾਰਨ ਕੰਮ ਨਹੀਂ ਕੀਤਾ ਜਾ ਸਕਿਆ। ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇਸ ਸਬੰਧੀ ਨਗਰ ਨਿਗਮ ਐਕਟ 1976 ਦੀ ਧਾਰਾ 82(3) ਅਧੀਨ ਮੰਨਜ਼ੂਰੀ ਲੈ ਕੇ ਨਿਗਮ ਵੱਲੋਂ ਕੰਮ ਕਰਵਾਇਆ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਜੇਕਰ ਦੂਸਰਿਆਂ ਮਹਿਕਮਿਆਂ ਵੱਲੋਂ ਕੀਤਾ ਜਾਣ ਵਾਲਾ ਕੰਮ ਨਿਗਮ ਵੱਲੋਂ ਧਾਰਾ 82(3) ਅਧੀਨ ਮੰਨਜ਼ੂਰੀਆਂ ਲੈ ਕੇ ਕਰਵਾਇਆ ਜਾਵੇਗਾ, ਤਾਂ ਦੂਸਰੇ ਮਹਿਕਮੇ ਕੰਮ ਕਰਨਾ ਛੱਡ ਜਾਣਗੇ।

ਸ਼੍ਰੀਮਤੀ ਰਾਜਪ੍ਰੀਤ ਕੋਰ ਬਰਾੜ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿਖੇ ਹਰਬੰਸ ਨਗਰ ਦੀ ਗਲੀ ਨੰਬਰ 6 ਵਿੱਚ ਪਾਣੀ ਦੀ ਨਿਕਾਸੀ ਲਈ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਇੰਜਣ ਨਹੀਂ ਲਗਾਇਆ ਗਿਆ। ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇੰਜਣ ਲਗਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਇੰਜਣ ਲਗਾਉਣ ਦੀ ਹਦਾਇਤ ਕੀਤੀ।

ਸ਼੍ਰੀ ਸੁਖਦੇਵ ਸਿੰਘ ਬਰਾੜ, ਕੌਂਸਲਰ ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਨ ਖਾਤਰ ਵਰਕ ਆਰਡਰ ਹੋ ਗਏ ਸਨ। ਪੱਥਰ ਵੀ ਸੁੱਟ ਦਿੱਤਾ ਗਿਆ ਸੀ। ਪਰੰਤੂ ਪੱਥਰ ਵਾਪਸ ਚੁੱਕ ਕੇ ਲੈ ਗਏ। ਉਹਨਾਂ ਆਪਣੇ ਵਾਰਡ ਵਿੱਚ ਜਲਦ ਤੋਂ ਜਲਦ ਵਿਕਾਸ ਦੇ ਕੰਮ ਕਰਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜੋ ਕੰਮ ਸਰਕਾਰ ਵੱਲੋਂ ਕੈਂਸਲ ਕੀਤੇ ਗਏ ਹਨ, ਉਹਨਾਂ ਦੀ ਅਲਾਟਮੈਂਟ ਕਰਨ ਖਾਤਰ ਸਰਕਾਰ ਨੂੰ ਪੱਤਰ ਲਿਖਿਆ ਜਾਵੇ ਅਤੇ ਮਿਉਂਸਪਲ ਫੰਡਾਂ ਵਿੱਚੋਂ ਬਣਦੇ ਵਿਕਾਸ ਦੇ ਕੰਮ ਜਲਦ ਤੋਂ ਜਲਦ ਕਰਵਾਏ ਜਾਣ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਆਵਾਰਾ ਕੁੱਤਿਆਂ ਦੀ ਬਹੁਤ ਜਿਆਦਾ ਸਮੱਸਿਆ ਹੈ। ਲੋਕਾਂ ਵੱਲੋਂ ਵਾਰ-ਵਾਰ ਸ਼ਿਕਾਇਤਾਂ ਕੀਤੀਆਂ ਜਾ ਰਹੀਆਂ ਹਨ। ਇਸਤੇ ਮੇਅਰ ਸਾਹਿਬ ਨੇ ਕਿਹਾ ਕਿ ਇਹ ਸਾਰੇ ਸ਼ਹਿਰ ਦੀ ਹੀ ਸਮੱਸਿਆ ਹੈ। ਉਹਨਾਂ ਸੁਝਾਅ ਦਿੱਤਾ ਕਿ ਜਿਸ ਤਰ੍ਹਾਂ ਬੇਸਹਾਰਾ ਪਸ਼ੂਆਂ ਨੂੰ ਗਊਸ਼ਾਲਾਵਾਂ ਵਿੱਚ ਰੱਖਣ ਖਾਤਰ ਨਿਗਮ ਵੱਲੋਂ ਡਾਇਟ ਮਨੀ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਹੀ ਆਵਾਰਾ ਕੁੱਤਿਆਂ ਨੂੰ ਰੱਖਣ ਲਈ ਐਕਸਪ੍ਰੈਸ਼ਨ ਆਫ ਇੰਟਰਸਟ ਮੰਗ ਲਿਆ ਜਾਵੇ। ਇਹਨਾਂ ਨੂੰ ਸਾਂਭਣ ਖਾਤਰ ਨਿਗਮ ਵੱਲੋਂ ਬਣਦੀ ਡਾਇਟ ਮਨੀ ਦੇਣ ਲਈ ਤਜਵੀਜ ਤਿਆਰ ਕਰਕੇ ਹਾਊਸ ਵਿੱਚ ਪੇਸ਼ ਕੀਤੀ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਡੇਢ ਸਾਲ ਤੋਂ ਪਾਣੀ ਦੀਆਂ ਪਾਈਪਾਂ ਪਾ ਦਿੱਤੀਆਂ ਗਈਆਂ ਹਨ, ਅਤੇ ਪਾਣੀ ਵਾਲੀ ਟੈਂਕੀ ਵੀ ਬਣਾ ਦਿੱਤੀ ਗਈ ਹੈ। ਪਰੰਤੂ ਅਜੇ ਤੱਕ ਗਲੀ ਨੰ: 4,8 ਅਤੇ 28 ਵਿੱਚ ਨਵੀਆਂ ਪਾਈਪਾਂ ਨਹੀਂ ਪਾਈਆਂ ਗਈਆਂ। ਇਸਤੋਂ ਇਲਾਵਾ ਮੇਨ ਸੜ੍ਹਕ ਬਣਨ ਨਾਲ ਲਾਲ ਸਿੰਘ ਨਗਰ ਦੀਆਂ ਕੁੱਝ ਗਲੀਆਂ ਜਿਵੇਂ ਕਿ ਗਲੀ ਨੰ: 14,18,10 ਅਤੇ 7 ਨੀਵੀਆਂ ਹੋ ਗਈਆਂ ਹਨ।

ਉਹਨਾਂ ਇਹਨਾਂ ਗਲੀਆਂ ਨੂੰ ਉੱਚਾ ਚੁੱਕ ਕੇ ਬਨਾਉਣ ਦੀ ਮੰਗ ਕੀਤੀ। ਉਹਨਾਂ ਆਪਣੇ ਏਰੀਏ ਵਿੱਚ ਜਲਦ ਤੋਂ ਜਲਦ ਪ੍ਰੀਮਿਕਸ ਪਾਉਣ ਦੀ ਵੀ ਮੰਗ ਕੀਤੀ।

ਸ਼੍ਰੀ ਹਰਜਿੰਦਰ ਸਿੰਘ ਟੋਨੀ, ਕੌਂਸਲਰ ਨੇ ਕਿਹਾ ਕਿ ਕਈ ਲੋਕਾਂ ਵੱਲੋਂ ਨਰੂਆਣਾ ਰੋਡ ਤੇ ਅਣਅਧਿਕਾਰਤ ਤੋਰ ਤੇ ਫੁੱਟਪਾਥ ਰੋਕ ਕੇ 20-20 ਫੁੱਟ ਦੇ ਥੜੇ ਬਣਾਏ ਗਏ ਹਨ। ਉਹਨਾਂ ਮੰਗ ਕੀਤੀ ਕਿ ਇਹਨਾਂ ਥੜਿਆਂ ਨੂੰ ਪੁੱਟ ਕੇ ਸੜ੍ਹਕ ਪੂਰੀ ਕੀਤੀ ਜਾਵੇ। ਇਸਤੇ ਦਸਿਆ ਗਿਆ ਕਿ ਇਹ ਸਾਰੇ ਸ਼ਹਿਰ ਦੀ ਸਮੱਸਿਆ ਬਣੀ ਹੋਈ ਹੈ। ਇਸ ਸਮੱਸਿਆ ਦੇ ਹੱਲ ਲਈ ਸੰਯੁਕਤ ਕਮਿਸ਼ਨਰ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਤਜਵੀਜ ਤਿਆਰ ਕਰਕੇ ਹਾਊਸ ਵਿੱਚ ਪੇਸ਼ ਕੀਤੀ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਰੋਜ਼ ਗਾਰਡਨ ਤੋਂ ਲੈ ਕੇ ਕੈਂਟ ਤੱਕ ਪੁੱਲ ਬਣਾਏ ਜਾ ਰਹੇ ਹਨ। ਇਸ ਸੜ੍ਹਕ ਦੇ ਆਲੇ-ਦੁਆਲੇ ਤਿੰਨ ਚਾਰ ਵਾਰਡ ਪੈਂਦੇ ਹਨ ਅਤੇ 30000 ਦੇ ਕਰੀਬ ਇਹਨਾਂ ਵਾਰਡਾਂ ਦੀ ਆਬਾਦੀ ਹੈ। ਪੁੱਲ ਬਣਨ ਨਾਲ ਇਹ ਲੋਕ ਸ਼ਹਿਰ ਨਾਲੋਂ ਕੱਟ ਜਾਣਗੇ। ਉਹਨਾਂ ਅੰਡਰ ਬਰਿਜ ਜਾਂ ਓਵਰ ਬਰਿਜ ਬਣਾ ਕੇ ਇੰਨ੍ਹਾਂ ਵਾਰਡਾਂ ਨੂੰ ਸ਼ਹਿਰ ਨਾਲ ਜੋੜ੍ਹਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਇਸ ਸਬੰਧੀ ਨੈਸ਼ਨਲ ਹਾਈਵੇ ਬਨਾਉਣ ਵਾਲਿਆਂ ਨਾਲ ਮੀਟਿੰਗ ਕੀਤੀ ਗਈ ਸੀ, ਜਿਸ ਵਿੱਚ ਉਹਨਾਂ ਵੱਲੋਂ ਦਸਿਆ ਗਿਆ ਸੀ ਕਿ ਗੁਰਦੁਆਰਾ ਸਾਹਿਬ ਅਤੇ ਭੱਟੀ ਰੋਡ ਤੇ ਅਤੇ ਜਿੱਥੇ ਵੀ ਜਿਆਦਾ ਆਬਾਦੀ ਹੋਵੇਗੀ, ਉਸ ਜਗ੍ਹਾ ਕੱਟ ਦਿੱਤੇ ਜਾਣਗੇ, ਤਾਂ ਜੋ ਆਮ ਪਬਲਿਕ ਨੂੰ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ।

ਸ਼੍ਰੀਮਤੀ ਜਸਵੀਰ ਕੋਰ, ਕੌਂਸਲਰ ਨੇ ਕਿਹਾ ਕਿ ਸ਼ਕਤੀ ਵਿਹਾਰ ਦੇ ਇਲਾਕੇ ਵਿੱਚ ਪਾਣੀ ਅਤੇ ਸੀਵਰ ਦੀ ਸੁਵਿਧਾ ਦਿੱਤੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਸਫਾਈ ਲਈ ਮੁਲਾਜ਼ਮ ਘੱਟ ਹੋਣ ਕਾਰਨ ਸਫਾਈ ਦੇ ਕੰਮ ਵਿੱਚ ਵੀ ਦਿੱਕਤ ਆ ਰਹੀ ਹੈ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਮਾਲ ਰੋਡ ਅਤੇ ਅਮਰੀਕ ਸਿੰਘ ਰੋਡ ਤੇ ਪੈਚ ਵਰਕ ਕੀਤਾ ਜਾਵੇ। ਉਹਨਾਂ ਆਪਣੇ ਵਾਰਡ ਵਿੱਚ ਬਾਰਸ਼ਾਂ ਤੋਂ ਪਹਿਲਾਂ-ਪਹਿਲਾਂ ਡੀ-ਸਿਲਟਿੰਗ ਕਰਵਾਉਣ ਦੀ ਵੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਜ਼ੋਗਰ ਪਾਰਕ ਵਿੱਚ ਇੱਕ ਹੋਰ ਬਾਥਰੂਮ ਬਣਾਇਆ ਜਾਵੇ। ਇਸਤੇ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਸ਼ਿਵ ਕਲੋਨੀ, ਵਾਰਡ ਨੰਬਰ 22 ਵਿੱਚ ਪੱਥਰ ਪੈ ਚੁੱਕਿਆ ਹੈ। ਉਹਨਾਂ ਜਲਦ ਤੋਂ ਜਲਦ ਪ੍ਰੀਮਿਕਸ ਪਵਾਉਣ ਦੀ ਮੰਗ ਕੀਤੀ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਦਸਿਆ ਕਿ ਮੇਨ ਅਜੀਤ ਰੋਡ ਤੇ ਪਾਣੀ ਵਾਲੀ ਟੈਂਕੀ ਪਾਸ ਗੁਰਦੁਆਰਾ ਸਾਹਿਬ ਕੋਲ ਇੱਕ ਪਾਸੇ ਤਾਂ ਸਾਂਈ ਮੰਦਿਰ ਹੈ ਅਤੇ ਦੂਸਰੇ ਪਾਸੇ ਗੁਰਦੁਆਰਾ ਸਾਹਿਬ। ਇਹਨਾਂ ਦੋਹਾਂ ਦੇ ਵਿਚਾਲੇ 200 ਫੁੱਟ ਦਾ ਟੋਟਾ ਬਣਨ ਵਾਲਾ ਹੈ। ਉਹਨਾਂ ਜਲਦ ਤੋਂ ਜਲਦ ਇਹ ਟੋਟਾ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਜਲਦ ਤੋਂ ਜਲਦ ਡੀ-ਸਿਲਟਿੰਗ ਕਰਾਈ ਜਾਵੇ ਅਤੇ ਰੋਡ ਜਾਲੀਆਂ ਸਾਫ ਕੀਤੀਆਂ ਜਾਣ।

ਸ਼੍ਰੀਮਤੀ ਸ਼ਿੰਦਰ ਕੋਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕੰਮ ਕਰਾਉਣ ਲਈ ਜੋ ਟੈਂਡਰ ਲਗਾਇਆ ਗਿਆ ਸੀ, ਉਸ ਸਬੰਧੀ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ। ਇਸਤੇ ਮੇਅਰ ਸਾਹਿਬ ਨੇ ਦਸਿਆ ਕਿ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਨਾ ਕਰਨ ਕਾਰਨ ਬਹੁਤ ਦਿੱਕਤ ਆ ਰਹੀ ਹੈ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚੋਂ ਮਲਬਾ ਚੁੱਕ ਕੇ ਸੁੱਟਣ ਸਬੰਧੀ ਟ੍ਰੈਕਟਰ-ਟਰਾਲੀਆਂ ਵਾਲਿਆਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਕੋਈ ਠੋਸ ਪਾਲਿਸੀ ਬਨਾਉਣ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਨਗਰ ਨਿਗਮ ਲੁਧਿਆਣਾ ਦੀ ਤਰਜ਼ ਤੇ ਨਗਰ ਨਿਗਮ ਬਠਿੰਡਾ ਵਿਖੇ ਮਲਬਾ ਚੁੱਕਣ ਅਤੇ ਸੁੱਟਣ ਸਬੰਧੀ ਪ੍ਰੋਜੈਕਟ ਤਿਆਰ ਕਰਨ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਮਾਡਲ ਟਾਊਨ ਮੰਦਿਰ ਤੇ ਗੁਰਦੁਆਰਾ ਸਾਹਿਬ ਪਾਸ ਸੜ੍ਹਕਾਂ ਟੁੱਟੀਆਂ ਹੋਈਆਂ ਹਨ। ਉਹਨਾਂ ਜਲਦ ਤੋਂ ਜਲਦ ਉਕਤ ਜਗ੍ਹਾ ਤੇ ਸੜ੍ਹਕਾਂ ਬਨਾਉਣ ਦੀ ਮੰਗ ਕੀਤੀ।

ਸ਼੍ਰੀ ਦਰਸ਼ਨ ਕੁਮਾਰ, ਕੌਂਸਲਰ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਤੋਂ ਉਹਨਾਂ ਦੇ ਵਾਰਡ ਵਿੱਚ ਡੀ-ਸਿਲਟਿੰਗ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਤ੍ਰਿਵੇਣੀ ਕੰਪਨੀ ਵੱਲੋਂ ਡੀ-ਸਿਲਟਿੰਗ ਕਰਾਉਣ ਸਬੰਧੀ ਸ਼ਡਿਊਲ ਜਲਦ ਤੋਂ ਜਲਦ ਹਰੇਕ ਕੌਂਸਲਰ ਸਾਹਿਬਾਨ ਨੂੰ ਦਿੱਤਾ ਜਾਵੇ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਡੀ-ਸਿਲਟਿੰਗ ਕਰਨ ਸਬੰਧੀ ਸ਼ਡਿਊਲ ਹਰੇਕ ਕੌਂਸਲਰ ਸਾਹਿਬਾਨ ਨੂੰ ਦਿੱਤਾ ਜਾਵੇ।

ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਹਰ ਕੌਂਸਲਰ ਚਾਹੁੰਦਾ ਹੈ ਕਿ ਉਹਨਾਂ ਦੀ ਪੈਨਸ਼ਨ ਲਗਾਈ ਜਾਵੇ। ਇਸਤੇ ਮੇਅਰ ਸਾਹਿਬ ਨੇ ਕਿਹਾ ਕਿ ਇਸਨੂੰ ਏਜੰਡਾ ਆਈਟਮ ਬਣਾ ਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਰਖਿਆ ਜਾਵੇ, ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ:** 1

ਮੀਟਿੰਗ ਮਿਤੀ 03.01.2017 ਅਤੇ ਬਜਟ ਮੀਟਿੰਗ ਮਿਤੀ 31.03.2017 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 2: ਮੀਟਿੰਗ ਮਿਤੀ 03.01.2017 ਅਤੇ ਬਜਟ ਮੀਟਿੰਗ ਮਿਤੀ 31.03.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਟਿਪਣੀ ਦੀ ਲੋੜ ਨਹੀਂ ਹੈ।** |

**ਏਜੰਡਾ ਨੰਬਰ:** 2

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਪੰਜਾਬ ਸਰਕਾਰ ਕਾਨੂੰਨੀ ਅਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਵਲੋਂ ਨੋਟੀਫਿਕੇਸ਼ਨ ਮਿਤੀ 24-12-2016 ਜਾਰੀ ਕੀਤੀ ਗਈ ਹੈ। ਇਸ ਪਾਲਿਸੀ ਨੂੰ ਪ੍ਰਸੋਨਲ ਵਿਭਾਗ ਵਲੋਂ ਆਪਣੇ ਪੱਤਰ ਨੰਬਰ 11/28/2016-4ਪੀਪੀ3/1591 ਮਿਤੀ 27-12-2016 ਰਾਹੀਂ ਫਾਰਵਰਡ ਕੀਤਾ ਗਿਆ ਹੈ। ਇਸ ਅਨੁਸਾਰ ਗਰੁੱਪ ਡੀ ਦੇ ਉਹ ਦਿਹਾੜੀਦਾਰ ਠੇਕੇ ਤੇ ਅਤੇ ਵਰਕ ਚਾਰਜ਼ ਰੈਗੂਲਰ ਕੀਤੇ ਜਾਣੇ ਹਨ ਜਿੰਨਾਂ ਨੂੰ ਲਗਾਤਾਰ ਕੰਮ ਕਰਦੇ 3 ਸਾਲ ਤੋਂ ਵੱਧ ਸਮਾਂ ਹੋ ਚੁਕਿਆ ਹੈ। ਇਸ ਨੂੰ ਸਥਾਨਕ ਸਰਕਾਰ ਵਿਭਾਗ ਵਲੋਂ ਆਪਣੇ ਪੱਤਰ ਪਿੱਠ ਅੰਕਣ ਨੰ:5/110/2016-4ਸਸ4/900118/1 ਮਿਤੀ 28-12-2016 ਰਾਹੀਂ ਪਿੱਠ ਅੰਕਿਤ ਕੀਤਾ ਗਿਆ। ਇਸ ਦੀਆਂ ਸ਼ਰਤਾਂ ਹਨ:-

1. Fulfill the eligibility with regard to minimum and maximum age limit
2. Possess requisite educational qualification and experience asspecified for the post under the service rules at the time of initial appointment
3. Satisfactiory verification of antecedents
4. Have good character and conduct
5. Have not been indicated or undergoing any civil, criminal or departmental proceedings

ਇਹਨਾਂ ਅਨੁਸਾਰ ਨਗਰ ਨਿਗਮ ਵਿਖੇ ਕੰਮ ਕਰ ਰਹੇ ਦਿਹਾੜੀਦਾਰ ਸਫਾਈ ਸੇਵਕ ਅਤੇ ਫਾਇਰ ਬ੍ਰਿਗੇਡ ਤੇ ਕੰਮ ਕਰ ਰਹੇ ਫਾਇਰ ਮੈਨ ਅਤੇ ਫਾਇਰ ਡਰਾਈਵਰ ਇਹ ਯੋਗਤਾਵਾਂ ਪੂਰੀਆਂ ਕਰਦੇ ਹਨ।ਇਹਨਾਂ ਦੇ ਨਾਮ ਹੇਠ ਲਿਖੇ ਅਨੁਸਾਰ ਹੈ:-

1. ਰਿੰਕੂ ਪੁੱ: ਕਿਸ਼ੋਰੀ
2. ਅਮੀਨਾ ਪੱ: ਪੱਪੂ
3. ਅੰਕਿਤ ਕੁਮਾਰ ਪੁੱ: ਪ੍ਰੇਮ ਪ੍ਰਕਾਸ਼
4. ਸਰੋਜ ਪੁੱ: ਬਲਦੇਵ
5. ਨੀਤੂ ਰਾਣੀ ਪੁਤਰੀ ਦੀਪਕ ਕੁਮਾਰ
6. ਗਬਰ ਸਿੰਘ ਪੁੱ: ਸੁਲਤਾਨ
7. ਮੁਕੇਸ਼ ਕੁਮਾਰ ਪੁੱ: ਸਿਰੀ ਰਾਮ
8. ਰੋਸ਼ਨ ਲਾਲ ਪੁੱ: ਬਿਸ਼ੰਬਰ ਦਾਸ
9. ਸੋਨੂੰ ਪੁੱ: ਝਕਾਰੀਆ ਰਾਮ
10. ਰਾਮ ਪ੍ਰਸ਼ਾਦ ਪੁੱ: ਜਵਾਲੀਆ
11. ਰਾਕੇਸ਼ ਪੁੱ: ਰਾਮ ਦਿਆਲ
12. ਸੁਰੇਸ਼ ਪੁੱ: ਅਮਰ

13. ਨਾਨਕ ਪੁੱ: ਕਿਸ਼ਨ
14. ਭਗਵਾਨੀ ਪੁੱਤਰੀ ਰਮੇਸ਼ ਕੁਮਾਰ
15. ਸੁਨੀਤਾ ਪੁੱਤਰੀ ਰਾਮ ਪਾਲ
16. ਰਾਣੀ ਪੁੱਤਰੀ ਹਰੀ ਓਮ
17. ਜੀਵਨ ਪੁੱ: ਸ਼ਾਮ ਲਾਲ
18. ਰਾਜ ਕੁਮਾਰ ਪੁੱ: ਗੋਕੁਲ
19. ਮੰਜੂ ਪੁੱਤਰੀ ਭਗਵਾਨ ਦਾਸ
20. ਭਰਤ ਕੁਮਾਰ ਪੁੱ: ਭਗਵਾਨ ਦਾਸ
21. ਸੰਜੇ ਪੁ: ਬਦਲੂ ਰਾਮ
22. ਵਿਸ਼ਮਿੰਦਰ ਪੁ: ਪੂਰਨ ਰਾਮ
23. ਪ੍ਰਲਾਦ ਪੁੱ: ਹਰੀ ਰਾਮ
24. ਰਾਮ ਸਿੰਘ ਪੁ: ਉਮੇਦ
25. ਸੁਰੇਸ਼ ਪੁੱ: ਕੈਲਾਸ਼
26. ਰਿਸ਼ੀ ਪੁੱ: ਰਘੂਵੀਰ
27. ਪੂਨਮ ਪੁਤਰੀ ਰਵੀ
28. ਵਿਕੀ ਪੁ: ਰੋਸ਼ਨ ਲਾਲ
29. ਸੀਮਾ ਪੁੱ: ਬੰਸੂ
30. ਸੂਰਜ ਪੁੱ: ਬਲਰਾਜ
31. ਸ਼ੇਖਰ ਪੁ: ਸੋਮ ਚੰਦ
32. ਅਮਿਤ ਕੁਮਾਰ ਪੁੱ: ਦਿਆਲ ਚੰਦ
33. ਮੁਕੇਸ਼ ਪੁੱ: ਭੋਲਾ ਰਾਮ
34. ਨੰਨੂ ਪੁੱ: ਸ਼ਿਰੀ ਰਾਮ
35. ਵਿਜੈ ਕੁਮਾਰ ਪੁ: ਕਿਸ਼ਨੂੰ ਰਾਮ
36. ਮੋਹਨਾ ਪੁੱ: ਬਿਸ਼ ਰਾਮ
37. ਦੀਪੂ ਪੁੱ: ਅਨਾਰ ਸਿੰਘ
38. ਸੁਨੀਤਾ ਪੁਤਰੀ ਵਿਨੋਦ
39. ਬਿਮਲਾ ਪੁਤਰੀ ਜਗਦੀਸ਼
40. ਰੋਹਤਾਸ਼ ਪੁ: ਬੱਬੂ ਲਾਲ
41. ਕਾਲੂ ਰਾਮ ਪੁ: ਰਾਮ ਚਰਨ
42. ਮੋਹਨ ਪਾਲ ਪੁ: ਨਰੈਣ
43. ਬਿੱਟੂ ਪੁ: ਕੰਸੀ ਰਾਮ
44. ਲਛਮੀ ਪੁਤਰੀ ਤਾਰਾ ਚੰਦ
45. ਰਜਨੀ ਪੁਤਰੀ ਵਿਨੋਦ ਕੁਮਾਰ
46. ਸੰਜੇ ਪੁ:ਮਦਨ ਲਾਲ
47. ਬੰਟੀ ਪੁ: ਰਾਧੇ ਸ਼ਾਮ
48. ਵੀਰਾ ਪੁੱ:ਰਜਿੰਦਰ
49. ਰਜਿੰਦਰ ਪੁੱ: ਤਾਰਾ ਚੰਦ
50. ਸੁਸ਼ੀਲ ਪੁ: ਓਮ ਪ੍ਰਕਾਸ਼
51. ਰਵੀ ਪੁ: ਰਜਿੰਦਰ
52. ਬੰਟੀ ਪੁ: ਬੱਬੂ ਰਾਮ
53. ਮੀਰਾ ਪੁਤਰੀ ਪੱਪੂ
54. ਪੱਪੂ ਪੁ: ਕਨੀ ਰਾਮ
55. ਦੇਵਾ ਪੁੱ: ਲਛਮਣ
56. ਮੁਕੇਸ਼ ਪੁ: ਬੱਬੂ ਰਾਮ
57. ਰੀਤੂ ਪੁਤਰੀ ਸੁਰੇਸ਼ ਕੁਮਾਰ

58. ਅਸ਼ੋਕ ਪੁੱ: ਰਾਮ ਚੰਦ
59. ਰਜਿੰਦਰ ਪੁੱ:ਸ਼੍ਰੀ ਚੰਦ
60. ਫੂਲਵਤੀ ਪੁਤਰੀ ਰਜਿੰਦਰ
61. ਸੰਨੀ ਪੁੱ: ਰਜਿੰਦਰ
62. ਜੋਨੀ ਪੁੱ: ਰਾਮੂ
63. ਜਗਨ ਨਾਥ ਪੁੱ: ਸੁੱਖੀ ਰਾਮ
64. ਪੱਪੂ ਪੁੱ: ਨਨੂ ਰਾਮ
65. ਰੀਤੂ ਪੁੱਤਰੀ ਕਾਕੂ
66. ਅਜੈ ਕੁਮਾਰ ਪੁੱ: ਭੂਪ ਸਿੰਘ
67. ਸੂਰਤ ਸਿੰਘ ਪੁੱ: ਰਮੇਸ਼ ਕੁਮਾਰ
68. ਹਰੀ ਕਿਸ਼ਨ ਪੁੱ: ਮੰਗੇ ਰਾਮ
69. ਬਾਲਾ ਪੁਤਰੀ ਹਰੀ ਕਿਸ਼ਨ
70. ਸੋਨੂੰ ਪੁੱ:ਬੱਬੂ ਰਾਮ
71. ਕ੍ਰਿਸ਼ਨ ਪਾਲ ਸਿੰਘ ਪੁੱ: ਰਮੇਸ਼ ਪਾਲ
72. ਕਾਲੂ ਰਾਮ ਪੁੱ: ਰਾਮ ਖਿਲਾੜੀ
73. ਸਪਨਾ ਪੁੱਤਰੀ ਰਵੀ ਕੁਮਾਰ
74. ਰਾਜੂ ਪੁੱਤਰ ਸ਼ਾਮ ਲਾਲ
75. ਸੰਜੇ ਪੁੱ: ਸੋਹਨ ਲਾਲ
76. ਸੁਰੇਸ਼ ਪੁ: ਮਦਨ ਲਾਲ
77. ਨਾਨਕ ਪੁ: ਫਿਰੋਜੀ ਰਾਮ
78. ਰਮਨ ਕੁਮਾਰ ਪੁੱ: ਗੁਰੁ ਨਰਾਇਣ
79. ਨਿਰਮਲਾ ਦੇਵੀ ਪੁਤਰੀ ਬਿਸ਼ੰਭਰ ਦਾਸ
80. ਸੰਤੋਸ਼ ਰਾਣੀ ਪੁਤਰੀ ਪਵਨ ਕੁਮਾਰ
81. ਆਸ਼ਾ ਰਾਣੀ ਪੁਤਰੀ ਰਾਜ ਕੁਮਾਰ
82. ਪਵਨ ਕੁਮਾਰ ਪੁ: ਮਨੋਹਰ ਲਾਲ
83. ਅਜੈ ਕੁਮਾਰ ਪੁ: ਮੋਹਨ ਲਾਲ
84. ਸੁਨੀਲ ਕੁਮਾਰ ਪੁ: ਦੀਪ ਚੰਦ
85. ਸੋਨੂੰ ਪੁ: ਰਾਮ ਕੁਮਾਰ
86. ਮੁਕੇਸ਼ ਕੁਮਾਰ ਪੁ: ਰਾਮ ਸਿੰਘ
87. ਸੁਰੇਸ਼ ਕੁਮਾਰ ਪੁ: ਭੋਰੇ ਲਾਲ
88. ਮੁਕੇਸ਼ ਕੁਮਾਰ ਪੁ: ਰਾਮਜੀ ਲਾਲ
89. ਦੀਪਕ ਕੁਮਾਰ ਪੁ: ਨੰਦ ਲਾਲ
90. ਵਿਨੋਦ ਕੁਮਾਰ ਪੁ: ਮਾਂਗੇ ਰਾਮ
91. ਸੋਨੂੰ ਪੁ: ਬਲਜੀਤ
92. ਰਾਜੂ ਪੁ: ਪ੍ਰਹਲਾਦ
93. ਵਿਜੈ ਪੁ: ਫੂਲ ਚੰਦ
94. ਸੋਨੀ ਪੁਤਰੀ ਮੰਗਤ ਰਾਮ
95. ਸੰਜੇ ਪੁ: ਰਾਮ ਚੰਦ
96. ਮੁਕੇਸ਼ ਕੁਮਾਰ ਪੁੱ: ਘਨਈਆ ਰਾਮ
97. ਰਜਿੰਦਰ ਪੁੱ: ਫਕੀਰ
98. ਸੰਦੀਪ ਪੁੱ: ਨੰਦ ਲਾਲ
99. ਸ਼ਸ਼ੀ ਪੁੱ: ਸੁਲਤਾਨ
100. ਸ਼ਿਵ ਕੁਮਾਰ ਪੁੱ: ਮਿੱਠਨ ਲਾਲ
101. ਕਿਰਨਾ ਪੁਤਰੀ ਰੂਪ ਚੰਦ
102. ਸੰਤੋਸ਼ ਰਾਣੀ ਪੁਤਰੀ ਅਸ਼ੋਕ ਕੁਮਾਰ

103. ਰਵੀ ਕੁਮਾਰ ਪੁੱ: ਸ਼ੇਰ ਸਿੰਘ
104. ਰਜਨੀ ਪੁਤਰੀ ਨਾਨਕ ਚੰਦ
105. ਰਵੀ ਕੁਮਾਰ ਪੁੱ: ਰਾਜ ਕੁਮਾਰ
106. ਜੀਵਨ ਪੁੱ: ਬਾਬੂ ਲਾਲ
107. ਬਿਸ਼ਨ ਪੁ: ਸ਼ਾਮ ਲਾਲ
108. ਸੰਤਰਾ ਦੇਵੀ ਪੁਤਰੀ ਬਜਿੰਦਰ
109. ਵੀਰੂ ਪੁੱ: ਲੀਲੂ ਰਾਮ
110. ਮੋਨੂੰ ਪੁ: ਰਾਜ ਕੁਮਾਰ
111. ਭੂਰਾ ਸਿੰਘ ਪੁ: ਹਰਬੰਸ
112. ਦੀਪਕ ਪੁ: ਪ੍ਰੇਮ ਚੰਦ
113. ਜਗਦੀਸ਼ ਪੁ: ਸੁਕਨ ਰਾਮ
114. ਰਿੰਕੂ ਪੁ: ਵਿੱਕੀ ਕੁਮਾਰ
115. ਕਮਲਾ ਦੇਵੀ ਪੁਤਰੀ ਜੱਗੀ
116. ਬੂਗੀ ਰਾਮ ਪੁ: ਹਰੀ ਰਾਮ
117. ਵੀਨਾ ਪੁਤਰੀ ਸ਼ੇਰ ਸਿੰਘ
118. ਸੰਨੂ ਰਾਮ ਪੁੱ: ਧਰਮ ਚੰਦ
119. ਗੀਤਾ ਰਾਣੀ ਪੁਤਰੀ ਤੇਜ਼ ਸਿੰਘ
120. ਸੰਤਰਾ ਪੁਤਰੀ ਗਰੀਬਾ
121. ਰਾਜੂ ਪੁੱ: ਸਰਬਨ
122. ਰਾਕੇਸ਼ ਪੁੱ: ਬਜਿੰਦਰ
123. ਅਮਿਤ ਕੁਮਾਰ ਪੁੱ: ਓਮ ਪ੍ਰਕਾਸ਼
124. ਦੀਪਕ ਪੁੱ: ਸੁਭਾਸ਼
125. ਰਾਜੂ ਪੁੱ: ਮਨੋਹਰ ਲਾਲ
126. ਗੀਤਾ ਰਾਣੀ ਪੁਤਰੀ ਮਗਨ
127. ਸੰਨੀ ਪੁ: ਬਜਿੰਦਰ
128. ਗੀਤਾ ਰਾਣੀ ਪੁਤਰੀ ਵਿਨੋਦ ਕੁਮਾਰ
129. ਸੋਮ ਚੰਦ ਪੁੱ: ਬਾਬੂ ਰਾਮ
130. ਰਤਨ ਪੁੱ: ਪੂਨੀਆ ਰਾਮ
131. ਸੰਨੀ ਪੁ: ਰਮੇਸ਼
132. ਰੋਹਿਤ ਪੁੱ: ਰੋਸ਼ਨ ਲਾਲ
133. ਦਰਸ਼ਨ ਪੁੱ: ਸ਼ੇਰ ਸਿੰਘ
134. ਹਰਕਮਲ ਬੇਲਦਾਰ
135. ਹਰਪਾਲ ਸਿੰਘ ਫਾਇਰਮੈਨ
136. ਸੁਖਵਿੰਦਰ ਸਿੰਘ ਫਾਇਰਮੈਨ
137. ਲਖਵੀਰ ਸਿੰਘ, ਫਾਇਰਮੈਨ
138. ਬਲਕਰਨ ਸਿੰਘ, ਫਾਇਰਮੈਨ
139. ਯਾਦਵਿੰਦਰ ਸਿੰਘ, ਫਾਇਰਮੈਨ
140. ਹਰਮਨਦੀਪ ਸਿੰਘ, ਫਾਇਰਮੈਨ
141. ਦੇਵ ਸਿੰਘ, ਫਾਇਰਮੈਨ
142. ਸੁਖਮੰਦਰ ਸਿੰਘ, ਫਾਇਰ ਡਰਾਈਵਰ
143. ਗੁਰਦਿੱਤ ਸਿੰਘ, ਫਾਇਰ ਡਰਾਈਵਰ
144. ਨਮਿਸਤਪਾਲ ਸਿੰਘ, ਫਾਇਰ ਡਰਾਈਵਰ
145. ਜਸਕਰਨ ਸਿੰਘ, ਫਾਇਰ ਡਰਾਈਵਰ
146. ਬਲਜੀਤ ਸਿੰਘ, ਫਾਇਰ ਡਰਾਈਵਰ

ਜੋ ਸਫਾਈ ਸੇਵਕ ਦਿਹਾੜੀਦਾਰ ਦੇ ਤੌਰ ਤੇ ਕੰਮ ਕਰ ਰਹੇ ਹਨ ਇਹ ਪਹਿਲਾਂ ਮੁਹੱਲਾ ਸਫਾਈ ਕਮੇਟੀਆਂ ਦੇ ਵਰਕਰ ਸਨ। ਸਰਕਾਰ ਦੇ ਪੱਤਰ ਨੰਬਰ 14/99/2011-1ਸਸ1/1200 ਮਿਤੀ 07-04-2011 ਰਾਹੀਂ ਇਹਨਾਂ ਨੂੰ ਦਿਹਾੜੀਦਾਰ ਕਨਵਰਟ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਸੀ।ਅਜਿਹੇ 381 ਵਰਕਰ ਸਨ। ਇਹਨਾਂ ਵਿਚੋਂ 243 ਵਰਕਰ ਸਰਕਾਰ ਦੀ ਪਾਲਿਸੀ ਮਿਤੀ 14-11-2011 ਅਤੇ 15-11-2011 ਅਨੁਸਾਰ ਰੈਗੂਲਰ ਹੋ ਚੁੱਕੇ ਹਨ। ਸ਼੍ਰੀ ਹਰਕਮਲ ਕੁਮਾਰ ਬੇਲਦਾਰ ਹਾਈਕੋਰਟ ਦੇ ਆਦੇਸ਼ ਅਨੁਸਾਰ ਹੈਂਡ ਪੰਪ ਰਿਪੇਅਰ ਐਸਟੀਮੇਟ ਵਿਰੁੱਧ ਕੰਮ ਕਰਦਾ ਆ ਰਿਹਾ ਹੈ। ਫਾਇਰ ਬ੍ਰਿਗੇਡ ਵਿਖੇ ਕੰਮ ਕਰ ਰਹੇ ਫਾਇਰਮੈਨ ਅਤੇ ਫਾਇਰ ਡਰਾਈਵਰਾਂ ਨੂੰ ਅਖਬਾਰ ਵਿਚ ਇਸ਼ਤਿਹਾਰ ਦੇ ਕੇ, ਸ਼ਰੀਰਕ ਟੈਸਟ ਲੈ ਕੇ ਅਤੇ ਹੋਰ ਲੋੜੀਂਦੀ ਪ੍ਰਕੀਰੀਆ ਉਪਰੰਤ ਠੇਕੇ ਦੇ ਆਧਾਰ ਤੇ ਨਿਯੁਕਤ ਕੀਤਾ ਗਿਆ ਸੀ। ਉਕਤ ਵਰਕਰਾਂ ਨੂੰ ਹੇਠ ਲਿਖੀਆਂ ਸ਼ਰਤਾਂ ਤੇ ਰੈਗੂਲਰ/ਨਿਯੁਕਤ ਕੀਤਾ ਜਾ ਸਕਦਾ ਹੈ:-

1. ਇਸ ਸਬੰਧੀ ਹਾਊਸ ਨਗਰ ਨਿਗਮ ਦੀ ਪ੍ਰਵਾਨਗੀ ਲਿੱਤੀ ਜਾਵੇਗੀ।
2. ਸਰਕਾਰ ਵਲੋਂ ਹਾਊਸ ਦੇ ਮਤੇ ਤੇ ਜੋ ਕਾਰਵਾਈ ਕੀਤੀ ਜਾਵੇਗੀ ਉਹ ਲਾਗੂ ਹੋਵੇਗੀ।
3. ਇਹਨਾਂ ਨੂੰ 3 ਸਾਲ ਦੇ ਪਰਖਕਾਲ ਸਮੇਂ ਤੇ ਨਿਯੁਕਤ ਕੀਤਾ ਜਾਵੇਗਾ।
4. ਪਰਖਕਾਲ ਸਮੇਂ ਦੌਰਾਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਕੇਲ ਦੀ ਮੁਢਲੀ ਤਨਖਾਹ ਮਿਲੇਗੀ।
5. ਇਹਨਾਂ ਤੇ ਨਵੀਂ ਪੈਨਸ਼ਨ ਸਕੀਮ ਲਾਗੂ ਹੋਵੇਗੀ।
6. ਨਿਯੁਕਤੀ/ਰੈਗੂਲਰ ਕਰਨ ਉਪਰੰਤ ਜੇਕਰ ਕਿਸੇ ਵਰਕਰ ਦਾ ਕੋਈ ਸਰਟੀਫਿਕੇਟ/ਦਸਤਾਵੇਜ਼ ਜਾਲੀ ਪਾਇਆ ਜਾਂਦਾ ਹੈ ਤਾਂ ਨਿਯੁਕਤੀ ਰੱਦ ਸਮਝੀ ਜਾਵੇਗੀ।
7. ਵਰਕਰ ਨੂੰ ਹਲਫਿਆ ਬਿਆਨ ਦੇਣਾ ਪਵੇਗਾ ਕਿ ਉਹ ਭਾਰਤ ਦੇ ਸਵਿੰਧਾਨ ਪ੍ਰਤੀ ਵਫਾਦਾਰ ਰਹੇਗਾ।
8. ਉਮੀਦਵਾਰ ਅਸਲ ਦਸਤਾਵੇਜ਼ ਸਹਿਤ 15 ਦਿਨਾਂ ਦੇ ਅੰਦਰ ਅੰਦਰ ਡਿਊਟੀ ਤੇ ਹਾਜ਼ਰ ਨਹੀਂ ਹੁੰਦਾ ਤਾਂ ਉਸਦੀ ਨਿਯੁਕਤੀ ਕੈਂਸਲ ਸਮਝੀ ਜਾਵੇਗੀ।
9. ਉਮੀਦਵਾਰ ਨੂੰ ਹਾਜ਼ਰ ਹੋਣ ਤੋਂ ਪਹਿਲਾਂ ਸਿਵਲ ਸਰਜਨ ਬਠਿਡਾ ਪਾਸੋਂ ਜਾਰੀ ਫਿਟੈਨਸ ਸਰਟੀਫਿਕੇਟ ਪੇਸ਼ ਕਰਨਾ ਹੋਵੇਗਾ।
10. ਇਸ ਤੇ ਸਿਵਲ ਸੇਵਾਵਾਂ ਨਿਯਮ ਅਤੇ ਸਥਾਨਕ ਸਰਕਾਰ ਵਿਭਾਗ/ ਸਰਕਾਰ ਵਲੋਂ ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਲਾਗੂ ਹੋਣਗੀਆਂ।
11. ਇਹ ਨਿਯੁਕਤੀ ਚਾਲ ਚਲਣ ਦੀ ਸਹੀ ਤਸਦੀਕ ਹੋਣ ਤੇ ਮੰਨੀ ਜਾਵੇਗੀ। ਜੇਕਰ ਚਾਲ ਚਲਣ ਸਬੰਧੀ ਰਿਪੋਰਟ ਸਹੀ ਨਾ ਹੋਈ ਤਾਂ ਇਹ ਨਿਯੁਕਤੀ ਕੈਂਸਲ ਸਮਝੀ ਜਾਵੇਗੀ।
12. ਉਮੀਦਵਾਰ ਹਲਫਿਆ ਬਿਆਨ ਦੇਵੇਗਾ ਕਿ ਇਸ ਨੂੰ ਕਿਸੇ ਅਦਾਲਤ ਵਲੋਂ ਕੋਈ ਸਜ਼ਾ ਨਹੀਂ ਸੁਣਾਈ ਗਈ ਹੈ ਅਤੇ ਨਾ ਹੀ ਇਸਨੂੰ ਕਿਸੇ ਸਰਕਾਰੀ ਵਿਭਾਗ ਵਲੋਂ ਡਿਸਮਿਸ ਕੀਤਾ ਗਿਆ ਹੈ।

ਉਕਤ ਵਿਚੋਂ ਫਾਇਰ ਬ੍ਰਿਗੇਡ ਵਿਖੇ ਕੰਟਰੈਕਟ ਬੇਸਿਜ਼ ਤੇ ਕੰਮ ਕਰ ਰਹੇ 12 ਫਾਇਰਮੈਨ ਅਤੇ ਫਾਇਰ ਡਰਾਈਵਰਾਂ ਵਲੋਂ ਵੱਖ ਵੱਖ ਅਦਾਲਤਾਂ ਵਿਚ ਰੈਗੂਲਰਾਈਜ਼ੇਸ਼ਨ ਅਤੇ ਹੋਰ ਮੁੱਦਿਆਂ ਨੂੰ ਲੈ ਕੇ ਕੋਰਟ ਕੇਸ ਕੀਤੇ ਹੋਏ ਹਨ। ਇਹਨਾਂ ਵਲੋਂ ਲਿਖਤੀ ਰੂਪ ਵਿਚ ਸਾਮੂਹਿਕ ਅੰਡਰਟੇਕਿੰਗ ਦਿੱਤੀ ਗਈ ਹੈ ਕਿ ਰੈਗੂਲਰ ਹੋਣ ਉਪਰੰਤ ਉਹ ਕੋਰਟ ਕੇਸ ਵਾਪਸ ਲੈਣ ਦੇ ਪਾਬੰਦ ਹੋਣਗੇ। ਇਸ ਲਈ ਇਹਨਾਂ ਦੇ ਨਿਯੁਕਤੀ ਪੱਤਰਾਂ ਵਿਚ ਇਕ ਹੋਰ ਸ਼ਰਤ ਕਿ " ਇਹ ਨਿਯੁਕਤੀ ਪੱਤਰ ਮਿਲਣ ਉਪਰੰਤ ਤੁਰੰਤ ਕੋਰਟ ਕੇਸ ਵਾਪਸ ਲੈ ਲੈਣਗੇ।"

ਉਕਤ ਅਨੁਸਾਰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿਚ ਮਾਨਯੋਗ ਮੇਅਰ ਸਾਹਿਬ ਜੀ ਵੱਲੋਂ ਮਿਤੀ 28.12.2016 ਨੂੰ ਨਿਯੁਕਤੀ ਪੱਤਰ ਜਾਰੀ ਕਰਨ ਹਿਤ ਦਸਤਖਤ ਕੀਤੇ ਗਏ ਹਨ।

ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਏਜੰਡਾ ਨੰਬਰ 2 ਵਿੱਚ ਦਿੱਤੀ ਗਈ ਜਾਣਕਾਰੀ ਅਧੂਰੀ ਹੈ। ਉਹਨਾਂ ਦਸਿਆ ਕਿ ਦਰਜ਼ਾ ਚਾਰ ਕਰਮਚਾਰੀਆਂ ਦੇ ਕੇਸ ਵਿੱਚ ਸਮੱਰਥ ਅਥਾਰਟੀ ਹਾਊਸ ਹੈ। ਉਹਨਾਂ ਇਹ ਵੀ ਪੁੱਛਿਆ ਕਿ ਸਰਕਾਰ ਵੱਲੋਂ ਜੋ 5 ਸ਼ਰਤਾਂ ਲਗਾਈਆਂ ਗਈਆਂ ਸਨ, ਕੀ ਹਰ ਕਰਮਚਾਰੀ ਇਹ ਸ਼ਰਤਾਂ ਪੂਰੀਆਂ ਕਰਦਾ ਹੈ? ਇਸਤੇ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨੇ ਦਸਿਆ ਕਿ ਹਰ ਕਰਮਚਾਰੀ ਸਰਕਾਰ ਵੱਲੋਂ ਤੈਅ ਸ਼ਰਤਾਂ ਪੂਰੀਆਂ ਕਰਦਾ ਹੈ। ਉਹਨਾਂ ਦਸਿਆ ਕਿ ਪੰਜਾਬ ਸਰਕਾਰ ਕਾਨੂੰਨੀ ਅਤੇ ਸੰਸਦੀ ਮਾਮਲਿਆਂ ਬਾਰੇ ਵਿਭਾਗ ਵਲੋਂ ਨੋਟੀਫਿਕੇਸ਼ਨ ਮਿਤੀ 24-12-2016 ਜਾਰੀ ਕੀਤੀ ਗਈ ਹੈ। ਇਸ ਪਾਲਿਸੀ ਨੂੰ ਪ੍ਰਸੋਨਲ ਵਿਭਾਗ ਵਲੋਂ ਆਪਣੇ ਪੱਤਰ ਨੰਬਰ 11/28/2016-4ਪੀਪੀ3/1591 ਮਿਤੀ 27-12-2016 ਰਾਹੀਂ ਫਾਰਵਰਡ ਕੀਤਾ ਗਿਆ ਹੈ। ਇਸ ਅਨੁਸਾਰ ਗਰੁੱਪ ਡੀ ਦੇ ਉਹ ਦਿਹਾੜੀਦਾਰ ਠੇਕੇ ਤੇ ਅਤੇ ਵਰਕ ਚਾਰਜ਼ ਰੈਗੂਲਰ ਕੀਤੇ ਜਾਣੇ ਹਨ ਜਿੰਨਾਂ ਨੂੰ ਲਗਾਤਾਰ ਕੰਮ ਕਰਦੇ 3 ਸਾਲ ਤੋਂ ਵੱਧ ਸਮਾਂ ਹੋ ਚੁਕਿਆ ਹੈ। ਇਸ ਨੂੰ ਸਥਾਨਕ ਸਰਕਾਰ ਵਿਭਾਗ ਵਲੋਂ ਆਪਣੇ ਪੱਤਰ ਪਿੱਠ ਅੰਕਣ ਨੰ:5/110/2016-4ਸਸ4/900118/1 ਮਿਤੀ 28-12-2016 ਰਾਹੀਂ ਪਿੱਠ ਅੰਕਿਤ ਕੀਤਾ ਗਿਆ ਹੈ। ਇਹ ਵੀ ਦਸਿਆ ਕਿ ਹਾਊਸ ਵੱਲੋਂ ਮਤਾ ਨੰਬਰ 64 ਮਿਤੀ 21.08.2015 ਰਾਹੀਂ 140 ਡੇਲੀ ਵੇਜ਼ਿਜ਼ ਸਫਾਈ ਵਰਕਰਾਂ ਨੂੰ ਰੈਗੂਲਰ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਇਸ ਮਤੇ ਦੇ ਸਬੰਧ ਵਿੱਚ ਸਰਕਾਰ ਨੇ ਪੱਤਰ ਨੰਬਰ ਸ5-ਡਸਸ-ਮਸਸ-(ਬਠਿੰਡਾ)-2015/53034 ਮਿਤੀ 14.12.2015 ਰਾਹੀਂ ਲਿਖਿਆ ਸੀ ਕਿ ਨਵੀਂ ਪਾਲਿਸੀ ਜਾਰੀ ਕਰਨ ਤੇ ਇੰਨ੍ਹਾਂ**

ਕਰਮਚਾਰੀਆਂ ਨੂੰ ਵਿਚਾਰਿਆ ਜਾ ਸਕਦਾ ਹੈ। ਸਰਕਾਰ ਵੱਲੋਂ ਮਿਤੀ 24.12.2016 ਨੂੰ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ। ਇਸ ਨੋਟੀਫਿਕੇਸ਼ਨ ਦੀ ਪਾਲਣਾਂ ਹਿੱਤ ਇੰਨ੍ਹਾਂ ਵਰਕਰਾਂ ਨੂੰ ਰੈਗੂਲਰ ਕੀਤਾ ਗਿਆ ਹੈ।

ਉਕਤ ਤੋਂ ਇਲਾਵਾ ਲੜੀ ਨੰਬਰ 135 ਤੋਂ 146 ਤੱਕ ਦਰਜ਼ ਫਾਇਰ ਬ੍ਰਿਗੇਡ ਤੇ ਕੰਮ ਕਰ ਰਹੇ 12 ਕਰਮਚਾਰੀ ਵੀ ਇਸ ਪਾਲਿਸੀ ਵਿੱਚ ਕਵਰ ਹੁੰਦੇ ਹਨ।

ਮਤਾ ਨੰਬਰ 3: ਨੋਟ ਕੀਤਾ।

ਮਜ਼ੀਦ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਲੜੀ ਨੰਬਰ 129 ਤੇ ਦਰਜ਼ ਸ਼੍ਰੀ ਸੋਮ ਚੰਦ ਪੁੱਤਰ ਸ਼੍ਰੀ ਬਾਬੂ ਰਾਮ ਦੀ ਅਚਾਨਕ ਮਿਤੀ 06.05.2017 ਨੂੰ ਮੌਤ ਹੋਣ ਕਾਰਨ ਇਸਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਕੇਸ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਕਰਨ ਖਾਤਰ ਪੇਸ਼ ਕੀਤਾ ਜਾਵੇ।

| | |
|---|---|
| ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017 | ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (ਪ੍ਰਸੋਨਲ ਪਾਲਿਸੀ-3 ਸ਼ਾਖਾ) ਵੱਲੋਂ ਜਾਰੀ ਦੀ ਪੰਜਾਬ ਐਡਹਾਕ, ਕੰਟਰੈਕਟ, ਡੇਲੀ ਵੇਜ਼, ਟੈਂਪਰੇਰੀ, ਵਰਕ ਚਾਰਜਡ ਅਤੇ ਆਊਟ ਸੋਰਸਡ ਇੰਪਲਾਈਜ਼ ਵੈਲਫੇਅਰ ਐਕਟ, 2016 ਖਿਲਾਫ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਇਕ ਸਿਵਲ ਰਿਟ ਪਟੀਸ਼ਨ ਨੰ: 4187 ਆਫ 2017 ਟਾਈਟਲ ਅੰਕਿਤਾ ਗੁਪਤਾ ਬਨਾਮ ਸਟੇਟ ਆਫ ਪੰਜਾਬ ਦਾਇਰ ਕੀਤੀ ਹੋਈ ਹੈ, ਜਿਸ ਵਿੱਚ ਅਗਲੀ ਸੁਣਵਾਈ ਦੀ ਮਿਤੀ 09.10.2017 ਹੈ। ਉਪਰੋਕਤ ਸਬੰਧੀ ਫੈਸਲਾ ਆਉਣ ਤੱਕ ਮਤਾ ਪੈਡਿੰਗ ਰੱਖਿਆ ਜਾਂਦਾ ਹੈ। |

ਏਜੰਡਾ ਨੰਬਰ: 3

ਰਿਪੋਰਟ ਸਿਹਤ ਸ਼ਾਖਾ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਵੱਛ ਭਾਰਤ ਮਿਸ਼ਨ ਅਧੀਨ ਸ਼ਹਿਰ ਦੀਆਂ ਸਲੱਮ ਬਸਤੀਆਂ ਜਾਂ ਹੋਰ (Open Defecation Spots) ਨੂੰ ਖੁੱਲੇ ਵਿੱਚ ਸ਼ੋਚ ਤੋਂ ਮੁਕਤ ਕਰਨ ਲਈ ਸੱਤ ਮੁਬਾਇਲ ਟਾਇਲਟਸ ਤਿਆਰ ਕਰਵਾਏ ਗਏ ਹਨ, ਜੋ ਕਿ Butani International Pvt. Ltd. ਵੱਲੋਂ ਤਿਆਰ ਕਰਕੇ ਨਗਰ ਨਿਗਮ ਵਿਖੇ ਭੇਜੇ ਗਏ ਹਨ।ਇਹ ਕਿ ਕੇਂਦਰ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਤਹਿਤ ਕਰਵਾਏ ਜਾ ਰਹੇ ਸਵੱਛਤਾ ਸਰਵੇਖਣ ਵਿੱਚ 500 ਸ਼ਹਿਰ ਭਾਗ ਲੈ ਰਹੇ ਹਨ, ਜਿੰਨ੍ਹਾਂ ਵਿੱਚ ਬਠਿੰਡਾ ਵੀ ਸ਼ਾਮਲ ਹੈ। ਬਠਿੰਡਾ ਸ਼ਹਿਰ ਵਿਖੇ ਸਵੱਛਤਾ ਸਰਵੇਖਣ ਕੇਂਦਰ ਸਰਕਾਰ ਵੱਲੋਂ ਅਧਿਕਾਰਤ ਕੀਤੀ ਏਜੰਸੀ (ਕੁਆਲਟੀ ਕੌਂਸਲ ਆਫ ਇੰਡੀਆ) ਵੱਲੋਂ ਮਿਤੀ 23 ਜਨਵਰੀ 2017 ਤੋਂ 25 ਜਨਵਰੀ 2017 ਤੱਕ ਕੀਤਾ ਜਾਣਾ ਸੀ। ਇਸ ਟੀਮ (ਕੁਆਲਟੀ ਕੌਂਸਲ ਆਫ ਇੰਡੀਆ) ਦੀ ਵਿਜ਼ਟ ਤੋਂ ਪਹਿਲਾਂ ਉਕਤ ਮੁਬਾਇਲ ਟਾਇਲਟਸ ਨੂੰ ਨਿਰਧਾਰਤ ਜਗ੍ਹਾ ਤੇ ਸ਼ਿਫਟ ਕਰਕੇ ਆਪਰੇਸ਼ਨ ਕਰਨਾ **ਅਤਿ ਜਰੂਰੀ** ਸੀ। ਇਹ ਟਾਇਲਟਸ ਦਫਤਰ ਨਗਰ ਨਿਗਮ ਦੇ ਬਾਹਰ ਖੁੱਲੇ ਵਿੱਚ ਬਿਨਾਂ ਕਿਸੇ ਚੋਕੀਦਾਰ ਤੋਂ ਖੜੇ ਹਨ, ਜਿਸ ਕਰਕੇ ਇਹਨਾਂ ਨਵੇਂ ਟਾਇਲਟਸ ਦੀ ਟੁੱਟ ਭੱਜ, ਚੋਰੀ ਜਾਂ ਹੋਰ ਨੁਕਸਾਨ ਕਿਸੇ ਵੀ ਸਮੇਂ ਹੋਣ ਦਾ ਖਦਸ਼ਾ ਹੈ। ਇੱਥੇ ਇਹ ਵੀ ਦਸਣਯੋਗ ਹੈ ਕਿ ਆਦਰਸ਼ ਚੋਣ ਜਾਬਤਾ ਲਗਿਆ ਹੋਣ ਕਾਰਨ ਇਹਨਾਂ ਦੀ ਸਾਫ ਸਫਾਈ ਅਤੇ ਸਾਭ ਸੰਭਾਲ ਲਈ ਟੈਂਡਰ ਕਾਲ ਕਰਨਾ ਸੰਭਵ ਨਹੀਂ ਹੈ। ਇਹ ਕਿ ਇਸਤੋਂ ਪਹਿਲਾਂ ਨਗਰ ਨਿਗਮ ਦੇ ਸਾਰੇ ਪਬਲਿਕ ਟਾਇਲਟਸ ਦੀ ਸਾਫ ਸਫਾਈ ਅਤੇ ਸਾਂਭ ਸੰਭਾਲ ਦਾ ਠੇਕਾ ਮੈਸ: ਦੇਵਾ ਸਵੀਮਿੰਗ ਇੰਸਟੀਚਿਊਟ ਨੂੰ ਦਿੱਤਾ ਗਿਆ ਹੈ। ਇਹ ਏਜੰਸੀ ਐਸਟੀਮੇਟ ਤੋਂ 14.7% ਘੱਟ ਰੇਟ ਤੇ ਪਬਲਿਕ ਟਾਇਲਟਸ ਦੀ ਮੈਨਟੀਨੈਂਸ ਦਾ ਕੰਮ ਕਰ ਰਹੀ ਹੈ। ਕਿਉਂ ਜੋ ਇਸ ਸਮੇਂ ਟੈਂਡਰ ਕਾਲ ਕਰਨਾ ਸੰਭਵ ਨਹੀਂ ਹੈ ਅਤੇ ਇਹਨਾਂ ਟਾਇਲਟਸ ਨੂੰ ਆਪਰੇਸ਼ਨ ਵਿੱਚ ਕਰਨਾ ਸਵੱਛ ਸਰਵੇਖਣ ਕਰਕੇ ਅਤਿ ਜਰੂਰੀ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਇਹਨਾਂ ਮੁਬਾਇਲ ਟਾਇਲਟਸ ਦੀ ਸਾਂਭ ਸੰਭਾਲ ਦਾ ਕੰਮ ਵੀ ਇਸੇ ਏਜੰਸੀ (ਮੈਸ; ਦੇਵਾ ਸਵੀਮਿੰਗ ਇੰਸਟੀਚਿਊਟ) ਤੋਂ ਪਹਿਲਾਂ ਅਲਾਟ ਕੀਤੇ ਰੇਟਾਂ ਅਨੁਸਾਰ ਦਿੱਤਾ ਜਾਵੇ। ਇੱਕ ਨਵੇਂ ਮੁਬਾਇਲ ਟਾਇਲਟ ਦੀ ਮਾਸਿਕ ਸਾਂਭ ਸੰਭਾਲ ਦਾ ਤਖਮੀਨਾ ਮੁਬਲਿਗ 36920/- ਰੁਪਏ ਦਾ ਬਣਇਆ ਗਿਆ ਹੈ। ਦਿੱਤੇ ਰੇਟਾਂ ਤੇ ਇਹ ਕੰਮ 31493/- ਰੁਪਏ ਪ੍ਰਤੀ ਟਾਇਲਟ ਪ੍ਰਤੀ ਮਹੀਨਾ ਹੋ ਜਾਵੇਗਾ। ਬਾ-ਉਮੀਦ ਪ੍ਰਵਾਨਗੀ ਹਾਊਸ ਦੀ ਆਸ ਵਿੱਚ ਮਿਤੀ 03.04.2017 ਨੂੰ ਪ੍ਰਵਾਨਗੀ ਦਿੱਤੀ ਗਈ। ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ।

ਮਤਾ ਨੰਬਰ 4: ਨੋਟ ਕੀਤਾ।

| | |
|---|---|
| ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017 | ਇੰਨ੍ਹਾਂ ਟੁਆਲੇਟਸ ਦਾ ਰੱਖ ਰਖਾਵ ਇਸ ਦਫਤਰ ਵੱਲੋਂ ਪਹਿਲਾਂ ਜਾਰੀ ਪੱਤਰ ਨੰ: ਸ5-ਡਸਸ-ਮਸਸ-17/26814 ਮਿਤੀ 23.05.17 ਅਨੁਸਾਰ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਦਿੱਤਾ ਜਾਵੇ। |

ਏਜੰਡਾ ਨੰਬਰ: 4

ਰਿਪੋਰਟ ਸਟੋਰ ਕੀਪਰ ਕਿ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿਲ ਪ੍ਰਿੰਟ ਕਰਨ ਵਾਲਾ WEP Line Printer ਖਰਾਬ ਹੋ ਗਿਆ ਹੈ। ਸੁਪਰਡੈਂਟ ਸਾਹਿਬ ਜੀ ਦੇ ਜੁਬਾਨੀ ਹੁਕਮਾਂ ਅਨੁਸਾਰ ਇਸ ਪ੍ਰਿੰਟਰ ਦੀ ਰਿਪੇਅਰ ਕਰਨ ਲਈ ਲੋਕਲ ਮਾਰਕੀਟ ਵਿੱਚ ਇਸਦਾ ਕੋਈ ਮੈਕੇਨਿਕ ਨਾ ਹੋਣ ਕਾਰਨ ਲੁਧਿਆਣਾ ਤੋਂ ਮੈਕੇਨਿਕ ਬੁਲਾ ਕੇ ਪ੍ਰਿੰਟਰ ਚੈਕ ਕਰਵਾਇਆ ਗਿਆ। ਉਸ ਵੱਲੋਂ ਦਸਿਆ ਗਿਆ ਕਿ ਪ੍ਰਿੰਟਰ ਦੇ ਬਦਲਣਯੋਗ ਸਪੇਅਰ ਪਾਰਟਸ ਕਾਪੀ ਮਹਿੰਗੇ ਹਨ, ਸਮਾਂ ਲਗ ਸਕਦਾ ਹੈ ਅਤੇ ਰਿਪੇਅਰ ਉਪਰੰਤ ਲੰਬਾ ਸਮਾਂ ਚਲਣ ਦੀ ਕੋਈ ਗਾਰੰਟੀ ਨਹੀਂ ਹੈ। ਇੱਥੇ ਦਸਣਾ ਯੋਗ ਹੋਵੇਗਾ ਕਿ ਇਸ ਪ੍ਰਿੰਟਰ ਦੀ ਕਈ ਵਾਰ ਫੁੱਟਕਲ ਰਿਪੇਅਰ ਹੋ ਚੁੱਕੀ ਹੈ ਅਤੇ ਪ੍ਰਿੰਟਰ ਕਾਫੀ ਪੁਰਾਣਾ ਹੈ। ਇਸ ਸਬੰਧੀ

ਸੁਪਰਡੈਂਟ ਵਾਟਰ ਸਪਲਾਈ ਅਤੇ ਸੀਵਰੇਜ਼ ਅਤੇ ਸੰਯੁਕਤ ਕਮਿਸ਼ਨਰ ਸਾਹਿਬ ਜੀ ਦੇ ਧਿਆਨ ਹਿੱਤ ਲਿਆ ਦਿੱਤਾ ਗਿਆ। ਉਹਨਾਂ ਵੱਲੋਂ ਨਵਾਂ ਪ੍ਰਿੰਟਰ ਖਰੀਦ ਕਰਨ ਸਬੰਧੀ ਤੁਰੰਤ ਦਸਤਾਵੇਜ਼ ਤਿਆਰ ਕਰਨ ਲਈ ਆਦੇਸ਼ ਕੀਤੇ। ਬਰਾਂਡਡ ਕੰਪਨੀ ਲਿੱਪੀ ਦਾ ਲਾਈਨ ਪ੍ਰਿੰਟਰ 6805 ਮਾਡਲ 500 ਪ੍ਰਤੀ ਮਿਨਟ ਛਪਾਈ ਵਾਲਾ ਖਰੀਦ ਕਰਨ ਤੇ ਮਾਰਕੀਟ ਰੇਟ ਮੁਤਾਬਿਕ ਸਮੇਤ ਟੈਕਸ ਖਰਚਾ ਲਗਭਗ 1,94,500/- ਰੁਪਏ ਆਵੇਗਾ। ਕਿਸੇ ਵੀ ਕੰਪਨੀ ਦੇ ਡੀ.ਜੀ.ਐਸ. ਐਂਡ ਡੀ. ਰੇਟਾਂ ਤੇ ਸਪਲਾਈ ਨਹੀਂ ਹੈ। ਡੀ.ਜੀ.ਐਸ. ਐਂਡ ਡੀ. ਰੇਟਾਂ ਦੀ ਮਿਆਦ ਮਿਤੀ 31.10.2016 ਨੂੰ ਖਤਮ ਹੋ ਚੁੱਕੀ ਹੈ। ਕੰਮ ਦਾ ਸਬੰਧ ਨਗਰ ਨਿਗਮ ਦੇ ਵਿੱਤੀ ਹਿੱਤਾਂ ਨਾਲ ਜੁੜਿਆ ਹੋਣ ਕਾਰਨ ਪ੍ਰਿੰਟਰ ਦੀ ਖਰੀਦ ਕਰਨੀ ਅਤਿ ਜਰੂਰੀ ਹੈ, ਤਾਂ ਜੋ ਬਿਲਾਂ ਦੇ ਰੁਕੇ ਹੋਏ ਕੰਮ ਨੂੰ ਚਾਲੂ ਕੀਤਾ ਜਾ ਸਕੇ। ਲਿਪੀ/WEP ਕੰਪਨੀ ਦਾ ਪ੍ਰਿੰਟਰ ਖਰੀਦ ਕਰਨ ਤੇ ਆਉਣ ਵਾਲੇ ਖਰਚੇ 1,94,500/- ਰੁਪਏ ਦੀ ਸਮੇਤ ਸ਼ਾਰਟ ਟਰਮ ਟੈਂਡਰ ਕਾਲ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਕੀਤੀ ਗਈ ਹੈ। ਇਸ ਸਬੰਧੀ ਸੁਪਰਡੈਂਟ, ਨਗਰ ਨਿਗਮ ਬਠਿੰਡਾ ਵੱਲੋਂ ਰਿਪੋਰਟ ਕੀਤੀ ਗਈ ਹੈ ਕਿ ਪ੍ਰਿੰਟਰ ਖਰੀਦ ਕਰਨਾ ਅਤਿ ਜਰੂਰੀ ਹੈ। ਕਿਉਂਕਿ ਇਸਦਾ ਸਿੱਧਾ ਪ੍ਰਭਾਵ ਨਿਗਮ ਦੀ ਵਾਟਰ ਸਪਲਾਈ ਆਮਦਨ ਤੇ ਪਵੇਗਾ। ਇਸ ਲਈ ਬਾ-ਉਮੀਦ ਪ੍ਰਵਾਨਗੀ ਹਾਊਸ ਖਰੀਦ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੀ। ਇਸ ਸਬੰਧੀ ਮੇਅਰ ਸਾਹਿਬ ਵੱਲੋਂ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ ਮਿਤੀ 20.04.2017 ਨੂੰ ਪ੍ਰਵਾਨਗੀ ਦਿੱਤੀ ਗਈ। ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 5:** **ਨੋਟ ਕੀਤਾ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਪ੍ਰਵਾਨ ਹੈ।** |

**ਏਜੰਡਾ ਨੰ: 5**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Zone No. | Ward No. | Name of Work | Estimate (in lac) |
|---|---|---|---|---|
| 1 | | | ਰੇਲਵੇ ਲਾਈਨ ਤੋਂ ਪਾਰ ਪਰਸ ਰਾਮ ਨਗਰ ਏਰੀਏ ਦੇ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਆਲਮ ਬਸਤੀ ਵਿਖੇ ਨਵਾਂ ਡਿਸਪੋਜ਼ਲ ਬਨਾਉਣ ਵਾਸਤੇ | 64.68 |
| 2 | | | ਮੇਨ ਡਿਸਪੋਜ਼ਲ ਲਈ 90 ਬੀ.ਐਚ.ਪੀ. ਪੰਪ, 100 ਬੀ.ਐਚ.ਪੀ. ਪੰਪ ਅਤੇ 100 ਬੀ.ਐਚ.ਪੀ. ਮੋਟਰ ਖਰੀਦ ਕਰਨ ਬਾਰੇ | 20.00 |
| 3 | | | ਡੀ-ਸਿਲਟਿੰਗ ਆਫ ਸੰਗੂਆਣਾ ਟੋਭਾ | 11.93 |
| 4 | | | ਡੀ-ਸਿਲਟਿੰਗ ਆਫ ਸੰਜੇ ਟੋਭਾ | 13.99 |
| 5 | | | ਡੀ-ਸਿਲਟਿੰਗ ਆਫ ਗੰਦਾ ਨਾਲਾ ਫਰਾਮ ਆਰ.ਓ.ਬੀ. ਟੂ ਪਟਿਆਲਾ ਫਾਟਕ | 2.82 |
| 6 | | | ਸ਼ਹਿਰ ਦੀਆਂ ਨੀਵੀਆਂ ਆਬਾਦੀਆਂ ਵਿੱਚੋਂ ਗੰਦੇ ਪਾਣੀ ਦੀ ਨਿਕਾਸੀ ਲਈ ਲਗਾਏ ਗਏ 11 ਡੀਜ਼ਲ ਇੰਜਣਾਂ, ਜੈਨਰੇਟਰਾਂ ਲਈ ਲੇਬਰ ਰੱਖਣ ਬਾਰੇ ਸਾਲ 2017-2018 (13 ਬੇਲਦਾਰ) | 16.65 |
| 7 | | | ਸ਼ਹਿਰ ਵਿੱਚ ਰੋਜ਼ਾਨਾ ਪੱਧਰ ਦੀਆਂ ਸ਼ਕਾਇਤਾਂ ਸੜ੍ਹਕਾਂ, ਗਲੀਆਂ, ਨਾਲੀਆਂ, ਰੋਡ ਗੁਲੀਆਂ ਆਦਿ ਦੀ ਰਿਪੇਅਰ ਕਰਨ ਲਈ ਆਉਂਦੀਆਂ ਹਨ। ਇਹਨਾਂ ਸ਼ਕਾਇਤਾਂ ਨੂੰ ਦੂਰ ਕਰਨ ਲਈ ਰੋਡ ਗੈਂਗ ਲੱਗੀ ਹੋਈ ਹੈ, ਜਿਸ ਲਈ ਲੋੜੀਂਦੀ ਲੇਬਰ ਡੀ.ਸੀ. ਰੇਟਾਂ ਉਪਰ ਤਖਮੀਨੇ ਦੇ ਤਹਿਤ ਲਈ ਜਾਂਦੀ ਹੈ। ਰਿਪੇਅਰ ਲਈ ਮਟੀਰਿਅਲ ਸਟੋਰ ਵਿੱਚ ਲੈ ਕੇ ਜਾਣ ਲਈ ਦੋ TATA-ACE ਕਿਰਾਏ ਤੇ ਚੱਲ ਰਹੀਆਂ ਹਨ, ਜਿਸਦਾ ਤਖਮੀਨਾ 31.05.2017 ਨੂੰ ਪੂਰਾ ਹੋ ਜਾਵੇਗਾ। ਇਸ ਲਈ ਇਸ ਕੰਮ ਲਈ 01.06.2017 ਤੋਂ ਲੈ ਕੇ ਇੱਕ ਸਾਲ ਦੇ ਸਮੇਂ ਲਈ ਹੇਠ ਲਿਖੇ ਅਨੁਸਾਰ ਤਿਆਰ ਕੀਤੇ ਤਿੰਨ ਤਖਮੀਨੇ ਪ੍ਰਵਾਨਗੀ ਲਈ ਪੇਸ਼ ਹਨ:- | |
| | | | 1. ਸ਼ਹਿਰ ਵਿੱਚ ਜਨਰਲ ਰਿਪੇਅਰ ਕਰਨ ਖਾਤਰ ਦੋ ਟਾਟਾ-ਏਸ ਗੱਡੀਆਂ ਦੀ ਸਪਲਾਈ ਸਮੇਤ ਡਰਾਈਵਰ, ਡੀਜ਼ਲ ਆਦਿ ਲੈਣ ਸਬੰਧੀ (ਮੋਬਾਇਲ ਵਰਕਸ਼ਾਪ ਤਿਆਰ ਕਰਨ ਸਬੰਧੀ) | 8.28 |
| | | | 2. ਸ਼ਹਿਰ ਵਿੱਚ ਜਨਰਲ ਰਿਪੇਅਰ ਕਰਨ ਲਈ ਦੋ ਮੋਬਾਇਲ ਵਰਕਸ਼ਾਪਾਂ ਤਿਆਰ ਕਰਨ ਲਈ ਅਤੇ ਉਸ ਨਾਲ ਸਬੰਧਤ ਕਰਮਚਾਰੀਆਂ ਦੀ ਮੰਨਜ਼ੂਰੀ ਲੈਣ ਸਬੰਧੀ | 11.68 |
| | | | 3. ਸਪਲਾਈ ਆਫ 12 ਨੰਬਰ ਬੇਲਦਾਰ ਅਤੇ 2 ਨੰਬਰ ਮਿਸਤਰੀ ਸਾਲ | 20.22 |

| | | | | |
|---|---|---|---|---|
| | | | 2017-18 | |
| 8 | | | ਨਗਰ ਨਿਗਮ ਵਿਖੇ 100 ਤੋਂ ਵੱਧ ਪਾਰਕ ਹਨ, ਜਿੰਨ੍ਹਾਂ ਦੀ ਦੇਖਭਾਲ ਨਗਰ ਨਿਵਮ ਵੱਲੋਂ ਤਖਮੀਨੇ ਤਹਿਤ ਲੇਬਰ ਦੀ ਸਪਲਾਈ ਲੈ ਕੇ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਹੀ ਰੋਡਸਾਈਡ ਪਲਾਂਟੇਸ਼ਨ ਦੀ ਅਤੇ ਪਾਰਕਾਂ ਵਿੱਚ ਝਾੜੂ ਦਾ ਕੰਮ ਵੀ ਤਖਮੀਨੇ ਤਹਿਤ ਲੇਬਰ ਡੀ.ਸੀ. ਰੇਟਾਂ ਉਪਰ ਠੇਕੇਦਾਰ ਰਾਹੀਂ ਸਪਲਾਈ ਲੈ ਕੇ ਕਰਵਾਇਆ ਜਾਂਦਾ ਹੈ। ਇਸ ਸਮੇਂ ਜੋ ਤਖਮੀਨਾ ਲੇਬਰ ਰੱਖਣ ਲਈ ਚੱਲ ਰਿਹਾ ਹੈ ਉਹ 31.05.2017 ਨੂੰ ਖਤਮ ਹੋ ਰਿਹਾ ਹੈ। ਇਸ ਲਈ ਮਿਤੀ 01.06.2017 ਤੋਂ ਲੈ ਕੇ 31.05.2018 ਤੱਕ ਲੇਬਰ ਰੱਖਣ ਲਈ ਹੇਠ ਲਿਖੇ ਅਨੁਸਾਰ ਤਿੰਨ ਤਖਮੀਨੇ ਹਾਊਸ ਦੀ ਪ੍ਰਵਾਨਗੀ ਹਿੱਤ:<br>1. ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਸਿਟੀ ਪਾਰਕ ਰੋਡ ਸਾਈਡ ਪਲਾਂਟੇਸ਼ਨ ਸਾਲ 2017-18 (24 ਮਾਲੀ, 1 ਮਾਲੀ-ਕਮ-ਇਲੈਕਟ੍ਰਿਕ ਹੈਲਪਰ, 1 ਸਕਿਲਡ ਵਰਕਰ)<br>2. ਸਪਲਾਈ ਫਾਰ ਲੇਬਰ ਫਾਰ ਮੈਨਟੀਨੈਂਸ ਆਫ ਰੋਡਸਾਈਡ ਪਲਾਂਟੇਸ਼ਨ ਐਂਡ ਸੈਂਟਰਲ ਵਰਜ਼ ਸਾਲ 2017-18 (14 ਮਾਲੀ, 2 ਮਾਲੀ-ਕਮ-ਡਰਾਈਵਰ)<br>3. ਸਪਲਾਈ ਆਫ 4 ਸਫਾਈ ਸੇਵਕ ਫਾਰ ਸਿਟੀ ਪਾਰਕਸ ਸਾਲ 2017-18 | 37.16<br>22.77<br>5.69 |
| 9 | | | ਸ਼ਹਿਰ ਦੇ ਸਾਰੇ ਏਰੀਆ ਦੀਆਂ ਸਬ-ਡਵੀਜ਼ਨਾਂ (ਡੀ-1, ਡੀ-2, ਡੀ-3, ਡੀ-4) ਦੀਆ ਸਟਰੀਟ ਲਾਈਟਾਂ ਦੀ ਦੇਖਭਾਲ ਲਈ ਲੇਬਰ ਸਪਲਾਈ ਕਰਨਾ (12 ਸਕਿਲਡ ਲੇਬਰ (ਇਲੈਕਟ੍ਰਿਸ਼ਿਅਨ), 12 ਸੈਮੀ ਸਕਿਲਡ ਲੇਬਰ (ਅਸਿਟੈਂਟ ਇਲੈਕਟ੍ਰਿਸ਼ਿਅਨ), 25 ਅਣਸਕਿਲਡ ਲੇਬਰ (ਹੈਲਪਰ), 15 ਸੈਮੀ ਸਕਿਲਡ ਲੇਬਰ (ਅਸਿਸਟੈਂਟ ਟੈਕਨੀਸ਼ਿਅਨ/ਇਲੈਕਟ੍ਰਿਸ਼ਿਅਨ) ਸਮੇਤ ਰਬੜ ਦੇ ਦਸਤਾਨੇ, ਹੈਲਮੇਟ ਆਦਿ | 74.52 |
| 10 | | | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਜ਼ੋਗਰ ਪਾਰਕ 2017-18 (1 ਸੁਪਰਵਾਇਜ਼ਰ, 8 ਮਾਲੀ, 4 ਸਫਾਈ ਸੇਵਕ, 4 ਵਾਚਮੈਨ, 1 ਇਲੈਕਟ੍ਰਿਕ ਹੈਲਪਰ) | 25.77 |
| 11 | | | ਸਪਲਾਈ ਆਫ ਲੇਬਰ (10 ਸਫਾਈ ਸੇਵਕ ਅਤੇ 12 ਮਾਲੀ) ਫਾਰ ਮੈਨਟੀਨੈਸ ਆਫ ਰੋਜ਼ ਗਾਰਡਨ ਸਾਲ 2017-18 | 31.31 |
| 12 | | | ਸਪਲਾਈ ਆਫ ਟਰੀ ਗਾਰਡ (5000 ਨੰਬਰ) | 109.10 |
| 13 | | | ਫਿਕਸਿੰਗ ਆਫ ਟਰੀ ਗਾਰਡ ਇਨ ਵੈਰੀਅਸ ਪਾਰਟਸ ਆਫ ਸਿਟੀ (5000 ਨੰਬਰ) | 35.55 |
| 14 | | | ਸਪਲਾਈ ਆਫ ਟਰੀ ਪਲਾਂਟਸ ਐਂਡ ਸ਼ਰੱਬਸ ਸਾਲ 2017-18 | 10.00 |
| 15 | | | ਜਨਰਲ ਰਿਪੇਅਰ ਆਫ 1 ਐਚ.ਪੀ. ਸਬਮਰਸੀਬਲ ਪੰਪਸ ਐਟ ਡਿਫਰੈਂਟ ਪਾਰਕਸ ਆਫ ਸਿਟੀ | 4.32 |
| 16 | | | ਪ/ਫ ਆਫ ਆਰ.ਓ. ਇਨ ਐਮ.ਸੀ. ਆਫਿਸ ਕੈਪੇਸਟੀ 400 ਐਲ.ਪੀ.ਐਚ. ਵਿਦ ਫਾਇਵ ਈਅਰ ਮੈਨਟੀਨੇਂਸ | 8.62 |
| 17 | | | ਕਲੀ ਚੂਨਾ ਪਾਊਡਰ ਖਰੀਦ ਕਰਨ ਬਾਰੇ। | 1.96 |
| 18 | | | ਸਟੇਸ਼ਨਰੀ ਸਮਾਨ ਦੀ ਖਰੀਦ ਕਰਨ ਬਾਰੇ | 4.38 |
| 19 | | | ਪ/ਫ ਆਫ ਸਪਲਿਟ 6 ਏ.ਸੀ. ਕੈਪੇਸਟੀ 1.5 ਟਨ ਮੇਕ "ਹਿਟੈਚੀ" | 2.40 |
| 20 | | | ਰੈਨੋਵੇਸ਼ਨ ਆਫ ਫਾਊਂਟੈਂਨ ਨੀਅਰ ਸੀ.ਆਈ.ਏ. ਸਟਾਫ | 3.68 |
| 21 | | | ਸਪਲਾਈ ਆਫ ਫਸਟ ਕਲਾਸ ਬਰਿਕਸ ਫਾਰ ਐਮ.ਸੀ. ਸਟੋਰ ਸਾਲ 2017-18 | 2.93 |
| 22 | | | ਕੰਪਿਊਟਰਾਂ ਦੇ ਪ੍ਰਿੰਟਰਾਂ ਦੀ ਵਰਤੋਂ ਦਾ ਸਮਾਨ ਖਰੀਦ ਕਰਨ ਬਾਰੇ | 9.13 |

ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ ਅਤੇ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰਜ਼ ਨੇ ਕਿਹਾ ਕਿ ਲੜੀ ਨੰ: 1 ਤੇ ਰੇਲਵੇ ਲਾਈਨ ਤੋਂ ਪਾਰ ਪਰਸ ਰਾਮ ਨਗਰ ਏਰੀਏ ਦੇ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਆਲਮ ਬਸਤੀ ਵਿਖੇ ਨਵਾਂ ਡਿਸਪੋਜ਼ਲ ਬਨਾਉਣ ਵਾਸਤੇ 64.68 ਲੱਖ ਰੁਪਏ ਦਾ ਤਖਮੀਨਾ ਲਗਾਇਆ ਗਿਆ ਹੈ, ਉਸਨੂੰ ਰੱਦ ਕੀਤਾ ਜਾਵੇ। ਉਹਨਾਂ ਕਿਹਾ ਕਿ ਪਰਸ ਰਾਮ ਨਗਰ, ਮੇਨ ਰੋਡ ਤੇ ਜੋ 400 ਫੁੱਟ ਦਾ ਸੀਵਰ ਦਾ ਟੋਟਾ ਪੈਣ ਵਾਲਾ ਹੈ, ਜੇਕਰ ਉਹ ਪਾ ਦਿੱਤਾ ਜਾਂਦਾ ਹੈ ਤਾਂ ਉਕਤ ਖਰਚਾ ਕਰਨ ਦੀ ਜਰੂਰਤ ਨਹੀਂ ਰਹਿੰਦੀ। ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਬਰਸਾਤਾਂ ਦੌਰਾਨ ਕਈ ਥਾਂਈਂ ਨੀਵੇਂ ਇਲਾਕਿਆਂ ਵਿੱਚ 4-5 ਫੁੱਟ ਪਾਣੀ ਖੜ੍ਹ ਜਾਂਦਾ ਹੈ। ਇਹ ਡਿਸਪੋਜ਼ਲ ਪ੍ਰਤਾਪ ਨਗਰ ਦੇ ਸੱਜੇ ਪਾਸੇ ਤੋਂ ਲੈ ਕੇ ਜਨਤਾ ਨਗਰ ਤੱਕ ਦੇ ਪਾਣੀ ਦੀ ਨਿਕਾਸੀ ਲਈ ਅਤਿ ਜਰੂਰੀ ਹੈ। ਉਹਨਾਂ ਇਹ ਵੀ ਕਿਹਾ ਕਿ ਇਸ ਡਿਸਪੋਜ਼ਲ ਦੇ ਬਣਨ ਨਾਲ ਲਾਇਨੋਪਾਰ ਇਲਾਕੇ ਤੋਂ ਇਲਾਵਾ ਸ਼ਹਿਰ ਵਿੱਚ ਸਿਰਕੀ ਬਾਜਾਰ ਅਤੇ ਗੁਰੂ ਨਾਨਕ ਪੁਰਾ, ਪੁਰਾਣਾ ਥਾਣਾ ਅਤੇ ਹੋਰ 6-7 ਥਾਂਵਾਂ ਹਨ, ਜਿੰਨ੍ਹਾਂ ਵਿੱਚੋਂ ਬਰਸਾਤਾਂ ਦੌਰਾਨ ਪਾਣੀ ਖੜ੍ਹਨ ਦੀ ਸਮੱਸਿਆ ਦਾ ਵੀ ਹੱਲ ਹੋਵੇਗਾ। ਇਸਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ ਅਤੇ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰਜ਼ ਨੇ ਕਿਹਾ ਕਿ ਇਹ ਬਿਲਕੁਲ ਬੇਬੁਨਿਆਦ ਹੈ। ਇਸ ਨਾਲ ਸਗੋਂ ਲਾਇਨੋਂਪਾਰ ਇਲਾਕੇ ਦੀ ਸਮੱਸਿਆ ਦਾ ਹੱਲ ਨਾ ਹੋ ਕੇ ਸਗੋਂ ਸ਼ਹਿਰ ਦਾ ਪਾਣੀ ਵੀ ਇਸ ਇਲਾਕੇ ਵਿੱਚ ਭਰ ਜਾਵੇਗਾ, ਜਿਸ ਨਾਲ 4-5 ਫੁੱਟ ਦੀ ਥਾਂ ਤੇ 10-12 ਫੁੱਟ ਪਾਣੀ ਭਰ ਜਾਵੇਗਾ ਅਤੇ ਲੋਕਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਵੇਗਾ। ਉਹਨਾਂ ਕਿਹਾ ਕਿ ਡਿਸਪੋਜ਼ਲ ਬਨਾਉਣਾ ਅਤੇ ਇਸ ਖਾਤਰ ਏਜੰਡਾ ਨੰ: 6 ਤਹਿਤ 150-200 ਗਜ਼ ਜਗ੍ਹਾ ਦੀ ਖਰੀਦ ਕਰਨਾ ਬਿਲਕੁਲ ਹੀ ਪੈਸੇ ਦੀ ਬਰਬਾਦੀ ਹੈ। ਉਹਨਾਂ ਇਸਨੂੰ ਰੱਦ ਕਰਨ ਦੀ ਮੰਗ ਕੀਤੀ। ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਬਰਸਾਤਾਂ ਨਾਲ ਪਰਸ ਰਾਮ ਨਗਰ ਅਤੇ ਹੋਰ ਨੀਵਿਆਂ ਇਲਾਕਿਆਂ ਵਿੱਚ ਹਰ ਸਾਲ ਕਰੋੜਾਂ ਰੁਪਏ ਦੀ ਪ੍ਰਾਪਰਟੀ ਦਾ ਨੁਕਸਾਨ ਹੁੰਦਾ ਹੈ। ਉਹਨਾਂ ਬੇਨਤੀ ਕੀਤੀ ਕਿ ਸਿਰਕੀ ਬਾਜ਼ਾਰ ਅਤੇ ਹੋਰ ਨੀਵੇਂ ਇਲਾਕਿਆਂ ਵਿੱਚ ਪਾਣੀ ਖੜਾ ਨਾ ਹੋਵੇ, ਇਸ ਲਈ ਇਸਨੂੰ ਪਾਸ ਕੀਤਾ ਜਾਵੇ। ਇਸਤੇ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਸਿਰਕੀ ਬਾਜਾਰ ਵਿਖੇ ਖੜਾ ਹੁੰਦਾ ਬਰਸਾਤੀ ਪਾਣੀ ਬਲਰਾਜ ਨਗਰ ਦੀਆਂ ਮੋਟਰਾਂ ਚਲਾ ਕੇ ਵੀ ਕੱਢਿਆ ਜਾ ਸਕਦਾ ਹੈ। ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਇਸ ਮੁੱਦੇ ਤੇ ਹਾਊਸ ਵਿੱਚ ਵੋਟਿੰਗ ਕਰਵਾ ਲਈ ਜਾਵੇ। ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਇਹ ਮੁੱਦਾ ਕੁੱਝ ਕੌਂਸਲਰ ਸਾਹਿਬਾਨ ਨਾਲ ਹੀ ਸਬੰਧਤ ਹੈ। ਇਸ ਲਈ ਇਸਨੂੰ ਝਗੜੇ ਵਿੱਚ ਨਾ ਪਾ ਕੇ ਇਹਨਾਂ ਸਬੰਧਤ ਕੌਂਸਲਰ ਸਾਹਿਬਾਨ ਦੀ ਕਮੇਟੀ ਬਣਾ ਕੇ ਵਿਚਾਰ ਲਿਆ ਜਾਵੇ। ਤੱਦ ਤੱਕ ਲਈ ਇਸਨੂੰ ਪੈਡਿੰਗ ਰੱਖਿਆ ਜਾਵੇ। ਪਰੰਤੂ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਇਸ ਮੁੱਦੇ ਤੇ ਵਾਰ-ਵਾਰ ਵੋਟਿੰਗ ਕਰਵਾਉਣ ਦੀ ਹੀ ਮੰਗ ਕੀਤੀ। ਵੋਟਿੰਗ ਕਰਾਉਣ ਤੇ ਹਾਊਸ ਵਿੱਚ ਮੋਜੂਦ ਕੌਂਸਲਰ ਸਾਹਿਬਾਨਾਂ ਵਿੱਚੋਂ ਸਿਰਫ 12 ਕੌਂਸਲਰ ਸਾਹਿਬਾਨਾਂ ਨੂੰ ਛੱਡ ਕੇ ਬਾਕੀ ਸਾਰਿਆਂ ਕੌਂਸਲਰ ਸਾਹਿਬਾਨਾਂ ਨੇ ਏਜੰਡਾ ਨੰਬਰ 5 ਦੀ ਲੜੀ ਨੰਬਰ 1 ਤੇ ਦਰਜ਼ 64.68 ਲੱਖ ਰੁਪਏ ਦੀ ਮੱਦ ਨੂੰ ਰੱਦ ਕਰਨ ਲਈ ਵੋਟਿੰਗ ਕੀਤੀ। ਇਸਤੇ ਮਤੇ ਦੇ ਹੱਕ ਵਿੱਚ ਵੋਟ ਪਾਉਣ ਵਾਲੇ ਇਹ ਸਾਰੇ 12 ਕੌਂਸਲਰ ਸਾਹਿਬਾਨ ਸ਼੍ਰੀ ਜਗਰੂਪ ਸਿੰਘ ਗਿੱਲ, ਸ਼੍ਰੀ ਜਗਰਾਜ ਸਿੰਘ, ਸ਼੍ਰੀ ਮਲਕੀਤ ਸਿੰਘ, ਸ਼੍ਰੀ ਬੇਅੰਤ ਸਿੰਘ ਰੰਧਾਵਾ, ਸ਼੍ਰੀ ਰਾਮ ਦਾਸ, ਸ਼੍ਰੀਮਤੀ ਸ਼ੈਰੀ ਗੋਇਲ, ਸ਼੍ਰੀਮਤੀ ਜਸਵੀਰ ਕੋਰ, ਸ਼੍ਰੀਮਤੀ ਨਿਰਮਲ ਕੋਰ, ਸ਼੍ਰੀ ਰਾਜਾ ਸਿੰਘ, ਸ਼੍ਰੀ ਰਾਜ ਕੁਮਾਰ ਗੋਇਲ, ਸ਼੍ਰੀ ਸੰਜੇ ਬਿਸਵਾਲ ਅਤੇ ਸ਼੍ਰੀ ਪ੍ਰਦੀਪ ਗੋਇਲ ਹਾਊਸ ਤੋਂ ਬਾਹਰ ਚਲੇ ਗਏ।

ਮਤਾ ਨੰਬਰ 6:

1. **ਲੜੀ ਨੰ: 1 ਤੇ ਦਰਜ਼ ਰੇਲਵੇ ਲਾਈਨ ਤੋਂ ਪਾਰ ਪਰਸ ਰਾਮ ਨਗਰ ਏਰੀਏ ਦੇ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਆਲਮ ਬਸਤੀ ਵਿਖੇ ਨਵਾਂ ਡਿਸਪੋਜ਼ਲ ਬਨਾਉਣ ਵਾਸਤੇ ਰੱਖੇ 64.68 ਲੱਖ ਰੁਪਏ ਦੀ ਮੱਦ ਨੂੰ ਬਹੁ-ਸੰਮਤੀ ਨਾਲ ਨਾ-ਪ੍ਰਵਾਨ ਕੀਤਾ ਜਾਂਦਾ ਹੈ।**
2. **ਲੜੀ ਨੰਬਰ 8 ਤੇ ਦਰਜ਼ ਸਪਲਾਈ ਆਫ 4 ਸਫਾਈ ਸੇਵਕ ਫਾਰ ਸਿਟੀ ਪਾਰਕਸ ਸਾਲ 2017-18 ਲਈ ਰੱਖੇ 5.69 ਲੱਖ ਰੁਪਏ ਦੀ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**
3. **ਲੜੀ ਨੰਬਰ 20 ਤੇ ਦਰਜ਼ ਰੈਨੋਵੇਸ਼ਨ ਆਫ ਫਾਊਂਟੈਂਨ ਨੀਅਰ ਸੀ.ਆਈ.ਏ. ਸਟਾਫ ਲਈ ਰੱਖੇ 3.68 ਲੱਖ ਰੁਪਏ ਦੀ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**
4. **ਬਾਕੀ ਦੇ ਤਖਮੀਨੇ ਪ੍ਰਵਾਨ ਹਨ।**

**ਮਜ਼ੀਦ ਪਾਸ ਕੀਤਾ ਗਿਆ ਕਿ**

1. **ਵਾਰਡ ਨੰਬਰ 6 ਲਈ ਇੱਕ ਹੋਰ ਆਰ.ਓ. ਲਗਾਉਣਾ ਪ੍ਰਵਾਨ ਹੈ ਅਤੇ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
2. **ਸ਼੍ਰੀਮਤੀ ਰਾਜਪ੍ਰੀਤ ਕੋਰ ਬਰਾੜ, ਕੌਂਸਲਰ, ਵਾਰਡ ਨੰਬਰ 14 ਦੇ ਹਰਬੰਸ ਨਗਰ, ਗਲੀ ਨੰਬਰ 6 ਵਿੱਚ ਪਾਣੀ ਦੀ ਨਿਕਾਸੀ ਖਾਤਰ ਇੱਕ ਇੰਜਣ ਲਗਾਉਣਾ ਪਾਸ ਕੀਤਾ ਜਾਂਦਾ ਹੈ। ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
3. **ਲੜੀ ਨੰਬਰ 19 ਤੇ ਦਰਜ਼ ਪ/ਫ ਆਫ ਸਪਲਿਟ 6 ਏ.ਸੀ. ਕੈਪੇਸਟੀ 1.5 ਟਨ ਮੇਕ "ਹਿਟੈਚੀ" ਲਈ ਰੱਖੇ 2.40 ਦੀ ਮੱਦ ਤੇ ਵਿਚਾਰ ਕਰਦੇ ਹੋਏ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਜਨਮ ਮੌਤ ਸ਼ਾਖਾ ਦੇ ਕਮਰਿਆਂ ਨੂੰ ਵਰਾਂਡੇ ਤੱਕ ਬਣਾ ਕੇ ਆਮ ਪਬਲਿਕ ਲਈ ਬੈਠਣ ਦੀ ਜਗ੍ਹਾ ਬਣਾਉਂਦੇ ਹੋਏ ਇਸਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**
4. **ਹਜ਼ੂਰਾ ਕਪੂਰਾ ਕਲੋਨੀ ਵਿਖੇ ਡੀ-ਸਿਲਟਿੰਗ ਕਰਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

| | |
|---|---|
| ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017 | ਲੜੀ ਨੰ: 1 ਦੀ ਪ੍ਰਵਾਨਗੀ ਵੱਖਰੇ ਤੋਰ ਤੇ ਦਿੱਤੀ ਜਾ ਚੁੱਕੀ ਹੈ।<br>ਲੜੀ ਨੰ: 8, 20 ਹਾਊਸ ਵੱਲੋਂ ਪੈਡਿੰਗ ਰੱਖੇ ਹਨ। ਇਸ ਸਬੰਧੀ ਟਿਪਣੀ ਦੀ ਲੋੜ ਨਹੀਂ ਹੈ।<br>ਲੜੀ ਨੰ: 2,3,4,5,6,7,10,11,14 ਤੋਂ 22 ਸਬੰਧੀ ਕਮਿਟਿਡ ਲਾਇਆਬਿਲਟੀਜ਼ ਸਬੰਧੀ ਸਾਲ 2013 ਵਿੱਚ ਜਾਰੀ ਹਦਾਇਤਾਂ ਦੀ ਪਾਲਣਾਂ ਕਰਦੇ ਹੋਏ ਅਤੇ ਫੰਡਾਂ ਦੀ ਉਪਲਬੱਧਤਾ ਹੋਣ ਤੇ ਸਰਕਾਰ ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।<br>ਲੜੀ ਨੰ: 9 ਦੀ ਕਾਪੀ ਟਿਪਣੀ ਲਈ ਚੀਫ ਇੰਜੀਨੀਅਰ (ਓ.ਐਂਡ ਐਮ) ਭੇਜੀ ਗਈ ਹੈ।<br>ਲੜੀ ਨੰ: 12 ਅਤੇ 13 ਵਿੱਚ ਦਰਸਾਏ ਕੰਮਾਂ ਸਬੰਧੀ ਅਖਬਾਰ ਵਿੱਚ ਮਿਤੀ 06.05.17 ਨੂੰ ਖਬਰ ਲੱਗੀ ਹੈ ਜਿਸ ਦੇ ਆਧਾਰ ਤੇ ਇਸ ਦਫਤਰ ਨੂੰ ਸ਼ਿਕਾਇਤ ਪ੍ਰਾਪਤ ਹੋਈ ਹੈ। ਇਸ ਸ਼ਿਕਾਇਤ ਦੀ ਕਾਪੀ |

| | |
|---|---|
| | **ਆਪ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪਣੀ ਰਿਪੋਰਟ ਭੇਜੀ ਜਾਵੇ। ਰਿਪੋਰਟ ਆਉਣ ਤੱਕ ਇਸ ਮੱਦ ਸਬੰਧੀ ਫੈਸਲਾ ਪੈਡਿੰਗ ਰੱਖਿਆ ਜਾਂਦਾ ਹੈ।** |

**ਏਜੰਡਾ ਨੰਬਰ: 6**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਪਰਸ ਰਾਮ ਨਗਰ ਦੇ ਮੀਂਹ ਦੇ ਪਾਣੀ ਦੀ ਨਿਕਾਸੀ ਲਈ ਆਲਮ ਬਸਤੀ ਵਿਖੇ ਨਵਾਂ ਡਿਸਪੋਜ਼ਲ ਬਨਾਉਣ ਦੀ ਤਜਵੀਜ ਹੈ। ਇਸ ਲਈ 150-200 ਗਜ਼ ਜਮੀਨ ਦੀ ਲੋੜ੍ਹ ਹੈ। ਇਹ ਜਮੀਨ Acquisition/ Negotiation ਰਾਹੀਂ ਜਾਂ F.A.R. ਦੇ ਕੇ ਖਰੀਦ ਕੀਤੀ ਜਾਣੀ ਹੈ। ਇਹ ਜਮੀਨ ਖਰੀਦ ਕਰਨ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਅਤੇ ਜਮੀਨ ਖਰੀਦ ਕਰਨ ਲਈ ਸਬ-ਕਮੇਟੀ ਬਨਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 7:** **ਨਾ-ਪ੍ਰਵਾਨ ਕੀਤਾ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਮਤੇ ਦੀ ਪ੍ਰਵਾਨਗੀ ਵੱਖਰੇ ਤੋਰ ਤੇ ਦਿੱਤੀ ਜਾ ਚੁੱਕੀ ਹੈ।** |

**ਏਜੰਡਾ ਨੰਬਰ: 7**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਅੰਦਰ ਬੇਸਹਾਰਾ ਪਸ਼ੂਆਂ ਦੀ ਗਿਣਤੀ ਵਿੱਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਇਹਨਾਂ ਬੇਸਹਾਰਾ ਪਸ਼ੂਆਂ ਦੀ ਸਾਂਭ ਸੰਭਾਲ ਕਰਨ ਲਈ ਨਿਗਮ ਵੱਲੋਂ ਗਊਸ਼ਾਲਾ ਡੇਰਾ ਰੂੰਮੀ ਕਲਾਂ ਨਾਲ MOU ਕਰਕੇ ਕੈਟਲ ਪਾਊਂਡ ਸਥਾਪਿਤ ਕੀਤਾ ਗਿਆ ਹੈ। ਇਸ ਕੈਟਲ ਪਾਊਂਡ ਵਿੱਚ ਸ਼ਹਿਰ ਵਿੱਚੋਂ 500 ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਛੱਡਿਆ ਗਿਆ ਹੈ। ਇਹਨਾਂ ਪਸ਼ੂਆਂ ਦੀ ਖੁਰਾਕ ਦੇ ਖਰਚੇ ਵੱਜੋਂ 18/- ਰੁਪਏ ਪ੍ਰਤੀ ਪਸ਼ੂ ਦੇ ਹਿਸਾਬ ਨਾਲ ਡਾਈਟਮਨੀ ਦਿੱਤੀ ਜਾ ਰਹੀ ਹੈ। ਇਸ ਡਾਈਟਮਨੀ ਵਿੱਚ ਹਰ ਦੋ ਸਾਲ ਬਾਅਦ 1/- ਰੁਪਏ ਦਾ ਵਾਧਾ ਕੀਤਾ ਜਾਂਦਾ ਹੈ।

ਗਊਸ਼ਾਲਾ ਡੇਰਾ ਰੂੰਮੀ ਕਲਾਂ ਵੱਲੋਂ ਦਰਖਾਸਤ ਨੰ: 255 ਮਿਤੀ 17.01.2017 ਰਾਹੀਂ ਲਿਖਤੀ ਸਹਿਮਤੀ ਦਿੱਤੀ ਗਈ ਹੈ ਕਿ ਉਹ ਗਊਸ਼ਾਲਾ ਵਿਖੇ ਹੋਰ 500 ਬੇਸਹਾਰਾ ਪਸ਼ੂਆਂ ਨੂੰ ਸੰਭਾਲ ਸਕਦੇ ਹਨ। ਗਊਸ਼ਾਲਾ ਨੂੰ ਪਹਿਲੇ ਦਿੱਤੇ ਜਾ ਰਹੇ ਖਰਚੇ ਅਨੁਸਾਰ 18/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦੇ ਹਿਸਾਬ ਨਾਲ ਇਕਰਾਰਨਾਮਾ ਕਰਨ ਲਈ 500 ਪਸ਼ੂਆਂ ਦੀ ਡਾਈਟਮਨੀ ਤੇ ਆਉਣ ਵਾਲੇ ਆਵ੍ਰਿਤੀ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 8:** **ਪ੍ਰਵਾਨ ਹੈ। ਇਹ ਵੀ ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚੋਂ ਬੇਸਹਾਰਾ ਪਸ਼ੂਆਂ ਦੇ ਸਬੰਧ ਵਿੱਚ ਫੈਸਲਾ ਲੈਣ ਖਾਤਰ ਬਣਾਈ ਸਬ-ਕਮੇਟੀ ਨਾਲ ਵਿਚਾਰ ਵਟਾਂਦਰਾ ਕਰਕੇ ਸ਼ਹਿਰ ਵਿੱਚੋਂ ਪਸ਼ੂ ਗਊਸ਼ਾਲਾਵਾਂ ਵਿੱਚ ਛੱਡਣ ਖਾਤਰ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਪ੍ਰਵਾਨ ਹੈ।** |

**ਏਜੰਡਾ ਨੰਬਰ: 8**

ਰਿਪੋਰਟ ਸਿਹਤ ਸ਼ਾਖਾ ਕਿ ਰੇਲਵੇ ਬਾਊਂਡਰੀ ਦੇ ਨਾਲ ਚਲਦੇ ਗੰਦੇ ਨਾਲੇ ਦੀ ਸਫਾਈ ਦਾ ਕੰਮ ਨਗਰ ਨਿਗਮ ਦੇ ਮਤਾ ਨੰਬਰ 2(9) ਮਿਤੀ 27.05.2016 ਰਾਹੀਂ ਕਰਵਾਇਆ ਜਾ ਰਿਹਾ ਸੀ, ਜੋ ਕਿ ਮਿਤੀ 25.01.2017 ਨੂੰ ਸਮਾਪਤ ਹੋ ਗਿਆ ਹੈ।

ਇਹ ਨਾਲਾ ਸ਼ਹਿਰ ਦੇ ਵਿੱਚੋਂ ਵਿੱਚ ਸੰਘਣੀ ਆਬਾਦੀ ਵਿੱਚੋਂ ਲੰਘਦਾ ਹੈ ਅਤੇ ਆਉਣ ਵਾਲੇ ਗਰਮੀਆਂ ਅਤੇ ਬਰਸਾਤਾਂ ਦੇ ਮੌਸਮ ਨੂੰ ਮੁੱਖ ਰਖਦੇ ਹੋਏ ਇਸ ਨਾਲੇ ਦੀ ਰੈਗੂਲਰ ਸਫਾਈ ਬਹੁਤ ਜਰੂਰੀ ਹੈ ਤਾਂ ਜੋ ਸ਼ਹਿਰ ਵਿੱਚੋਂ ਬਰਸਾਤੀ ਪਾਣੀ ਦੀ ਜਲਦੀ ਨਿਕਾਸੀ ਹੋ ਸਕੇ। ਇਸ ਲਈ ਆਊਟ ਸੋਰਸਿੰਗ ਰਾਹੀਂ 10 ਸਫਾਈ ਵਰਕਰ ਲਾ ਕੇ 6 ਮਹੀਨਿਆਂ ਲਈ ਤਖਮੀਨਾ ਮੁਬਲਿਗ 6,53,580/- ਰੁਪਏ ਤਿਆਰ ਕਰਕੇ ਤਕਨੀਕੀ ਤੇ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

**ਮਤਾ ਨੰਬਰ 9:** **ਪ੍ਰਵਾਨ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** | **ਮਾਨਤਾ ਪ੍ਰਾਪਤ ਆਊਟ ਸੋਰਸ ਏਜੰਸੀ ਰਾਹੀਂ ਲੋੜੀਂਦਾ ਸਟਾਫ ਲੈਣ ਸਬੰਧੀ ਕਾਰਵਾਈ ਕੀਤੀ ਜਾਵੇ।** |

| | |
|---|---|
| 17/31832 ਮਿਤੀ 08.06.2017 | |

**ਏਜੰਡਾ ਨੰਬਰ: 9**

ਰਿਪੋਰਟ ਸਿਹਤ ਸ਼ਾਖਾ ਕਿ ਜੀ.ਟੀ. ਰੋਡ ਰੋਜ਼ ਗਾਰਡਨ ਤੋਂ ਟੀ.ਵੀ. ਟਾਵਰ ਤੱਕ, ਬੀਬੀ ਵਾਲਾ ਰੋਡ, 100' ਰੋਡ, ਦਾਣਾ ਮੰਡੀ ਰੋਡ, ਡਬਵਾਲੀ ਰੋਡ, ਮਾਨਸਾ ਰੋਡ, ਸ਼ਹਿਰ ਦੀਆ ਪ੍ਰਮੁੱਖ ਸੜ੍ਹਕਾਂ ਹਨ। ਇਹਨਾਂ ਸੜ੍ਹਕਾਂ ਉੱਤੇ ਫੁਟਪਾਥ ਬਣੇ ਹੋਏ ਹਨ। ਇਹਨਾਂ ਸੜਕਾਂ ਨਾਲ ਸਲਿਪਰੀ ਰੋਡਜ਼ ਵੀ ਹਨ। ਇਹਨਾਂ ਪ੍ਰਮੁੱਖ ਸੜ੍ਹਕਾਂ ਰਾਹੀਂ ਵੀ.ਆਈ.ਪੀ. ਸ਼ਹਿਰ ਵਿੱਚ ਦਾਖਲ ਹੁੰਦੇ ਹਨ। ਸ਼ਹਿਰਵਾਸੀਆਂ ਦਾ ਵੀ ਇਹਨਾਂ ਸੜ੍ਹਕਾਂ ਤੇ ਬਹੁਤ ਆਉਣ ਜਾਣ ਹੈ।

ਇਹਨਾਂ ਸੜ੍ਹਕਾਂ ਦੀ ਸਫਾਈ ਲਈ ਮਤਾ ਨੰਬਰ 107 ਮਿਤੀ 07.12.2014 ਰਾਹੀਂ 33 ਸਫਾਈ ਸੇਵਕ ਆਉਟਸੋਰਸ ਰਾਹੀਂ ਲੈਣੇ ਸ਼ੁਰੂ ਕੀਤੇ ਗਏ ਸਨ, ਜੋ ਕਿ ਲਗਾਤਾਰ ਮਤਿਆਂ ਰਾਹੀਂ ਲਏ ਜਾਂਦੇ ਰਹੇ ਹਨ। ਹਾਊਸ ਦੇ ਮਤਾ ਨੰਬਰ 55 ਮਿਤੀ 10.11.2016 ਰਾਹੀਂ 2815326/- ਰੁਪਏ ਦਾ ਤਖਮੀਨਾ ਪਾਸ ਕੀਤਾ ਗਿਆ ਸੀ। ਜਿਸ ਅਨੁਸਾਰ ਠੇਕੇਦਾਰ ਤੋਂ ਆਉਟ ਸੋਰਸ ਰਾਹੀਂ ਲੇਬਰ ਸਪਲਾਈ ਲੈ ਕੇ ਸਫਾਈ ਦਾ ਕੰਮ ਕਰਵਾਇਆ ਜਾ ਰਿਹਾ ਹੈ। ਇਸਦੀ ਮਿਆਦ ਮਿਤੀ 31.05.2017 ਨੂੰ ਖਤਮ ਹੋ ਰਹੀ ਹੈ।

ਇਸ ਕੰਮ ਲਈ ਲਗਾਤਾਰ ਲੇਬਰ ਸਪਲਾਈ ਲੈ ਕੇ ਕੰਮ ਕਰਾਉਣ ਦੀ ਜਰੂਰਤ ਹੈ। ਜਿਸ ਵਾਸਤੇ 45 ਸਫਾਈ ਵਰਕਰਾਂ ਦਾ 4925178/- ਰੁਪਏ ਦਾ ਤਖਮੀਨਾ ਤਿਆਰ ਕੀਤਾ ਹੈ। ਮਿਤੀ 01.06.2017 ਤੋਂ 31.03.2018 ਤੱਕ ਲੇਬਰ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 10:** **ਪ੍ਰਵਾਨ ਹੈ।**

**ਇਸ ਉਪਰੰਤ ਸ਼੍ਰੀ ਬਲਜੀਤ ਸਿੰਘ ਬੀੜ ਬਹਿਮਣ ਅਤੇ ਸ਼੍ਰੀਮਤੀ ਪ੍ਰਿੰਯਕਾ ਗੋਇਲ, ਕੌਂਸਲਰ ਸਾਹਿਬਾਨ ਮੀਟਿੰਗ ਵਿੱਚੋਂ ਉੱਠ ਕੇ ਚਲੇ ਗਏ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 ਮਿਤੀ 08.06.2017 | **ਮਾਨਤਾ ਪ੍ਰਾਪਤ ਆਉਟ ਸੋਰਸ ਏਜੰਸੀ ਰਾਹੀਂ ਲੋੜੀਂਦਾ ਸਟਾਫ ਲੈਣ ਸਬੰਧੀ ਕਾਰਵਾਈ ਕੀਤੀ ਜਾਵੇ।** |

**ਏਜੰਡਾ ਨੰਬਰ: 10**

ਰਿਪੋਰਟ ਸਿਹਤ ਸ਼ਾਖਾ ਕਿ ਬਰਸਾਤਾਂ ਦੇ ਮੌਸਮ ਦੋਰਾਨ ਸ਼ਹਿਰ ਵਿਖੇ ਮੱਖੀ/ਮੱਛਰ ਤੋਂ ਪੈਦਾ ਹੋਣ ਵਾਲੀਆਂ ਬੀਮਾਰੀਆਂ ਡੇਂਗੂ ਅਤੇ ਮਲੇਰੀਆ ਆਦਿ ਤੋਂ ਬਚਾਅ ਲਈ ਨਗਰ ਨਿਗਮ ਦੀ ਸਿਹਤ ਸ਼ਾਖਾ ਵੱਲੋਂ ਸ਼ਹਿਰ ਵਿੱਚ ਲਗਾਤਾਰ 5-6 ਮਹੀਨੇ/ਜਰੂਰਤ ਅਨੁਸਾਰ ਮੱਛਰ ਮਾਰ ਦਵਾਈਆਂ ਦਾ ਸਪਰੇਅ ਕੀਤਾ ਜਾਂਦਾ ਹੈ। ਇੱਥੇ ਇਹ ਵੀ ਦਸਣਾ ਯੋਗ ਹੋਵੇਗਾ ਕਿ ਸਿਹਤ ਸ਼ਾਖਾ ਵੱਲੋਂ ਸ਼ਹਿਰ ਵਿੱਚ ਦਵਾਈ ਦਾ ਸਪਰੇਅ ਕਰਨਾ ਸ਼ੁਰੂ ਕਰ ਦਿੱਤਾ ਗਿਆ ਹੈ। ਇਹ ਦਵਾਈ ਸਟੋਰ ਵਿੱਚੋਂ ਇੰਨਡੈਂਟਾਂ ਰਾਹੀਂ ਜਾਰੀ ਕੀਤੀ ਜਾਂਦੀ ਹੈ। ਪਿਛਲੇ ਸਾਲ 2016-17 ਦੀ ਖਪਤ ਦੇ ਆਧਾਰ ਤੇ 500 ਲੀਟਰ ਮੱਛਰ ਮਾਰ ਦਵਾਈ ਖਰੀਦ ਕਰਨ ਦੀ ਜਰੂਰਤ ਹੈ। ਡਾਇਰੈਕਟਰ, ਹੈਲਥ ਸਿਸਟਮ ਕਾਰਪੋਰੇਸ਼ਨ ਦੀਆ ਗਾਈਡਲਾਈਨਜ਼ ਅਨੁਸਾਰ ਇਸ ਕੰਮ ਲਈ Cyphenothrin 5% EC ਦਵਾਈ ਅਪਰੂਵ ਕੀਤੀ ਗਈ ਹੈ ਅਤੇ ਹੈਲਥ ਸਿਸਟਮ ਕਾਰਪੋਰੇਸ਼ਨ ਵੱਲੋਂ ਮੈਸ: Sumitomo Chemical India Pvt. Ltd. ਨਾਲ ਪੱਤਰ ਨੰਬਰ PHSC/PROC/RC/2016/2875-2902 dated 14.03.2016 ਅਨੁਸਾਰ ਇਸ ਦਵਾਈ ਦਾ ਰੇਟ ਕੰਟਰੈਕਟ ਹੋਇਆ ਹੈ ਜੋ ਕਿ 1150/- ਰੁਪਏ ਪ੍ਰਤੀ ਲੀਟਰ ਹੈ। ਪਿਛਲੇ ਸਾਲ ਡਾਇਰੈਕਟਰ ਹੈਲਥ ਸਿਸਟਮ ਕਾਰਪੋਰੇਸ਼ਨ ਦੀਆਂ ਗਾਈਡਲਾਇਨਜ਼ ਅਤੇ ਮਾਨਯੋਗ ਸਥਾਨਕ ਸਰਕਾਰਾਂ ਪੰਜਾਬ ਜੀ ਦੇ ਪੱਤਰ ਨੰਬਰ ਸ2-ਜਸ-ਡਸਸ16/21310-325 ਮਿਤੀ 13.05.2016 ਦੇ ਆਦੇਸ਼ਾਂ ਦੀ ਪਾਲਣਾਂ ਹਿੱਤ ਉਕਤ ਫਰਮ ਦੇ ਆਥੋਰਾਈਜ਼ਡ ਡੀਲਰ ਪਾਸੋਂ ਦਵਾਈ ਦੀ ਸਪਲਾਈ ਲਿੱਤੀ ਗਈ ਸੀ। ਇਸ ਕੰਟਰੈਕਟ ਰੇਟ 1150/- ਰੁਪਏ ਪ੍ਰਤੀ ਲੀਟਰ ਮੁਤਾਬਿਕ 500 ਲੀਟਰ ਉਕਤ ਦਵਾਈ ਖਰੀਦ ਕਰਨ ਤੇ ਖਰਚਾ ਮੁਬਲਿਗ 5,75,000/- ਰੁਪਏ ਆਵੇਗਾ।ਦਵਾਈ ਖਰੀਦ ਕਰਨ ਅਤੇ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 11:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਕਿਸੇ ਵੀ ਏਰੀਏ ਵਿੱਚ ਫੋਗਿੰਗ ਕਰਵਾਉਣ ਉਪਰੰਤ ਉਸ ਏਰੀਏ ਦੇ ਸਬੰਧਤ ਕੌਂਸਲਰ ਪਾਸੋਂ ਤਸਦੀਕ ਕਰਵਾਇਆ ਜਾਵੇ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 ਮਿਤੀ 08.06.2017 | **ਇਸ ਵਿਭਾਗ ਦੇ ਪੱਤਰ ਨੰ: ਸ2-ਜਸ-ਡਸਸ-**16/40243-40258 **ਮਿਤੀ** 28.07.16 **ਰਾਹੀਂ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।** |

**<u>ਏਜੰਡਾ ਨੰਬਰ: 11</u>**

ਰਿਪੋਰਟ ਵਰਕਸ ਸ਼ਾਖਾ ਕਿ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਜੀ.ਆਈ.ਐਸ. ਸੈਲ ਵਿੱਚ ਚੱਲ ਰਹੇ ਸਾਫਟਵੇਅਰ ਦੀ ਮਿਆਦ ਫਰਵਰੀ 2016 ਵਿੱਚ ਖਤਮ ਹੋ ਚੁੱਕੀ ਹੈ, ਜਿਸਦੀ ਸਲਾਨਾ ਮੈਨਟੀਨੇਂਸ ਜਰੂਰੀ ਹੈ ਜੀ। ਇਸਤੋਂ ਬਿਨਾਂ ਜੀ.ਆਈ.ਐਸ. ਦੇ ਕੰਮ ਵਿੱਚ ਦਿੱਕਤ ਆ ਰਹੀ ਹੈ। ਕੁੱਝ ਹੋਰ ਕੰਮ ਜਿਵੇਂ ਕਿ ਬੀਟ ਦੀ ਲੰਬਾਈ, ਚੌੜਾਈ ਅਤੇ ਏਰੀਆ ਮਾਪਣ ਵਾਲੇ ਟੂਲ ਜੋ ਕਿ Spatial Analyst ਹਨ, ਦੀ ਵੀ ਲੋੜ ਹੈ। ਜੀ.ਆਈ.ਐਸ. ਇੱਕ ਐਡਵਾਂਸਡ ਸਾਫਟਵੇਅਰ ਹੈ, ਜੋ ਕਿ ਅੱਜ ਦੇ ਦੋਰ ਵਿੱਚ ਬਾਕੀ ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਵਰਤਿਆ ਜਾ ਰਿਹਾ ਹੈ, ਜਿਸ ਨਾਲ ਕੰਮ ਦੀ ਸੁਚਾਰਤਾ ਵਧਦੀ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Offer from ESRI has been received for upgradation of existing software with one year warranty. This upgradation of GIS Software is urgently required. An expenditure of Rs. 3,12,000/- is to be made. This offer is valid upto 31.03.2017 only. The expenditure may be approved, please. This is a proprietory item and purchased from ESRI only. ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 12:</u>** **ਪ੍ਰਵਾਨ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਪ੍ਰਵਾਨ ਹੈ।** |

**<u>ਏਜੰਡਾ ਨੰਬਰ: 12</u>**

ਰਿਪੋਰਟ ਵਰਕਸ ਸ਼ਾਖਾ ਕਿ The SFCPOA (Slum Free City Plan of Action) is being prepared by M/s. Stesalit Limited, Kolkata. This plan is being prepared under RAY. The funds were provided by the GOI for the project. The tendering was carried out by the PMIDC.

During the perusal of field information of individual HH (Household) from the submitted forms, it was observed that many of the boxes of information were left blank. Therefore, the representatives of the agency were asked to fully fill in all the boxes/ columns. The agency has resubmitted all the forms. These re-submittd forms have been verified and it is found that all boxes are now filled in.

The approval of the ULB is required for forwarding the payment note to the PMIDC. The agency may be asked to given a presentation before the House/F&CC for final approval. ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 13:</u>** **ਪੈਡਿੰਗ ਰੱਖਿਆ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਟਿਪਣੀ ਦੀ ਲੋੜ ਨਹੀਂ ਹੈ।** |

**<u>ਏਜੰਡਾ ਨੰਬਰ: 13</u>**

ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਵੱਲੋ ਮਤਾ ਨੰਬਰ 99 ਮਿਤੀ 14.12.2015 ਰਾਹੀਂ 328 ਸਫਾਈ ਸੇਵਕ ਬਤੌਰ ਦਿਹਾੜੀਦਾਰ ਭਰਤੀ ਕਰਨਾ ਪਾਸ ਕੀਤਾ ਸੀ। ਇਸਦੀ ਪ੍ਰਵਾਨਗੀ ਸਥਾਨਕ ਸਰਕਾਰ ਵਿਭਾਗ ਵੱਲੋਂ ਆਪਣੇ ਪੱਤਰ ਨੰਬਰ ਸ5-ਡਸਸ-ਮਸਸ-16/64555 ਮਿਤੀ 28.12.2016 ਰਾਹੀ ਦਿੱਤੀ ਗਈ ਸੀ।ਇਸ ਵਿੱਚ ਸ਼ਰਤ ਲਗਾਈ ਸੀ ਕਿ ਇਸ ਪ੍ਰਕ੍ਰਿਆ ਵਿੱਚ ਰਿਜ਼ਨਲ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਲੁਧਿਆਣਾ ਨੂੰ ਸਦਰ ਦਫਤਰ ਦੇ ਨੁਮਾਇੰਦੇ ਵੱਜੋਂ ਸ਼ਾਮਲ ਕੀਤਾ ਜਾਵੇ। ਇਸ ਉਪਰੰਤ ਨਗਰ ਨਿਗਮ ਵੱਲੋਂ ਮਿਤੀ 03.01.2017 ਨੂੰ ਅਖਬਾਰ ਵਿੱਚ ਇਸ਼ਤਿਹਾਰ ਦੇ ਕੇ ਮਿਤੀ 18.01.2017 ਤੱਕ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ। ਇਹਨਾਂ ਆਸਾਮੀਆਂ ਲਈ

ਤਕਰੀਬਨ 4500 ਦਰਖਾਸਤਾਂ ਪ੍ਰਾਪਤ ਹੋਈਆ ਹਨ। ਇਸ ਉਪਰੰਤ ਚੋਣ ਜਾਬਤਾ ਲਾਗੂ ਹੋਣ ਕਾਰਨ ਅੱਗੇ ਕਾਰਵਾਈ ਨਹੀਂ ਕੀਤੀ ਜਾ ਸਕੀ। ਨਗਰ ਨਿਗਮ ਵੱਲੋਂ ਪੱਤਰ ਨੰਬਰ 230 ਮਿਤੀ 11.04.2017 ਰਾਹੀਂ ਸਰਕਾਰ ਨੂੰ ਇਸ ਪ੍ਰਕ੍ਰਿਆ ਨੂੰ ਪੂਰਾ ਕਰਨ ਲਈ ਪ੍ਰਵਾਨਗੀ ਦੇਣ ਲਈ ਲਿਖਿਆ ਗਿਆ ਸੀ। ਸਰਕਾਰ ਦੇ ਪੱਤਰ ਨੰਬਰ ਸ5-ਡਸਸ-ਮਸਸ-17/19869 ਮਿਤੀ 24.04.2017 ਰਾਹੀਂ ਇਸ ਪ੍ਰਕ੍ਰਿਆ ਨੂੰ ਸਰਕਾਰ ਦੀਆਂ ਗਾਈਡਲਾਈਨਜ਼ ਅਨੁਸਾਰ ਪੂਰਾ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ। ਇਸ ਅਨੁਸਾਰ ਇਹ ਭਰਤੀ ਕਰਨ ਲਈ ਸਲੈਕਸ਼ਨ ਕਮੇਟੀ ਬਨਾਉਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 14:** **ਪ੍ਰਵਾਨ ਹੈ। ਸਲੈਕਸ਼ਨ ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਜੀ ਨੂੰ ਦਿੱਤੇ ਜਾਂਦੇ ਹਨ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਪ੍ਰਵਾਨ ਹੈ।** |

**ਏਜੰਡਾ ਨੰਬਰ:** 14

ਰਿਪੋਰਟ ਬਿਲਡਿੰਗ ਸ਼ਾਖਾ ਕਿ ਸਰਕਾਰ ਵੱਲੋਂ ਗਰੀਨ ਬਿਲਡਿੰਗਾਂ ਨੂੰ ਪ੍ਰੋਤਸਾਹਿਤ ਕਰਨ ਲਈ ਪਾਲਿਸੀ ਨੰ: ਡੀ.ਟੀ.ਪੀ. (ਸ.ਸ)-2016/2895 ਮਿਤੀ 19.12.2016 ਨੂੰ ਨੋਟੀਫਾਈ ਕੀਤੀ ਗਈ ਸੀ। ਸਰਕਾਰ ਵੱਲੋਂ ਪਾਲਿਸੀ/ ਨੋਟੀਫਿਕੇਸ਼ਨ ਦੀ ਕਾਪੀ ਭੇਜਦੇ ਹੋਏ ਲਿਖਿਆ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਆਪ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਵੱਲੋਂ ਅਡਾਪਟ ਕੀਤਾ ਜਾਵੇ। ਉਕਤ ਨੋਟੀਫਿਕੇਸ਼ਨ ਨੰ: DTP(LG)-2016/2895 ਮਿਤੀ 19.12.2016 "The Punjab Municipal Green Building Incentives Policy - 2016 ਨਿਗਮ ਵੱਲੋਂ ਅਡਾਪਟ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 15:** **ਪਾਸ ਕੀਤਾ ਗਿਆ ਕਿ ਸਰਕਾਰ ਦੀ ਪਾਲਿਸੀ ਸਬੰਧੀ ਮੈਂਬਰ ਸਾਹਿਬਾਨ ਨੂੰ ਵਿਸਥਾਰ ਵਿੱਚ ਜਾਣੂ ਕਰਵਾਇਆ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਟਿਪਣੀ ਦੀ ਲੋੜ ਨਹੀਂ ਹੈ।** |

**ਏਜੰਡਾ ਨੰਬਰ:** 15

ਰਿਪੋਰਟ ਬਿਲਡਿੰਗ ਸ਼ਾਖਾ ਕਿ ਨਗਰ ਨਿਗਮ ਵੱਲੋਂ ਅਣ-ਅਧਿਕਾਰਤ ਕਲੋਨੀਆਂ/ ਪਲਾਟਾਂ/ ਬਿਲਡਿੰਗਾਂ ਨੂੰ ਰੈਗੂਲਰ ਕਰਨ ਸਬੰਧੀ ਪਾਲਿਸੀ ਤਹਿਤ ਅਣ-ਅਧਿਕਾਰਤ ਕਲੋਨੀਆਂ ਨੂੰ ਕੰਪਾਊਂਡ ਕਰਕੇ ਪਾਸ ਕੀਤਾ ਜਾਂਦਾ ਹੈ। ਨਿਗਮ ਦਫਤਰ ਵੱਲੋਂ ਰੈਗੂਲਰਾਇਜ਼ੇਸ਼ਨ ਪਾਲਿਸੀ ਤਹਿਤ ਜਿਹੜੀਆਂ ਕਲੋਨੀਆਂ ਨੂੰ ਪਾਸ ਕੀਤਾ ਗਿਆ ਹੈ, ਉਹਨਾਂ ਦੀਆਂ ਓਪਨ ਸਪੇਸਜ਼ ਜਿਵੇਂ ਕਿ ਸੜ੍ਹਕਾਂ, ਫੁੱਟਪਾਥ, ਪਾਰਕ, ਪਬਲਿਕ ਯੁਟੀਲਿਟੀਜ਼ ਆਦਿ ਦੀ ਰਜਿਸਟਰੀ ਨਗਰ ਨਿਗਮ ਬਠਿੰਡਾ ਦੇ ਨਾਮ ਕਰਵਾ ਲਈ ਜਾਵੇ। ਅਜਿਹੀਆਂ ਕਲੋਨੀਆਂ ਦੀ ਓਪਨ ਸਪੇਸਜ਼ ਦੀ ਰਜਿਸਟਰੀ ਨਗਰ ਨਿਗਮ ਬਠਿੰਡਾ ਦੇ ਨਾਮ ਕਰਵਾਉਣ ਲਈ ਨਿਗਮ ਹਾਊਸ ਤੋਂ ਜਨਰਲ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 16:** **ਪ੍ਰਵਾਨ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-** 17/31832 **ਮਿਤੀ** 08.06.2017 | **ਮਤੇ ਦੀ ਕਾਪੀ ਟਾਊਨ ਪਲੈਨਿੰਗ ਵਿੰਗ ਨੂੰ ਟਿਪਣੀ ਲਈ ਭੇਜੀ ਗਈ ਹੈ।** |

**ਏਜੰਡਾ ਨੰਬਰ:** 16

ਦਫਤਰੀ ਰਿਪੋਰਟ ਕਿ ਬਠਿੰਡਾ ਸ਼ਹਿਰ ਵਿਖੇ ਮਿੰਨੀ ਆਂਗਣਵਾੜੀ ਵਰਕਰ ਅਤੇ ਹੈਲਪਰ ਦੀਆਂ ਖਾਲੀ ਆਸਾਮੀਆਂ ਦੀ ਭਰਤੀ ਕਰਨ ਸਬੰਧੀ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਠਿੰਡਾ ਨੇ ਪੱਤਰ ਨੰ: 222 ਮਿਤੀ 30.06.2016 ਰਾਹੀਂ ਹੇਠ ਲਿਖੇ ਵਾਰਡਾਂ ਵਿੱਚ ਮਿੰਨੀ ਆਂਗਣਵਾੜੀ ਵਰਕਰ ਅਤੇ ਹੈਲਪਰਾਂ ਦੀਆਂ ਆਸਾਮੀਆਂ ਦੀਆਂ ਦਰਖਾਸਤਾਂ ਲੈਣ ਲਈ ਲਿਖਿਆ ਸੀ:-

ਦਰਖਾਸਤਾਂ ਲੈ ਕੇ ਵਾਰਡ ਵਾਈਜ਼ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਠਿੰਡਾ ਨੂੰ ਭੇਜ ਦਿੱਤੀਆਂ ਗਈਆਂ ਸਨ। ਵਿਭਾਗ ਵੱਲੋਂ ਪੱਤਰ ਨੰ: 863 ਮਿਤੀ 29.11.2016 ਰਾਹੀਂ ਹੇਠ ਲਿਖੇ ਵਾਰਡਾਂ ਦੀ ਮੈਰਿਟ ਸੂਚੀ ਤਿਆਰ ਕਰਕੇ ਹਾਊਸ ਦੀ ਮੀਟਿੰਗ ਵਿੱਚ ਪ੍ਰਵਾਨਗੀ ਲਈ ਭੇਜੀ ਹੈ।

| ਲੜੀ ਨੰ: | ਵਾਰਡ ਨੰ: | ਉਮੀਦਵਾਰ ਦਾ ਨਾਮ<br>ਸਰਵ ਸ਼੍ਰੀ/ਸ਼੍ਰੀਮਤੀ | ਆਸਾਮੀ ਦਾ ਨਾਮ |
|---|---|---|---|
| 1 | 7 | 1. ਗਗਨਦੀਪ ਕੋਰ ਪਤਨੀ ਗੁਰਵਿੰਦਰ ਸਿੰਘ<br>2. ਨਤਾਸ਼ਾ ਸ਼ਰਮਾ ਪਤਨੀ ਸਵ: ਸੰਜੀਵ ਕੁਮਾਰ<br>3. ਤੇਜਵਿੰਦਰ ਕੋਰ ਪਤਨੀ ਹਰਜਿੰਦਰ ਸਿੰਘ<br>4. ਵੀਰਪਾਲ ਕੋਰ ਪਤਨੀ ਲਖਵੀਰ ਸਿੰਘ<br>5. ਸੋਨੀਆ ਪਤਨੀ ਧਰਮਿੰਦਰ ਸਿੰਘ<br>6. ਪੂਜਾ ਰਾਣੀ ਪਤਨੀ ਵਿਕਾਸ ਕੁਕਮਾਰ<br>7. ਰਣਜੀਤ ਕੋਰ ਪਤਨੀ ਊਧਮ ਸਿੰਘ | ਮਿੰਨੀ ਆਂਗਣਵਾੜੀ ਵਰਕਰ |
| 2 | 17 | 1. ਰਿਪਤਾ ਬਾਂਸਲ ਪਤਨੀ ਸਤੀਸ਼ ਕੁਮਾਰ<br>2. ਰਾਜਵਿੰਦਰ ਕੋਰ ਪਤਨੀ ਅਮਰੀਕ ਸਿੰਘ<br>3. ਗੀਤਾ ਰਾਣੀ ਪਤਨੀ ਰਾਜਿੰਦਰ ਸਿੰਘ<br>4. ਸਰਬਜੀਤ ਕੋਰ ਪਤਨੀ ਰਣਜੀਤ ਸਿੰਘ<br>5. ਸੁਮਨ ਪਤਨੀ ਕੁਲਵਿੰਦਰ ਸਿੰਘ<br>6. ਰਾਜ ਰਾਣੀ ਪਤਨੀ ਕੁਲਵਿੰਦਰ ਸਿੰਘ | ਆਂਗਣਵਾੜੀ ਹੈਲਪਰ |

ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਮੈਰਿਟ ਬਨਾਉਣ ਸਮੇਂ ਨਿਗਮ ਦੇ ਕਿਸੇ ਵੀ ਕੌਂਸਲਰ ਨੂੰ ਮੈਂਬਰ ਨਹੀਂ ਲਿਆ ਗਿਆ। ਉਹਨਾਂ ਇਤਰਾਜ਼ ਕੀਤਾ ਕਿ ਮੈਰਿਟ ਬਨਾਉਣ ਲਈ ਚੁਣੇ ਹੋਏ ਨੁਮਾਇੰਦਿਆਂ ਵਿੱਚੋਂ ਦੋ ਮੈਂਬਰ ਨਿਯੁਕਤ ਕਰਦੇ ਹੋਏ ਮੈਰਿਟ ਫਾਇਨਲ ਕੀਤੀ ਜਾਇਆ ਕਰੇ। ਇਸਦੀ ਤਾਇਦ ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀ ਗੁਰਸੇਵਕ ਸਿੰਘ ਮਾਨ ਅਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਸਾਹਿਬਾਨ ਨੇ ਵੀ ਕੀਤੀ।**

**ਮਤਾ ਨੰਬਰ 17:** **ਕੌਂਸਲਰ ਸਾਹਿਬਾਨ ਦੇ ਇਤਰਾਜ਼ਾਂ ਤੇ ਵਿਚਾਰ ਕਰਦੇ ਹੋਏ ਪਾਸ ਕੀਤਾ ਜਾਂਦਾ ਹੈ ਕਿ ਬਾਲ ਵਿਕਾਸ ਪ੍ਰੋਜੈਕਟ ਅਫਸਰ ਬਠਿੰਡਾ ਵੱਲੋਂ ਮੈਰਿਟ ਤਿਆਰ ਕਰਨ ਸਮੇਂ ਨਿਗਮ ਦੇ ਚੁਣੇ ਹੋਏ ਕੌਂਸਲਰ ਸਾਹਿਬਾਨ ਵਿੱਚੋਂ ਦੋ ਕੌਂਸਲਰਜ਼ ਨੂੰ ਸ਼ਾਮਲ ਕੀਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਟਿਪਣੀ ਦੀ ਲੋੜ ਨਹੀਂ ਹੈ।** |

**ਏਜੰਡਾ ਨੰਬਰ: 17**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਗਰਮੀਆਂ ਦੇ ਮੌਸਮ ਵਿੱਚ ਮਿਉਂਸਪਲ ਸਵੀਮਿੰਗ ਪੂਲ ਚਲਾਇਆ ਜਾਂਦਾ ਹੈ। ਇਸ ਦੋਰਾਨ ਬਹੁਤ ਸਾਰੇ ਸਕੂਲੀ ਬੱਚੇ ਅਤੇ ਆਮ ਪਬਲਿਕ ਦੁਆਰਾ ਪੂਲ ਵਿੱਚ ਤੈਰਾਕੀ ਕੀਤੀ ਜਾਂਦੀ ਹੈ। ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਅਤੇ ਐਮਰਜੈਂਸੀ ਦੋਰਾਨ ਲਾਈਫ ਗਾਰਡ ਦੀ ਜਰੂਰਤ ਹੈ। ਨਗਰ ਨਿਗਮ ਕੋਲ ਕੋਈ ਵੀ ਪੱਕਾ ਲਾਈਫ ਗਾਰਡ ਨਹੀਂ ਹੈ। ਆਊਟ ਸੋਰਸਿੰਗ ਰਾਹੀਂ ਲਾਈਫ ਗਾਰਡ ਨੂੰ ਲਗਾਉਣ ਲਈ ਅੰਦਾਜ਼ਨ ਇੱਕ ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾਂ ਹੈ। ਇਸ ਸਬੰਧੀ ਸਬੰਧਤ ਸਹਾਇਕ ਨਿਗਮ ਇੰਜੀਨੀਅਰ ਨੇ ਸਾਲ 2017-18 ਸੀਜ਼ਨ ਲਈ ਲਾਈਫ ਗਾਰਡ ਆਊਟ ਸੋਰਸ ਰਾਹੀਂ ਤੈਨਾਤ ਕੀਤੇ ਜਾਣ ਲਈ ਰਿਪੋਰਟ ਕੀਤੀ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ May allow to arrange life guard on outsource from M/s. S.S. Service Providers, Patiala. ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 18:** **ਪ੍ਰਵਾਨ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਪ੍ਰਵਾਨ ਹੈ।** |

**ਏਜੰਡਾ ਨੰਬਰ: 18**

ਰਿਪੋਰਟ ਬਿਲਡਿੰਗ ਸ਼ਾਖਾ ਕਿ ਲਾਇਸੰਸਦਾਰਾਂ ਦੁਆਰਾ ਸਰਕਾਰੀ ਇਮਾਰਤਾਂ/ਜਮੀਨਾਂ ਉਪਰ ਦੂਰ ਸੰਚਾਰ ਬੁਨਿਆਦੀ ਢਾਂਚੇ ਦੀ ਸਥਾਪਨਾ ਦੇ ਸਬੰਧ ਵਿੱਚ ਡਾਟਾ ਸੰਚਾਰਣ ਨੂੰ ਉਚੇਰੇ ਪੱਧਰ ਤੇ ਪਹੁੰਚਾਉਣ ਲਈ ਅਤੇ ਕਾਲ ਡਰਾਪ ਦੀ ਸਮੱਸਿਆ ਨੂੰ ਹੱਲ ਕਰਨ ਲਈ ਮਿਤੀ 05.12.2013 ਨੂੰ ਜਾਰੀ ਕੀਤੀ ਗਈ ਟੈਲੀਕਾਮ ਪਾਲਿਸੀ ਦੀ ਲਗਾਤਾਰਤਾ ਵਿੱਚ ਪੰਜਾਬ ਰਾਜ ਦੀਆਂ ਸਰਕਾਰੀ, ਅੱਧ-ਸਰਕਾਰੀ, ਬੋਰਡ, ਕਾਰਪੋਰੇਸ਼ਨ, ਸੋਸਾਇਟੀ ਆਦਿ ਦੀਆ ਇਮਾਰਤਾਂ ਅਤੇ ਜਮੀਨਾਂ ਉੱਤੇ ਟਾਵਰ/ ਮਾਸਟ/ਪੋਲ ਆਦਿ ਨੂੰ ਸਥਾਪਤ ਕਰਨ ਲਈ ਮੰਨਜ਼ੂਰੀ ਦੇਣ ਵਾਸਤੇ ਡਿਪਟੀ ਕਮਿਸ਼ਨਰ ਜੀ ਦੀ ਚੈਅਰਮੈਨਸ਼ਿਪ ਹੇਠ ਸੱਤ ਮੈਂਬਰੀ ਕਮੇਟੀ ਦਾ ਗਠਨ ਪੰਜਾਬ ਸਰਕਾਰ ਦੇ ਉਦਯੋਗ ਅਤੇ ਕਾਮਰਸ ਵਿਭਾਗ, ਚੰਡੀਗੜ੍ਹ ਵੱਲੋਂ ਪੱਤਰ ਮਿਤੀ 26.10.2015 ਜਾਰੀ ਕੀਤਾ ਗਿਆ ਹੈ। ਇਸਦੇ ਸਬੰਧ ਵਿੱਚ ਇੰਡਸ ਟਾਵਰ ਕੰਪਨੀ ਵੱਲੋਂ ਨਗਰ ਨਿਗਮ ਦੀ ਜਾਇਦਾਦ ਵਾਕਿਆ ਆਈ.ਟੀ.ਆਈ. ਪਾਰਕ ਮਾਨਸਾ ਰੋਡ ਵਿਖੇ ਐਮ.ਸੀ. ਟਿਊਬਵੈਲ ਅਤੇ ਪਾਰਕ ਸਾਈਟ ਤੇ ਦੋ ਮੋਬਾਇਲ ਟਾਵਰ ਲਗਾਉਣ ਲਈ ਜਗ੍ਹਾ ਲੀਜ਼ ਤੇ ਲੈਣ ਵਾਸਤੇ ਤਜਵੀਜ ਜਿਲਾ-ਪੱਧਰੀ ਕਮੇਟੀ ਵੱਲੋਂ ਭੇਜੀ ਗਈ ਹੈ। ਮੋਬਾਇਲ ਟਾਵਰ ਲਈ ਜਗ੍ਹਾ ਦਾ ਸਲਾਨਾ ਕਿਰਾਇਆ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੂਲੈਕਟਰ ਰੇਟ ਦੇ 6% ਦੀ ਦਰ ਨਾਲ ਮਿਥਿਆ ਜਾਣਾ ਹੈ। ਜ਼ਿਕਰਯੋਗ ਹੈ ਕਿ ਆਈ.ਟੀ.ਆਈ. ਪਾਰਕ ਦਾ ਕੁੱਲ ਰਕਬਾ 5000 ਵ: ਗਜ਼ ਹੈ, ਜਿਸ ਵਿੱਚ ਪਹਿਲਾਂ ਹੀ ਇੱਕ ਮੋਬਾਇਲ ਟਾਵਰ ਲਗਿਆ ਹੋਇਆ ਹੈ। ਇੰਡਸ ਟਾਵਰ ਕੰਪਨੀ ਨੂੰ ਮੋਬਾਇਲ ਟਾਵਰ ਲਗਾਉਣ ਲਈ 217.85 ਵ: ਫੁੱਟ ਜਗ੍ਹਾ ਲੀਜ਼ ਤੇ ਦੇਣੀ ਹੈ। ਇਸੇ ਤਰ੍ਹਾਂ ਨਗਰ ਨਿਗਮ ਦੇ ਟਿਊਬਵੈਲ ਦੀ ਜਗ੍ਹਾ ਦਾ ਕੁੱਲ ਰਕਬਾ 3600 ਵ: ਗਜ਼ ਹੈ ਅਤੇ ਇੰਡਸ ਟਾਵਰ ਕੰਪਨੀ ਦੇ ਮੋਬਾਇਲ ਟਾਵਰ ਲਈ 217.85 ਵ: ਗਜ਼ ਜਗ੍ਹਾ ਲੀਜ਼ ਤੇ ਦੇਣੀ ਹੈ। ਦੋਵੇਂ ਥਾਂਵਾਂ ਤੇ ਟਾਵਰ ਲਗਾਉਣ ਲਈ ਜਗ੍ਹਾ ਲੀਜ਼ ਤੇ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 19:** **ਨਾ-ਪ੍ਰਵਾਨ ਕੀਤਾ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਟਿਪਣੀ ਦੀ ਲੋੜ ਨਹੀਂ ਹੈ।** |

**ਏਜੰਡਾ ਨੰਬਰ: 19**

ਰਿਪੋਰਟ ਬਿਲਡਿੰਗ ਸ਼ਾਖਾ ਕਿ ਕੋਰਟ ਕੇਸ "ਬਿਮਲਾ ਦੇਵੀ ਬਨਾਮ ਨਗਰ ਨਿਗਮ ਬਠਿੰਡਾ" ਦੇ ਕੇਸ ਦੇ ਨਿਪਟਾਰੇ ਲਈ ਮਾਨਯੋਗ ਜੁਆਇੰਟ ਕਮਿਸ਼ਨਰ ਸਾਹਿਬ ਜੀ ਦੇ ਹੁਕਮਾਂ ਰਾਹੀਂ ਸ਼੍ਰੀ ਕਿਸ਼ੋਰ ਚੰਦ ਬਾਂਸਲ, ਐਮ.ਟੀ.ਪੀ. ਸ਼੍ਰੀ ਦਵਿੰਦਰ ਸਿੰਘ ਜੋੜ੍ਹਾ, ਨਿਗਮ ਇੰਜੀਨੀਅਰ, ਸ਼੍ਰੀ ਗੁਰਪ੍ਰੀਤ ਸਿੰਘ, ਏ.ਟੀ.ਪੀ., ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਅਤੇ ਸ਼੍ਰੀਮਤੀ ਸੁਖਵਿੰਦਰ ਕੋਰ, ਕੌਂਸਲਰ ਦੀ ਸਬ-ਕਮੇਟੀ ਦਾ ਗਠਨ ਕੀਤਾ ਗਿਆ ਸੀ ਅਤੇ ਇਸ ਗਠਿਤ ਕੀਤੀ ਗਈ ਸਬ-ਕਮੇਟੀ ਵੱਲੋਂ ਇਸ ਮਸਲੇ ਦੇ ਨਿਪਟਾਰੇ ਲਈ ਸਮੇਂ-ਸਮੇਂ ਤੇ ਮੀਟਿੰਗਾਂ ਕੀਤੀਆਂ ਗਈਆਂ। ਸਬ-ਕਮੇਟੀ ਵੱਲੋਂ ਕੀਤੀ ਗਈ ਮਿਤੀ 13.01.2017 ਦੀ ਮੀਟਿੰਗ ਵਿੱਚ ਸਬ-ਕਮੇਟੀ ਦੇ ਮੈਂਬਰਾਂ ਵੱਲੋਂ ਫੈਸਲਾ ਲਿਆ ਗਿਆ ਕਿ ਜਿਵੇਂ ਕਿ ਨਿਗਮ ਦਫਤਰ ਵੱਲੋਂ ਪਟੀਸ਼ਨਰ ਨੂੰ ਦੋ ਆਪਸ਼ਨ ਦੇ ਕੇ ਕਿਹਾ ਗਿਆ ਸੀ ਕਿ ਜਾਂ ਤਾਂ ਪਟੀਸ਼ਨਰ ਆਪਣੀ ਮਾਲਕੀ ਦੀ ਜਗ੍ਹਾ ਵਿੱਚੋਂ 25% ਜਗ੍ਹਾ ਛੱਡ ਕੇ ਹੋਰ ਲੋਕਾਂ ਵੱਲੋਂ ਛੱਡੀਆਂ ਗਈਆਂ ਗਲੀਆਂ, ਸੜ੍ਹਕਾਂ ਅਤੇ ਪਾਰਕਾਂ ਦਾ ਹਿੱਸੇਦਾਰ ਬਣਾ ਕੇ ਇਸਦੀ ਵਰਤੋਂ ਕਰ ਸਕਦਾ ਹੈ ਅਤੇ ਜੇਕਰ ਪ੍ਰਾਰਥੀ ਆਪਣੀ ਮਾਲਕੀ ਦੀ ਜਗ੍ਹਾ ਨਹੀਂ ਛੱਡਣਾ ਚਾਹੁੰਦਾ ਤਾਂ ਉਹ ਟੀ.ਪੀ. ਸਕੀਮ ਨੰ: 15 ਵਿੱਚ ਲਗਦੀਆਂ ਗਲੀਆਂ, ਸੜ੍ਹਕਾਂ ਅਤੇ ਪਾਰਕਾਂ ਦੀ ਵਰਤੋਂ ਵਿੱਚ ਆਪਣਾ ਹਿੱਸਾ ਨਹੀਂ ਪਾ ਸਕੇਗਾ। ਹੁਣ ਕਿਉਂਕਿ ਪ੍ਰਾਰਥੀ ਵੱਲੋਂ ਕੋਈ ਸੰਤੋਸ਼ਜਨਕ ਜਵਾਬ ਨਹੀਂ ਪ੍ਰਾਪਤ ਹੋਇਆ ਹੈ ਤਾਂ ਇਸ ਹਾਲਤ ਵਿੱਚ ਸਬ-ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਫੈਸਲਾ ਲਿਆ ਗਿਆ ਕਿ ਪਟੀਸ਼ਨਰ ਦੀ ਜਗ੍ਹਾ ਸੜ੍ਹਕ ਤੋਂ ਬਾਹਰ ਕੱਢਦੇ ਹੋਏ ਚਾਰਦੀਵਾਰੀ ਕਰ ਲਈ ਜਾਵੇ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 20:** **ਪਾਸ ਕੀਤਾ ਗਿਆ ਕਿ ਪਟੀਸ਼ਨਰ ਨੂੰ ਇੱਕ ਮੌਕਾ ਹੋਰ ਦਿੱਤਾ ਜਾਵੇ। ਤੱਦ ਤੱਕ ਲਈ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

| | |
|---|---|
| **ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017** | **ਟਿਪਣੀ ਦੀ ਲੋੜ ਨਹੀਂ ਹੈ।** |

**ਏਜੰਡਾ ਨੰਬਰ: 20**

ਰਿਪੋਰਟ ਵਰਕਸ ਸ਼ਾਖਾ ਕਿ Quadrant Televentures Ltd. ਵੱਲੋਂ Copper Cable ਪਾਉਣ ਦੀ ਦਰਖਾਸਤ ਦਿੱਤੀ ਗਈ ਹੈ। ਨਕਸ਼ੇ ਅਨੁਸਾਰ ਜਿੱਥੇ Cable ਪਾਉਣੀ ਹੈ, ਉੱਥੇ ਨਵੀਂ ਸੜ੍ਹਕ ਬਣੀ ਹੈ। ਕੇਬਲ ਪਾਉਣ ਦੇ ਨਾਲ ਸੜ੍ਹਕ ਨੂੰ ਨੁਕਸਾਨ ਪਹੁੰਚ ਸਕਦਾ ਹੈ। ਇਸ ਕਰਕੇ ਕੇਬਲ ਪਾਉਣ ਲਈ ਮੰਨਜ਼ੂਰੀ ਦੇਣੀ ਵਿਚਾਰਨ ਯੋਗ ਹੋਵੇਗੀ। ਇਸ ਲਈ ਉਕਤ ਕੰਮ ਤੇ ਵਿਚਾਰ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਹਰਮੰਦਰ ਸਿੰਘ, ਕੌਂਸਲਰ ਨੇ ਦਸਿਆ ਕਿ ਨਵੀਂਆਂ ਬਣੀਆਂ ਸੜ੍ਹਕਾਂ ਨੂੰ ਨਾ ਤੋੜਿਆ ਜਾਵੇ। ਉਹਨਾਂ ਧਿਆਨ ਵਿੱਚ ਲਿਆਂਦਾ ਕਿ ਸ਼ਿਮਲਾ ਕਾਰਪੋਰੇਸ਼ਨ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਇੱਕ ਪ੍ਰੋਜੈਕਟ**

ਬਣਾਇਆ ਗਿਆ ਹੈ। ਉਹਨਾਂ ਕਿਹਾ ਕਿ ਕਿਸੇ ਅਧਿਕਾਰੀ ਅਤੇ ਨਿਗਮ ਦੇ ਚੁਣੇ ਹੋਏ ਨੁਮਾਇੰਦਿਆਂ ਵਿੱਚੋਂ ਕਿਸੇ ਕੌਂਸਲਰ ਸਾਹਿਬਾਨ ਨੂੰ ਸ਼ਿਮਲਾ ਭੇਜ ਕੇ ਸ਼ਿਮਲਾ ਕਾਰਪੋਰੇਸ਼ਨ ਦੀ ਤਰਜ਼ ਤੇ ਨਗਰ ਨਿਗਮ ਬਠਿੰਡਾ ਲਈ ਪਾਇਲਟ ਪ੍ਰੋਜੈਕਟ ਤਿਆਰ ਕੀਤਾ ਜਾਵੇ।

**ਮਤਾ ਨੰਬਰ 21:** ਸ਼੍ਰੀ ਹਰਮੰਦਰ ਸਿੰਘ, ਕੌਂਸਲਰ ਦੀ ਤਜਵੀਜ ਪ੍ਰਵਾਨ ਹੈ। ਕੇਬਲ ਪਾਉਣ ਦੀ ਮੰਨਜ਼ੂਰੀ ਦੇਣਾ ਪੈਡਿੰਗ ਰੱਖਿਆ ਜਾਂਦਾ ਹੈ।

| | |
|---|---|
| ਸਰਕਾਰ ਦਾ ਫੈਸਲਾ ਸ5-ਡਸਸ-ਮਸਸ-17/31832 ਮਿਤੀ 08.06.2017 | ਟਿਪਣੀ ਦੀ ਲੋੜ ਨਹੀਂ ਹੈ। |

ਸਹੀ/-
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ.ਟੂ ਕਮਿਸ਼ਨਰ
3. ਸੰਯੁਕਤ ਕਮਿਸ਼ਨਰ
4. ਨਿਗਰਾਨ ਇੰਜੀਨੀਅਰ
5. ਸਮੂਹ ਨਿਗਮ ਇੰਜੀਨੀਅਰ
6. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
7. ਸਮੂਹ ਸੁਪਰਡੈਂਟ
8. ਡਿਪਟੀ ਕੰਟਰੋਲਰ (ਲੋਕਲ ਆਡਿਟ)
9. ਸਹਾਇਕ ਮੰਡਲ ਫਾਇਰ ਅਫਸਰ
10. ਲੇਖਾਕਾਰ
11. ਸਮੂਹ ਚੀਫ ਸੈਨਟਰੀ ਇੰਸਪੈਕਟਰ
12. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 1 ਅਤੇ 2
   ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2017 ਨੂੰ ਸਵੇਰੇ 11.00 ਵਜੇ

ਅੱਜ ਮਿਤੀ 06.09.2017 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 17 | ਦਰਸ਼ਨ ਕੁਮਾਰ | 20 | ਕੌਂਸਲਰ |
| 18 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 19 | ਸੁਖਮਿੰਦਰ ਸਿੰਘ | 22 | ਕੌਂਸਲਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਪ੍ਰਿੰਯਕਾ ਗੋਇਲ | 24 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਰਾਮ ਦਾਸ | 30 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਸੰਜੇ | 35 | ਕੌਂਸਲਰ |
| 29 | ਜਗਰਾਜ ਸਿੰਘ | 36 | ਕੌਂਸਲਰ |
| 30 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 31 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 32 | ਸ਼ਿੰਦਰ ਕੌਰ | 40 | ਕੌਂਸਲਰ |
| 33 | ਅੰਜਨਾ ਰਾਣੀ | 41 | ਕੌਂਸਲਰ |
| 34 | ਪ੍ਰਦੀਪ ਗੋਇਲ | 42 | ਕੌਂਸਲਰ |
| 35 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 36 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 37 | ਸੁਖਵਿੰਦਰ ਕੌਰ | 45 | ਕੌਂਸਲਰ |
| 38 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 39 | ਨਿਰਮਲ ਕੌਰ | 47 | ਕੌਂਸਲਰ |
| 40 | ਗੁਰਮੀਤ ਕੌਰ | 49 | ਕੌਂਸਲਰ |
| 41 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਸ਼੍ਰੀ ਹੁਕਮ ਚੰਦ ਸ਼ਰਮਾ, ਐਕਸ ਕੌਂਸਲਰ ਜੀ ਦੇ ਅਚਾਨਕ ਸਵਰਗਵਾਸ ਹੋਣ ਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

**ਮਤਾ ਨੰਬਰ 22:** **ਹਾਊਸ ਵੱਲੋਂ ਸ਼੍ਰੀ ਹੁਕਮ ਚੰਦ ਸ਼ਰਮਾ, ਐਕਸ ਕੌਂਸਲਰ ਜੀ ਦੇ ਅਚਾਨਕ ਸਵਰਗਵਾਸ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

**ਸਹੀ/–**
**ਮੇਅਰ**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 06.09.2017 ਨੂੰ ਸਵੇਰੇ 11.15 ਵਜੇ

ਅੱਜ ਮਿਤੀ 06.09.2017 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਹਰਪਾਲ ਸਿੰਘ | 7 | ਕੌਂਸਲਰ |
| 6 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 7 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਬਲਜੀਤ ਸਿੰਘ ਬੀੜ ਬਹਿਮਣ | 15 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਰਾਜਾ ਸਿੰਘ | 18 | ਕੌਂਸਲਰ |
| 16 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 17 | ਦਰਸ਼ਨ ਕੁਮਾਰ | 20 | ਕੌਂਸਲਰ |
| 18 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 19 | ਸੁਖਮਿੰਦਰ ਸਿੰਘ | 22 | ਕੌਂਸਲਰ |
| 20 | ਕਮਲੇਸ਼ ਰਾਣੀ | 23 | ਕੌਂਸਲਰ |
| 21 | ਪ੍ਰਿੰਯਕਾ ਗੋਇਲ | 24 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਰਾਮ ਦਾਸ | 30 | ਕੌਂਸਲਰ |
| 25 | ਪ੍ਰੀਤਮ ਕੌਰ | 31 | ਕੌਂਸਲਰ |
| 26 | ਸ਼ਾਮ ਲਾਲ ਜੈਨ | 32 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਸੰਜੇ | 35 | ਕੌਂਸਲਰ |
| 29 | ਜਗਰਾਜ ਸਿੰਘ | 36 | ਕੌਂਸਲਰ |
| 30 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 31 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 32 | ਸ਼ਿੰਦਰ ਕੌਰ | 40 | ਕੌਂਸਲਰ |
| 33 | ਅੰਜਨਾ ਰਾਣੀ | 41 | ਕੌਂਸਲਰ |
| 34 | ਪ੍ਰਦੀਪ ਗੋਇਲ | 42 | ਕੌਂਸਲਰ |
| 35 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 36 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 37 | ਸੁਖਵਿੰਦਰ ਕੌਰ | 45 | ਕੌਂਸਲਰ |
| 38 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 39 | ਨਿਰਮਲ ਕੌਰ | 47 | ਕੌਂਸਲਰ |
| 40 | ਗੁਰਮੀਤ ਕੌਰ | 49 | ਕੌਂਸਲਰ |
| 41 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸਮੂਹ ਕੌਂਸਲਰ ਸਾਹਿਬਾਨ ਨੇ ਤ੍ਰਿਵੇਣੀ ਕੰਪਨੀ ਦੀ ਕਾਰਗੁਜ਼ਾਰੀ ਤੇ ਨਾ-ਤਸੱਲੀ ਪ੍ਰਗਟਾਉਂਦੇ ਹੋਏ ਹਾਊਸ ਵਿੱਚ ਰੋਸ ਪ੍ਰਗਟ ਕੀਤਾ ਅਤੇ ਨਾਲ ਹੀ ਸਫਾਈ ਸੇਵਕਾਂ ਦੀ ਹਾਜ਼ਰੀ ਚੈਕ ਕਰਨ ਦੀ ਮੰਗ ਕੀਤੀ। ਰੋਸ ਪ੍ਰਗਟ ਕਰਦੇ ਹੋਏ ਉਹ ਧਰਨੇ ਤੇ ਬੈਠ ਗਏ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਤ੍ਰਿਵੇਣੀ ਅਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਫੰਡ ਅਲਾਟ ਕਰਨ ਤੋਂ ਪਹਿਲਾਂ ਵਰਤੋਂ ਸਰਟੀਫਿਕੇਟ ਪੇਸ਼ ਕਰਨ ਦੀ ਹਦਾਇਤ ਕੀਤੀ ਗਈ ਹੈ। ਉਹਨਾਂ ਯਕੀਨ ਦਿਵਾਇਆ ਕਿ ਜਦੋਂ ਤੱਕ ਵਰਤੋਂ ਸਰਟੀਫਿਕੇਟ ਪੇਸ਼ ਨਹੀਂ ਕੀਤੇ ਜਾਂਦੇ, ਉਂਦੋਂ ਤੱਕ ਨਵੇਂ ਫੰਡ ਜਾਰੀ ਨਹੀਂ ਕੀਤੇ ਜਾਣਗੇ।

ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਚੁਣੇ ਹੋਏ ਨੁਮਾਇੰਦੇ ਦਾ ਫੋਨ ਅਟੈਂਡ ਨਹੀਂ ਕੀਤਾ ਜਾਂਦਾ ਤਾਂ ਉਸਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਮੇਅਰ ਸਾਹਿਬ ਨੇ ਇਹ ਵੀ ਹਦਾਇਤ ਕੀਤੀ ਕਿ ਰੋਡ ਜਾਲੀਆਂ ਸਾਫ ਕਰਨ ਸਬੰਧੀ ਰਿਕਾਰਡ ਸਮੂਹ ਮੈਂਬਰ ਸਾਹਿਬਾਨ ਨੂੰ ਦਿਖਾਇਆ ਜਾਵੇ। ਹਾਊਸ ਵਿੱਚ ਮੌਜੂਦ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਯਕੀਨ ਦਿਵਾਉਣ ਤੇ ਕਿ ਰਹਿੰਦੇ ਕੰਮ ਜਲਦੀ ਸ਼ੁਰੂ ਕਰਵਾ ਦਿੱਤੇ ਜਾਣਗੇ, ਸਮੂਹ ਕੌਂਸਲਰ ਸਾਹਿਬਾਨ ਵੱਲੋਂ ਧਰਨਾ ਚੁੱਕਿਆ ਗਿਆ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਸੰਗੂਆਣਾ ਬਸਤੀ, ਗਲੀ ਨੰ: 2 ਵਿੱਚ 130 ਗੱਜ਼ ਦਾ ਇੱਕ ਐਲੀਮੈਂਟਰੀ ਸਕੂਲ ਹੈ, ਜੋ ਕਿ ਸਾਲ 1954 ਦਾ ਬਣਿਆ ਹੋਇਆ ਹੈ। ਇਸ ਸਕੂਲ ਦੀ ਹਾਲਤ ਬਹੁਤ ਹੀ ਖਸਤਾ ਹੈ। ਇਹ ਸਕੂਲ ਕਿਸੇ ਵੇਲੇ ਵੀ ਡਿੱਗ ਸਕਦਾ ਹੈ ਅਤੇ ਕੋਈ ਵੱਡਾ ਹਾਦਸਾ ਹੋਣ ਦਾ ਖਤਰਾ ਹੈ। ਉਹਨਾਂ ਮੰਗ ਕੀਤੀ ਕਿ ਮਤਾ ਨੰਬਰ 38 ਮਿਤੀ 21.09.2016 ਰਾਹੀਂ ਪਾਸ ਕੀਤੇ ਮਤੇ ਜਿਸ ਵਿੱਚ ਛੱਪੜ੍ਹ ਵਿੱਚੋਂ 1000-1500 ਗੱਜ਼ ਸਕੂਲ ਖਾਤਰ ਮੰਗੀ ਗਈ ਸੀ, ਬਾਰੇ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਵੇ।

ਮੇਅਰ ਸਾਹਿਬ ਨੇ ਕਮਿਸ਼ਨਰ ਸਾਹਿਬ ਨੂੰ ਕਿਹਾ ਕਿ ਮਤਾ ਨੰਬਰ 38 ਮਿਤੀ 21.09.2016 ਸਬੰਧੀ ਜਿਸ ਬਾਰੇ ਪਹਿਲਾਂ ਅਤੇ ਅੱਜ ਵੀ ਹਾਊਸ ਵਿੱਚ ਆਵਾਜ਼ ਉਠਾਈ ਗਈ ਹੈ, ਬਾਰੇ ਜਲਦ ਤੋਂ ਜਲਦ ਸਕੂਲ ਲਈ ਜਗ੍ਹਾ ਮੁਹਈਆ ਕਰਾਉਣ ਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਜਦ ਤੋਂ ਬਠਿੰਡਾ ਸ਼ਹਿਰ ਹੌਂਦ ਵਿੱਚ ਆਇਆ ਹੈ, ਉਸ ਸਮੇਂ ਤੋਂ ਹੀ ਬਠਿੰਡਾ ਸ਼ਹਿਰ ਵਿੱਚ ਸਿਰਫ ਇੱਕ ਪੁਰਾਣੀ ਸੜ੍ਹਕ ਹੈ ਜਿਸਦਾ ਨਾਮ ਠੰਡੀ ਸੜ੍ਹਕ ਹੈ। ਇਹ ਸੜ੍ਹਕ ਲਾਇਨੋਪਾਰ ਇਲਾਕੇ ਵਿੱਚ ਲਾਲ ਸਿੰਘ ਬਸਤੀ ਤੋਂ ਲੈ ਕੇ ਪਰਸ ਰਾਮ ਨਗਰ ਤੱਕ ਜਾਂਦੀ ਹੈ। ਇਹ ਸੜ੍ਹਕ ਅੰਗ੍ਰੇਜ਼ਾਂ ਦੇ ਟਾਇਮ ਦੀ ਬਣੀ ਹੋਈ ਹੈ।ਇਸ ਸੜ੍ਹਕ ਦੀ ਹਾਲਤ ਬਹੁਤ ਜਿਆਦਾ ਤਰਸਯੋਗ ਅਤੇ ਮਾੜੀ ਹੋ ਚੁੱਕੀ ਹੈ। ਉਹਨਾਂ ਮੰਗ ਕੀਤੀ ਕਿ ਰੇਲਵੇ ਵਿਭਾਗ ਨਾਲ ਤਾਲਮੇਲ ਕਰਕੇ ਜਲਦ ਤੋਂ ਜਲਦ ਬਨਾਉਣ ਸਬੰਧੀ ਕਾਰਵਾਈ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਪਰਸ ਰਾਮ ਨਗਰ ਦੀ ਗਲੀ ਨੰ: 26 ਤੋਂ ਲੈ ਕੇ 38 ਤੱਕ ਮਤਾ ਨੰਬਰ 101 ਮਿਤੀ 14.12.2015 ਰਾਹੀਂ ਜੋ ਇਸ ਸੜ੍ਹਕ ਨੂੰ 80 ਫੁੱਟ ਚੌੜ੍ਹੀ ਸੜ੍ਹਕ ਕਰਨ ਦਾ ਮਤਾ ਪਾਸ ਕੀਤਾ ਗਿਆ ਸੀ, ਉਸ ਤੇ 80 ਫੁੱਟ ਛੱਡ ਕੇ ਹੀ ਨਕਸ਼ੇ ਪਾਸ ਕੀਤੇ ਗਏ ਹਨ। ਉਹਨਾਂ ਮੰਗ ਕੀਤੀ ਕਿ ਇਸ ਸੜ੍ਹਕ ਨੂੰ 80 ਫੁੱਟੀ ਨੋਟੀਫਾਈ ਕਰਵਾਉਣ ਖਾਤਰ ਜੋ ਵੀ ਕਾਰਵਾਈ ਪੈਡਿੰਗ ਹੈ, ਉਹ ਜਲਦ ਤੋਂ ਜਲਦ ਪੂਰੀ ਕੀਤੀ ਜਾਵੇ ਅਤੇ ਨੋਟੀਫਿਕੇਸ਼ਨ ਕਰਵਾਈ ਜਾਵੇ, ਤਾਂ ਜੋ ਇਸ ਏਰੀਏ ਵਿੱਚ ਦਿਨ ਬ ਦਿਨ ਵੱਧ ਰਹੇ ਟ੍ਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਮਿਲ ਸਕੇ।

ਹਾਊਸ ਵਿੱਚ ਮੋਜੂਦ ਮੈਂਬਰ ਸਾਹਿਬਾਨ ਵੱਲੋਂ ਮੰਗ ਕੀਤੀ ਗਈ ਕਿ ਜੋ ਕੰਮ ਰੋਕ ਦਿੱਤੇ ਗਏ ਹਨ, ਉਹ ਜਲਦ ਤੋਂ ਚਾਲੂ ਕੀਤੇ ਜਾਣ।

ਇਸ ਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਸਰਕਾਰ ਵੱਲੋਂ ਜੋ ਵੀ ਕੰਮ ਰੋਕੇ ਗਏ ਹਨ, ਉਹ ਚਾਲੂ ਕਰਵਾਉਣ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਆਏ ਦਿਨ ਕਈ ਪਸ਼ੂ ਮਰਦੇ ਹਨ। ਪਰੰਤੂ ਸ਼ਹਿਰ ਵਿੱਚ ਕੋਈ ਹੱਡਾ ਰੋੜੀ ਨਾ ਹੋਣ ਕਾਰਨ ਪਸ਼ੂਆਂ ਨੂੰ ਚੁੱਕਣ ਵਿੱਚ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਮੁਰਦਾ ਪਸ਼ੂਆਂ ਨੂੰ ਚੁੱਕਣ ਲਈ ਸ਼ਹਿਰ ਵਿੱਚ ਹੱਡਾ ਰੋੜੀ ਬਨਾਉਣ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ, ਕਿਉਂ ਜੋ ਮੁਰਦਾ ਪਸ਼ੂ ਨਾ ਚੁੱਕੇ ਜਾਣ ਕਾਰਨ ਸ਼ਹਿਰ ਵਿੱਚ ਬੀਮਾਰੀਆਂ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟਾਈ ਗਈ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਸਵੇਰੇ 2:00 ਵਜੇ ਪਾਣੀ ਦੀ ਸਪਲਾਈ ਕੀਤੀ ਜਾਂਦੀ ਹੈ। ਜਿਸ ਨਾਲ ਆਮ ਪਬਲਿਕ ਦੀ ਸਿਹਤ ਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ। ਉਹਨਾਂ ਸਵੇਰੇ 4:00 ਵਜੇ ਪਾਣੀ ਦੇਣ ਦੀ ਮੰਗ ਕੀਤੀ। ਇਸਤੇ ਸ਼੍ਰੀ ਹਰਮਿੰਦਰ ਸਿੰਘ,ਕੌਂਸਲਰ ਨੇ ਕਿਹਾ ਕਿ ਪਾਣੀ ਦੀ ਸਪਲਾਈ ਸਬੰਧੀ ਮਾਨੀਟਰਿੰਗ ਸਿਸਟਮ ਸਹੀ ਨਾ ਹੋਣ ਕਾਰਨ ਇਹ ਦਿੱਕਤ ਆ ਰਹੀ ਹੈ। ਉਹਨਾਂ ਜਲਦ ਤੋਂ ਜਲਦ ਮਾਨੀਟਰਿੰਗ ਸਿਸਟਮ ਸਹੀ ਕਰਨ ਦੀ ਮੰਗ ਕੀਤੀ ਤਾਂ ਜੋ ਆਮ ਪਬਲਿਕ ਨੂੰ ਪਾਣੀ ਦੀ ਸਪਲਾਈ ਸਬੰਧੀ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ।ਉਹਨਾਂ ਹਰ ਮੋਟਰ ਦੀ ਲਾਗ-ਸ਼ੀਟ ਵੀ ਭਰਨ ਦੀ ਮੰਗ ਕੀਤੀ। ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਨੂੰ ਟਰੀਟ ਕੀਤੇ ਜਾਂਦੇ ਪਾਣੀ ਦੀ ਮਾਤਰਾ ਅਤੇ ਡਿਸਚਾਰਜ਼ ਕੀਤੇ ਜਾਣ ਵਾਲੇ ਪਾਣੀ ਦੀ ਮਾਤਰਾ ਸਬੰਧੀ 5 ਦਿਨਾਂ ਦੇ ਅੰਦਰ-ਅੰਦਰ ਵਿਸਥਾਰ ਪੂਰਵਕ ਰਿਪੋਰਟ ਦੇਣ ਦੀ ਹਦਾਇਤ ਕੀਤੀ।

ਹਾਊਸ ਵਿੱਚ ਮੋਜੂਦ ਸਮੂਹ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਹਰ ਚੁਣੇ ਹੋਏ ਮੈਂਬਰ ਨੂੰ ਆਮ ਪਬਲਿਕ ਦੇ ਕੰਮਾਂ ਲਈ ਬਾਹਰ ਜਾਣਾ ਪੈਂਦਾ ਹੈ ਅਤੇ ਮੰਗ ਕੀਤੀ ਕਿ ਕੌਂਸਲਰਜ਼ ਨੂੰ ਪੰਜਾਬ ਵਿੱਚ ਸਥਿਤ ਹਰ ਟੋਲ ਪਲਾਜ਼ਾ ਤੋਂ ਟੋਲ ਟੈਕਸ ਦੀ ਛੋਟ ਦਿਵਾਉਣ ਲਈ ਸਰਕਾਰ ਨੂੰ ਲਿਖਿਆ ਜਾਵੇ। ਇਸਤੇ ਮੇਅਰ ਸਾਹਿਬ ਨੇ ਚੁਣੇ ਹੋਏ ਮੈਂਬਰ ਸਾਹਿਬਾਨਾਂ ਨੂੰ ਟੋਲ ਟੈਕਸ ਤੋਂ ਛੋਟ ਦਿਵਾਉਣ ਲਈ ਨਿਗਮ ਵੱਲੋਂ ਸਰਕਾਰ ਨਾਲ ਪੱਤਰ ਵਿਵਹਾਰ ਕਰਨ ਦੀ ਹਦਾਇਤ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ: 1**

ਮੀਟਿੰਗ ਮਿਤੀ 08.05.2017 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 23: ਮੀਟਿੰਗ ਮਿਤੀ 08.05.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ: 2**

ਦਫਤਰੀ ਰਿਪੋਰਟ ਕਿ ਮੁਹੱਲਾ ਨਿਵਾਸੀ ਹਰਪਾਲ ਨਗਰ ਅਤੇ ਬਸੰਤ ਵਿਹਾਰ ਆਦਿ ਨੇ ਦਰਖਾਸਤ ਦਿੱਤੀ ਹੈ ਕਿ ਭੱਟੀ ਰੋਡ ਤੋਂ ਕਿਸ਼ੋਰੀ ਰਾਮ ਹਸਪਤਾਲ ਨੂੰ ਜਾਣ ਵਾਲੀ ਸੜ੍ਹਕ ਦਾ ਕੋਈ ਨਾਮ ਨਹੀਂ ਰੱਖਿਆ ਗਿਆ। ਇਸ ਸੜ੍ਹਕ ਦਾ ਨਾਮ ਗੀਤਾ ਭਵਨ ਮਾਰਗ ਰੱਖਿਆ ਜਾਵੇ।

ਉਕਤ ਦੇ ਸਬੰਧ ਵਿੱਚ ਸਥਾਨਕ ਸਰਕਾਰ ਦੇ ਪੱਤਰ ਨੰ: 5/63/2013-4ਸਸ3/156760/1-3 ਮਿਤੀ 3 ਫਰਵਰੀ 2014 ਅਨੁਸਾਰ ਨਿਗਮ ਵੱਲੋਂ ਕਿਸੇ ਵੀ ਜਨਤਕ ਥਾਂ ਬਿਲਡਿੰਗ ਦਾ ਨਾਮ ਹੇਠ ਲਿਖੀਆਂ ਕੈਟਾਗਰੀਆਂ ਵਿੱਚੋਂ ਹੀ ਰੱਖਿਆ ਜਾ ਸਕੇਗਾ:-

(ੳ) ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮੈਡਲ/ ਅਵਾਰਡ ਪ੍ਰਾਪਤ ਵਿਅਕਤੀ।

- ਅੰਤਰ-ਰਾਸ਼ਟਰੀ ਜਾਂ ਰਾਸ਼ਟਰੀ ਪੱਧਰ ਤੇ ਕੋਈ ਮਾਨਤਾ (recognition) ਪ੍ਰਾਪਤ ਵਿਅਕਤੀ।
- ਗਲੰਟਰੀ ਅਵਾਰਡ ਪ੍ਰਾਪਤ ਵਿਅਕਤੀ।
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੂੰ ਭਾਰਤ ਸਰਕਾਰ/ ਰਾਜ ਸਰਕਾਰ ਤੋਂ ਪੈਨਸ਼ਨ ਮਿਲਦੀ ਹੋਵੇ ਅਤੇ ਤਾਮਰ ਪੱਤਰ ਵੀ ਮਿਲਿਆ ਹੋਇਆ ਹੈ।
- ਅਜਿਹੇ ਸੁਤੰਤਰਤਾ ਸੰਗਰਾਮੀ, ਜਿੰਨ੍ਹਾਂ ਨੇ ਦੇਸ਼ ਲਈ ਕੁਰਬਾਨੀ ਦਿੱਤੀ ਹੋਵੇ।
- ਉੱਘੇ ਵਿਅਕਤੀ, ਜਿੰਨ੍ਹਾਂ ਨੇ ਸਮਾਜ ਦੀ ਭਲਾਈ - ਜਿਵੇਂ ਕਿ ਸਿਹਤ, ਸਿੱਖਿਆ, ਵਾਤਾਵਰਣ, ਗਰੀਬਾਂ ਦੀ ਸਹਾਇਤਾ ਆਦਿ - ਦੇ ਕੰਮਾਂ ਵਿੱਚ ਕੋਈ ਵਿਸ਼ੇਸ਼ ਯੋਗਦਾਨ ਪਾਇਆ ਹੋਵੇ, ਜਿਸ ਨੂੰ ਯਾਦ ਕੀਤਾ ਜਾਣਾ ਜਰੂਰੀ ਸਮਝਿਆ ਜਾਵੇ।
- ਕੋਈ ਹੋਰ ਉੱਘੀ ਸ਼ਖਸੀਅਤ, ਜੋ ਉਕਤ ਕੈਟਾਗਰੀਆਂ ਵਿੱਚ ਸ਼ਾਮਲ ਨਹੀਂ ਹੈ।

(ਅ) ਨਾਂ ਰੱਖਣ ਸਮੇਂ ਸਬੰਧਤ ਨਗਰ ਨਿਗਮ ਵੱਲੋਂ ਏਜੰਡਾ ਆਈਟਮ ਵੱਜੋਂ ਸਪੱਸ਼ਟ ਵਿਚਾਰ ਕੇ ਹੀ ਯੋਗ ਫੈਸਲਾ ਕੀਤਾ ਜਾਵੇਗਾ ਅਤੇ ਇਹ ਫੈਸਲਾ ਸਬੰਧਤ ਮਤੇ ਦੀ ਸਮੱਰਥ ਅਥਾਰਟੀ ਤੋਂ ਪ੍ਰਵਾਨਗੀ ਹੋਣ ਉਪਰੰਤ ਹੀ ਲਾਗੂ ਸਮਝਿਆ ਜਾਵੇਗਾ।

(ੲ)ਜੇਕਰ ਕਿਸੇ ਜਗ੍ਹਾ ਦੇ ਪਹਿਲਾਂ ਰੱਖੇ ਨਾਂ ਨੂੰ ਤਬਦੀਲ ਕਰਨਾ ਹੋਵੇ, ਤਾਂ ਅਜਿਹੀ ਤਜਵੀਜ ਦਾ ਮਤਾ ਸਬੰਧਤ ਸੰਸਥਾ ਵੱਲੋਂ ਪਾਸ ਹੋਣ ਅਤੇ ਸਮੱਰਥ ਅਥਾਰਟੀ ਤੋਂ ਪ੍ਰਵਾਨ ਹੋਣ ਉਪਰੰਤ ਵੀ ਸਰਕਾਰ ਦੀ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 24: ਪਾਸ ਕੀਤਾ ਗਿਆ ਕਿ ਸੜ੍ਹਕ ਦਾ ਨਾਮ ਰੱਖਣ ਤੋਂ ਪਹਿਲਾਂ ਆਮ ਪਬਲਿਕ ਦੇ ਇਤਰਾਜ਼ ਮੰਗ ਲਏ ਜਾਣ। ਉਸ ਸਮੇਂ ਤੱਕ ਇਸ ਮੱਦ ਨੂੰ ਪੈਡਿੰਗ ਰੱਖਿਆ ਜਾਂਦਾ ਹੈ।**

**ਏਜੰਡਾ ਨੰਬਰ: 3**

ਰਿਪੋਰਟ ਸਿਹਤ ਸ਼ਾਖਾ ਕਿ ਡਿਸਟ੍ਰਿਕਟ ਇਨੋਵੈਸ਼ਨ ਫੰਡ (13ਵੇਂ ਵਿੱਤ ਕਮਿਸ਼ਨ) ਸਾਲ 2016 ਦੌਰਾਨ ਪ੍ਰਾਪਤ ਹੋਏ 13,68,750/- ਰੁਪਏ ਦੇ ਫੰਡਜ਼ 2016-17 ਦੌਰਾਨ ਵਰਤੇ ਜਾ ਚੁੱਕੇ ਹਨ। ਅਵਾਰਾ ਕੁੱਤਿਆਂ ਦੀ ਨਸਬੰਦੀ ਦਾ ਕੰਮ ਲਗਾਤਾਰ ਹੋਣਾ ਚਾਹੀਦਾ ਹੈ। ਇਸ ਕੰਮ ਦੀ ਪਬਲਿਕ ਵੱਲੋਂ ਵੀ ਸ਼ਲਾਘਾ ਕੀਤੀ ਗਈ ਹੈ। ਬਠਿੰਡਾ ਸ਼ਹਿਰ ਦੇ ਲਗਭਗ 3000 ਅਵਾਰਾ ਕੁੱਤਿਆਂ ਦੀ ਨਸਬੰਦੀ ਕਰਨੀ ਬਾਕੀ ਹੈ। ਹੁਣ ਤੱਕ ਨਗਰ ਨਿਗਮ ਵੱਲੋਂ 1649 ਅਵਾਰਾ ਕੁੱਤਿਆਂ ਦੀ ਨਸਬੰਦੀ ਕਰਨ ਦਾ ਕੰਮ ਪੂਰਾ ਕੀਤਾ ਜਾ ਚੁੱਕਾ ਹੈ, ਜਿਸਤੇ 13,68,750/- ਰੁਪਏ ਖਰਚ ਆ ਚੁੱਕੇ ਹਨ। ਇਸ ਲਈ ਬਾਕੀ ਰਹਿੰਦੇ 3000 ਅਵਾਰਾ ਕੁੱਤਿਆਂ ਦੀ ਨਸਬੰਦੀ ਕਰਨ ਤੇ 25.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 25: ਪ੍ਰਵਾਨ ਹੈ।**

**ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਜਿਸ ਵੀ ਕੁੱਤੇ ਦੀ ਨਸਬੰਦੀ ਕੀਤੀ ਜਾਂਦੀ ਹੈ, ਉਸਦੀ ਫੋਟੋ ਅਤੇ ਵੀਡਿਓਗ੍ਰਾਫੀ ਵੀ ਕੀਤੀ ਜਾਵੇ।**

**ਏਜੰਡਾ ਨੰਬਰ: 4**

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਨਿਗਮ ਦੇ ਮਤਾ ਨੰਬਰ 77 ਮਿਤੀ 21.12.2016 ਰਾਹੀਂ ਨਗਰ ਨਿਗਮ ਦੇ 32 ਜਨਤਕ ਪਖਾਨਿਆਂ ਦੀ ਸਾਫ ਸਫਾਈ ਅਤੇ ਸਾਂਭ-ਸੰਭਾਲ ਦਾ ਠੇਕਾ ਪਹਿਲਾਂ ਅਲਾਟ ਕੀਤੇ ਰੇਟ 25000/- ਰੁਪਏ (ਲਗਭਗ)/ ਟਾਇਲਟਸ/ ਮਹੀਨਾ ਰੇਟ ਤੇ ਕਰਵਾਉਣ ਦਾ ਸਲਾਨਾ ਖਰਚਾ 96.00 ਲੱਖ ਰੁਪਏ ਪ੍ਰਵਾਨ ਕੀਤਾ ਗਿਆ। ਇਸ ਮਤੇ ਤੇ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-17/26814 ਰਾਹੀਂ ਫੈਸਲਾ ਕੀਤਾ ਗਿਆ ਹੈ, ਕਿ ਇਹਨਾਂ ਬਣਨ ਵਾਲੀਆਂ 32 ਪਬਲਿਕ ਟਾਇਲਟ ਦਾ ਸਲਾਨਾ ਰੱਖ ਰਖਾਵ ਟੈਂਡਰ ਲਗਾ ਕੇ ਦਿੱਤਾ ਜਾਵੇ। ਇਹ ਠੇਕਾ ਦੇਵਾ ਸਵੀਮਿੰਗ ਇਸਟੀਚਿਊਟ, ਗੁਰੂਗ੍ਰਾਮ (ਗੁੜਗਾਂਵ) ਨੂੰ ਮਿਤੀ 29.04.2016 ਨੂੰ ਇੱਕ ਸਾਲ ਦੇ ਸਮੇਂ

04.05.2016 ਤੋਂ 31.05.2017 ਤੱਕ ਲਈ ਵਰਕ ਆਰਡਰ ਰਾਹੀਂ ਅਲਾਟ ਕੀਤਾ ਗਿਆ ਸੀ, ਜੋ ਕਿ ਮਿਤੀ 31.05.2017 ਨੂੰ ਖਤਮ ਹੋ ਗਿਆ ਹੈ। ।

ਇਹਨਾਂ ਪਬਲਿਕ ਟਾਇਲਟ ਦੀ ਸਾਫ ਸਫਾਈ ਅਤੇ ਸਾਂਭ ਸੰਭਾਲ ਤੇ ਆਉਣ ਵਾਲੇ ਖਰਚ ਸਬੰਧੀ ਤਖਮੀਨਾ ਪਹਿਲਾਂ ਤੋਂ ਅਲਾਟ ਕੀਤੇ ਰੇਟਾਂ ਅਨੁਸਾਰ ਤਿਆਰ ਕੀਤਾ ਗਿਆ ਸੀ। ਹੁਣ ਸਰਕਾਰ ਦੇ ਫੈਸਲੇ ਮੁਤਾਬਿਕ ਉਕਤ ਟਾਇਲਟਸ ਦੇ ਰੱਖ ਰਖਾਵ ਲਈ ਨਵਾਂ ਟੈਂਡਰ ਲਗਾਇਆ ਜਾਣਾ ਹੈ। ਇਸ ਲਈ ਨਵਾਂ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਅਨੁਸਾਰ 38700/- ਰੁਪਏ/ ਟਾਇਲਟ/ਮਹੀਨਾ (ਮਹਿਲਾ ਅਟੈਂਡੇਂਟ ਸਮੇਤ) ਅਤੇ 26507/- ਰੁਪਏ/ ਟਾਇਲਟ/ ਮਹੀਨਾ (ਬਿਨਾਂ ਮਹਿਲਾ ਅਟੈਂਡੇਂਟ) ਖਰਚ ਆਵੇਗਾ। ਇਸ ਤਰ੍ਹਾਂ 32 ਟਾਇਲਟਸ ਦੀ ਸਲਾਨਾ ਮੈਨਟੀਨੈਂਸ ਤੇ ਔਸਤ 32500/- ਰੁਪਏ ਨਾਲ ਲਗਭਗ 1.25 ਕਰੋੜ੍ਹ ਰੁਪਏ ਸਲਾਨਾ ਖਰਚਾ ਆਉਣ ਦੀ ਸੰਭਾਵਨਾਂ ਹੈ।

ਮਾਨਯੋਗ ਕਮਿਸ਼ਨਰ ਸਾਹਿਬ ਨਾਲ ਹੋਈ ਚਰਚਾ ਵਿੱਚ ਉਹਨਾਂ ਵੱਲੋਂ ਹੁਕਮ ਦਿੱਤਾ ਗਿਆ ਕਿ ਪਬਲਿਕ ਟਾਇਲਟ ਤੇ ਯੂਜ਼ਰ ਚਾਰਜ਼ ਲਗਾਉਣਾ ਉਚਿਤ ਹੋਵੇਗਾ, ਜਿਸ ਨਾਲ ਰੱਖ-ਰਖਾਵ ਦੀ ਕੁੱਝ ਕੀਮਤ ਵਸੂਲ ਪਾਈ ਜਾ ਸਕੇਗੀ। ਆਮ ਜਨਤਾ ਪਾਸੋਂ ਯੂਜ਼ਰ ਚਾਰਜ਼ਿਜ਼ ਵਸੂਲਣ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇਸ ਲਈ ਕੇਸ ਟੈਂਡਰ ਮੰਗਣ ਤੋਂ ਪਹਿਲਾਂ ਹਾਊਸ ਦੇ ਵਿਚਾਰ ਹਿੱਤ ਭੇਜਣਾ ਉਚਿਤ ਹੋਵੇਗਾ। ਨਵਾਂ ਟੈਂਡਰ ਅਲਾਟ ਹੋਣ ਤੱਕ ਪਹਿਲਾਂ ਅਲਾਟ ਕੀਤੇ ਹੋਏ ਟੈਂਡਰ ਰੇਟ ਅਤੇ ਏਜੰਸੀ ਤੋਂ ਕੰਮ ਕਰਵਾਉਣਾ ਯੋਗ ਹੋਵੇਗਾ। ਹਾਊਸ ਦੀ ਪ੍ਰਵਾਨਗੀ ਮਿਲਣ ਉਪਰੰਤ 96.00 ਲੱਖ ਰੁਪਏ ਵਿੱਚੋਂ ਨਵਾਂ ਟੈਂਡਰ ਅਲਾਟ ਕਰਨ ਦੇ ਸਮੇਂ ਤੱਕ ਜੋ ਰਕਮ 76.00 ਲੱਖ ਰੁਪਏ (ਲਗਭਗ) ਬਚੇਗੀ, ਉਸ ਬਚੀ ਰਕਮ ਤੇ ਟੈਡਰ ਲਗਾਏ ਜਾਣਗੇ। ਦਫਤਰ ਵੱਲੋਂ ਪਖਾਨਾ ਪ੍ਰਤੀ ਵਰਤੋਂ 5/- ਰੁਪਏ ਪ੍ਰਤੀ ਯੂਜ਼ਰ ਚਾਰਜ਼ਿਜ਼ ਤਜਵੀਜ ਕੀਤੇ ਗਏ ਹਨ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 26: ਪ੍ਰਵਾਨ ਹੈ।**

**ਏਜੰਡਾ ਨੰਬਰ: 5**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਸਪਲਾਈ ਆਫ ਲੇਬਰ ਫਾਰ ਮੈਨਟੀਨੈਂਸ ਆਫ ਸੋਲਿਡ ਵੇਸਟ ਸਾਈਟ ਸਾਲ 2017-18 | 8.54 |
| 2. | ਸਪਲਾਈ ਆਫ 4 ਸਫਾਈ ਸੇਵਕ ਫਾਰ ਸਿਟੀ ਪਾਰਕਸ ਸਾਲ 2017-18 | 5.69 |
| 3. | ਸਪਲਾਈ ਆਫ ਸੀਮਿੰਟ ਫਾਰ ਐਮ.ਸੀ. ਸਟੋਰ (ਅੰਬੂਜਾ, ਜੇ.ਕੇ. ਸ਼੍ਰੀ, ਅਲਟਰਾ) ਸਾਲ 2017-18 | 3.70 |
| 4. | ਸਪਲਾਈ ਆਫ ਫਾਇਨ ਸੈਂਡ ਐਂਡ ਬਜ਼ਰੀ 11.2 ਐਮ.ਐਮ. ਫਾਰ ਐਮ.ਸੀ. ਸਟੋਰ ਸਾਲ 2017-18 | 5.23 |
| 5. | ਸਪਲਾਈ ਆਫ ਸਟਰੀਟ ਲਾਈਟ (ਮੈਨਟੀਨੈਂਸ) ਮਟੀਰਿਅਲ | 49.90 |
| 6. | ਕੰਸ: ਆਫ ਗਜ਼ੀਬੋ ਐਟ ਜ਼ੋਗਰ ਪਾਰਕ | 2.24 |
| 7. | ਕੰਸ: ਆਫ 2 ਗਜ਼ੀਬੋ ਐਟ ਰੋਜ਼ ਗਾਰਡਨ | 4.50 |
| 8. | ਸਪਲਾਈ ਆਫ ਰਾਈਡ ਆਨ ਲਾਨ ਮੂਵਰ ਵਿਡਥ 42 ਇੰਚ | 3.47 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 27: ਪ੍ਰਵਾਨ ਹੈ।**

**ਮਜ਼ੀਦ ਹੇਠ ਲਿਖੇ ਅਨੁਸਾਰ ਵਿਕਾਸ ਦੇ ਕੰਮ ਕਰਵਾਉਣਾ ਪਾਸ ਕੀਤਾ ਜਾਂਦਾ ਹੈ:-**

| | | |
|---|---|---|
| 1 | ਕਵਰਿੰਗ ਆਫ ਸੋਲਿਡ ਵੇਸਟ ਵਿਦ ਗੁੱਡ ਅਰਥ ਐਟ ਸੋਲਿਟ ਵੇਸਟ ਪਲਾਂਟ | 23.68 |
| 2 | ਪ/ਲ ਪੀ.ਸੀ. 20 ਐਮ.ਐਮ. ਥਿੱਕ ਇਨ ਸਟਰੀਟਸ 1B, 9(1A), (1B), 9(1C) ਅਤੇ ਗਲੀ ਨੰ: 4 ਆਫ ਜੁਝਾਰ ਸਿੰਘ ਨਗਰ | 6.87 |
| 3 | ਪ/ਫ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਸ਼ਹੀਦ ਜਰਨੈਲ ਸਿੰਘ, ਵਾਰਡ ਨੰਬਰ 31 | 7.45 |

**ਉਕਤ ਤੋਂ ਇਲਾਵਾ ਸ਼ਹਿਰ ਦੀਆਂ ਤੰਗ ਅਤੇ ਛੋਟੀਆਂ ਗਲੀਆਂ ਵਿੱਚ ਮੱਛਰਾਂ ਦੀ ਰੋਕਥਾਮ ਕਰਨ ਲਈ ਮੈਨੂਅਲ ਤੋਰ ਤੇ ਫੋਗਿੰਗ ਕਰਾਉਣ ਲਈ ਤਿੰਨ ਢੋਲੀਆਂ ਖਰੀਦ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਜੀ ਦੇ ਵਾਰਡ ਨੰਬਰ 38 ਦੀ ਲਾਲ ਸਿੰਘ ਬਸਤੀ, ਗਲੀ ਨੰ: 3 ਵਿੱਚ ਇੰਟਰਲਾਕਿੰਗ ਟਾਇਲਾਂ, ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ ਦੇ ਵਾਰਡ ਨੰਬਰ 9 ਵਿੱਚ ਪੈਂਦੀਆਂ ਗਲੀਆਂ ਨੰਬਰ 11/1, 12/6 ਅਤੇ 10A/2 ਵਿੱਚ ਇੰਟਰਲਾਕਿੰਗ ਟਾਇਲਾਂ ਲਗਾਉਣ ਅਤੇ ਵਾਰਡ ਨੰਬਰ 8 ਵਿੱਚ ਅਜੀਤ ਰੋਡ ਤੇ ਬਣੀ ਪਾਣੀ ਵਾਲੀ ਟੈਂਕੀ ਵਾਲੇ ਪਾਰਕ ਦੇ ਬਾਹਰ ਟਾਇਲਾਂ ਲਗਾਉਣ ਲਈ ਤਖਮੀਨੇ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਵਿਚਾਰ ਖਾਤਰ ਪੇਸ਼ ਕੀਤੇ ਜਾਣ।**

**ਏਜੰਡਾ ਨੰਬਰ: 6**

ਦਫਤਰੀ ਰਿਪੋਰਟ ਕਿ ਆਮ ਪਬਲਿਕ ਅਤੇ ਕੌਂਸਲਰ ਸਾਹਿਬਾਨ ਦੀ ਮੰਗ ਅਨੁਸਾਰ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Zone No. | Ward No. | Name of Work | Estimate (in lac) |
|---|---|---|---|---|
| 1. | | | ਸਪਲਾਈ ਐਂਡ ਇਰੈਕਸ਼ਨ ਆਫ ਲਾਈਟ ਪੁਆਇੰਟ ਇਨ ਪਾਰਕ ਨੰ: 4 ਮਾਡਲ ਟਾਊਨ, ਫੇਸ-1 | 2.50 |
| 2. | | | ਰਿਪੇਅਰ ਐਂਡ ਰੈਨੋਵੇਸ਼ਨ ਵਰਕ ਇਨ ਪਾਰਕ ਨੰਬਰ 4 ਮਾਡਲ ਟਾਊਨ ਫੇਸ-1, ਵਾਰਡ ਨੰਬਰ 12 | 7.15 |
| 3. | | | ਪ੍ਰਵਾਇਡਿੰਗ ਐਂਡ ਰਿਪੇਅਰ ਆਫ ਫਾਊਂਟੈਨ ਐਟ ਮਾਡਲ ਟਾਊਨ ਫੇਸ-1, ਪਾਰਕ ਨੰਬਰ 4, ਵਾਰਡ ਨੰਬਰ 12 | 3.40 |
| 4. | | | ਕੰਸ: ਆਫ ਲਾਇਬਰੇਰੀ ਰੂਮ ਇਨ ਕਮਲਾ ਨਹਿਰੂ ਕਲੋਨੀ - ਡਿਸਪੈਂਸਰੀ ਵਾਲੀ ਜਗ੍ਹਾ ਵਿੱਚ | 3.16 |
| 5. | | | ਪ/ਲ ਪ੍ਰੀਮਿਕਸ ਕਾਰਪੇਟ ਇਨ ਸਟਰੀਟ ਨੰ: 2-1/2 ਐਡਜੁਆਇਨਿੰਗ ਸਟਰੀਟਸ, ਅਮਰਪੁਰਾ ਬਸਤੀ | 9.08 |
| 6. | | | ਪ/ਫ ਇੰਟਰਲਾਕਿੰਗ ਟਾਇਲਜ਼ ਇਨ ਸੰਗੂਆਣਾ ਬਸਤੀ ਵਾਰਡ-38 | 14.20 |
| 7. | | | ਰਿਪੇਅਰ ਐਂਡ ਕੰਸ: ਆਫ ਰੋਡਜ਼ ਇਨ ਆਦਰਸ਼ ਨਗਰ ਵਾਰਡ ਨੰਬਰ 1 | 8.02 |
| 8. | | | ਸ/ਲ ਡੀ.ਬੀ. ਪੇਵਿੰਗ ਆਨ ਹਮੀਰ ਨਗਰ ਅਪਰੋਚ ਰੋਡ, ਬੈਕ ਸਾਇਡ ਸ਼ੀਸ਼ ਮਹਿਲ ਇਨਕਲੈਵ ਵਾਰਡ ਨੰਬਰ 14 | 5.22 |
| 9. | | | ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਇਨ ਸਟਰੀਟ ਨੰ: 7,10,11 ਐਂਡ ਲਿੰਕ ਇਨ ਗਣੇਸ਼ ਨਗਰ, ਵਾਰਡ ਨੰਬਰ 22 | 8.00 |
| 10. | | | ਪ/ਫ ਆਫ ਇੰਟਰਲਾਕਿੰਗ ਟਾਇਲਜ਼ 60 ਐਮ.ਐਮ .ਥਿੱਕ ਚੰਦਸਰ ਬਸਤੀ | 5.21 |
| 11. | | | ਲੇਇੰਗ ਪੀ.ਸੀ. 20 ਐਮ.ਐਮ ਥਿੱਕ ਐਡਜੁਆਇਨਿੰਗ ਸਟਰੀਟਸ ਸਰਾਭਾ ਨਗਰ | 8.22 |
| 12. | | | ਪ/ਲ ਇੰਟਰਲਾਕਿੰਗ ਟਾਇਲਜ਼ 60 ਐਮ.ਐਮ. ਥਿੱਕ ਇਨ ਸਟਰੀਟ ਨੰ: 32, ਪਰਿੰਦਾ ਰੋਡ ਐਂਡ ਆਨ ਸਾਈਡ ਬਰਮਜ਼ ਆਫ ਗਰੀਨ ਐਵਨਿਊ ਸਟਰੀਟਸ ਵਾਰਡ ਨੰਬਰ 6 | 14.75 |
| 13. | | | ਪ/ਲ ਪੀ.ਸੀ. 20 ਐਮ.ਐਮ ਥਿੱਕ ਇਨ ਨਿਊ ਭਾਰਤ ਨਗਰ ਐਂਡ ਸਟਰੀਟ ਨੰਬਰ 25 ਪਰਿੰਦਾ ਰੋਡ ਵਾਰਡ ਨੰ: 6 | 2.33 |
| 14. | | | ਪ/ਲ ਇੰਟਰਲਾਕਿੰਗ ਟਾਇਲਜ਼ 60 ਐਮ.ਐਮ. ਥਿੱਕ ਇਨ ਵੈਰੀਅਸ ਸਟਰੀਟਸ ਆਫ ਅਜੀਤ ਰੋਡ ਅਤੇ ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਇਨ ਗੁਰੂ ਤੇਗ ਬਹਾਦੁਰ ਨਗਰ ਸਟਰੀਟਸ, ਵਾਰਡ - 8 | 12.66 |
| 15. | | | ਪ/ਲ ਇੰਟਰਲਾਕਿੰਗ ਟਾਇਲਜ਼ 60 ਐਮ.ਐਮ ਥਿੱਕ ਇਨ ਸਟਰੀਟ ਨੰ: 7, ਜੁਝਾਰ ਸਿੰਘ ਨਗਰ ਵਾਰਡ -7 | 15.97 |
| 16. | | | ਪ/ਲ 20 ਐਮ.ਐਮ. ਥਿੱਕ ਪੀ.ਸੀ. ਇਨ ਐਡਜੁਆਇਨਿੰਗ ਸਟਰੀਟਸ ਆਫ ਸਟਰੀਟ ਨੰ: 29, ਪਰਸ ਰਾਮ ਨਗਰ ਵਾਰਡ ਨੰਬਰ 46 | 18.56 |
| 17. | | | ਪ/ਲ 20 ਐਮ.ਐਮ ਥਿੱਕ ਪੀ.ਸੀ. ਇਨ ਸਟਰੀਟ ਨੰ: 7, ਹੰਸ ਨਗਰ, ਵਾਰਡ ਨੰ: 43 | 5.22 |
| 18. | | | ਰੇਜ਼ਿੰਗ ਆਫ ਸਟਰੀਟਸ ਨੰਬਰ 1,4,6,8 ਇਨ ਐਸ.ਏ.ਐਸ. ਨਗਰ ਵਾਰਡ ਨੰਬਰ 43 | 13.26 |
| 19. | | | ਪ/ਲ 20 ਐਮ.ਐਮ ਥਿੱਕ ਪੀ.ਸੀ. ਇਨ ਸਟਰੀਟ ਨੰ: 1ਬੀ, 2, 3 ਅਤੇ 4 ਆਫ ਸੁਰਖਪੀਰ ਰੋਡ ਵਾਰਡ ਨੰਬਰ 40 | 16.33 |
| 20. | | | ਪ/ਲ 20 ਐਮ.ਐਮ ਥਿੱਕ ਪੀ.ਸੀ. ਇਨ ਲਿੰਕ ਆਫ ਸਟਰੀਟ ਨੰ: 2, ਗੁਰੂ ਨਾਨਕ ਨਗਰ, ਮੁਲਤਾਨੀਆ ਰੋਡ, ਵਾਰਡ ਨੰਬਰ 40 | 5.20 |
| 21 | | | ਪ/ਲ 20 ਐਮ.ਐਮ ਥਿੱਕ ਪੀ.ਸੀ. ਇਨ ਸਟਰੀਟ ਨੰ: 8/2 ਐਂਡ ਐਡਜੁਆਇਨਿੰਗ ਸਟਰੀਟਸ ਆਫ ਸਟਰੀਟ ਨੰ: 4, ਜਨਤਾ ਨਗਰ, ਵਾਰਡ ਨੰਬਰ 49 | 5.25 |
| 22 | | | ਸਪਲਾਈ ਐਂਡ ਲੇਇੰਗ ਇੰਟਰਲਾਕ ਟਾਇਲਜ਼ ਇਨ ਸਟਰੀਟ ਬਰਮ ਵਿਸਾਲ ਨਗਰ ਫੇਸ 1 ਅਤੇ 3 2-3 | 8.29 |
| 23 | | | ਲੇਇੰਗ ਬੀ.ਐਮ. ਐਂਡ ਪੀ.ਸੀ. ਆਨ ਗੁਰਦੁਆਰਾ ਛੱਜੂ ਸਿੰਘ ਰੋਡ ਐਂਡ ਐਡਜੁਆਇਨਿੰਗ ਸਟਰੀਟਸ ਵਾਰਡ ਨੰਬਰ 31 | 20.00 |

| | | | | |
|---|---|---|---|---|
| 24 | | | ਸਪਲਾਈ ਐਂਡ ਇਰੈਕਸ਼ਨ ਸਟਰੀਟ ਲਾਈਟ ਪੁਆਇੰਟਸ ਇਨ ਵੈਰੀਅਸ ਸਟਰੀਟਸ ਆਫ ਵਾਰਡ ਨੰਬਰ 2 | 5.49 |
| 25 | | | ਸਪਲਾਈ ਐਂਡ ਇਰੈਕਸ਼ਨ ਆਫ ਸਟਰੀਟ ਲਾਈਟ ਪੁਆਇੰਟ ਇਨ ਵੈਰੀਅਸ ਸਟਰੀਟਸ ਆਫ ਪ੍ਰਤਾਪ ਨਗਰ (ਐਡਜੁਆਇਨਿੰਗ ਸਟਰੀਟਸ ਟੂ ਬਹਿਮਣ ਰੋਡ) ਐਂਡ ਏਰੀਆ ਨੀਅਰ ਬਾਬਾ ਵਿਸ਼ਵਕਰਮਾ ਜੀ | 2.61 |
| 26 | | | ਸਪਲਾਈ ਐਂਡ ਇਰੈਕਸ਼ਨ ਆਫ ਸਟਰੀਟ ਲਾਈਟ ਪੁਆਇੰਟ ਇਨ ਵੈਰੀਅਸ ਸਟਰੀਟਸ ਆਫ ਢਿੱਲੋਂ ਕਲੋਨੀ, ਟੀ.ਪੀ.ਸੀ. ਕਲੋਨੀ ਆਦਿ | 7.31 |
| 27 | | | ਸਪਲਾਈ ਐਂਡ ਲੇਇੰਗ ਪੀ.ਸੀ. ਓਪਨ ਗਰੇਡਡ ਐਂਡ ਇੰਟਰਲਾਕਿੰਗ ਟਾਇਲਜ਼ ਪੰਚਵਟੀ ਨਗਰ, ਗਲੀ ਨੰਬਰ 8 | 1.63 |
| 28 | | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰ: 10 ਹਾਜੀ ਰਤਨ ਰੋਡ ਐਂਡ ਗਲੀ ਘਮੰਡਾ ਸਿੰਘ ਵਾਲੀ ਆਪੋਜ਼ਿਟ ਮਹੇਸ਼ਵਰੀ ਧਰਮਕੰਡਾ ਵਾਰਡ ਨੰਬਰ 32 | 8.15 |
| 29 | | | ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਇਨ ਵੈਰੀਅਸ ਸਟਰੀਟਸ ਆਫ ਵਾਰਡ ਨੰਬਰ 15 | 10.36 |
| 30 | | | ਸ/ਲੇਇੰਗ ਵਾਈਟ ਪੱਟੀ, ਯੈਲੋ ਪੱਟੀ, ਜ਼ੈਬਰਾ ਕਰਾਸਿੰਗ ਇਨ ਡਿਫਰੈਂਟ ਪਾਰਟਸ ਆਫ ਦ ਸਿਟੀ | 15.17 |
| 31 | | | ਪ/ਲ 60 ਐਮ.ਐਮ ਥਿੱਕ ਆਈ.ਐਸ.ਆਈ. ਮਾਰਕਡ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰਬਰ 1 ਐਂਡ 2 ਆਫ ਨਵੀਂ ਬਸਤੀ | 18.56 |
| 32 | | | ਪ/ਲ 60 ਐਮ.ਐਮ. ਥਿੱਕ ਆਈ.ਐਸ.ਆਈ. ਮਾਰਕਡ ਇੰਟਰਲਾਕਿੰਗ ਇਨ ਸਟਰੀਟ ਅਹਾਤਾ ਨਿਆਜ਼ ਮੁਹਮੰਦ | 32.23 |
| 33 | | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਐਂਡ ਕੰਸ: ਆਫ ਡਰੇਨ ਟਾਇਪ 1 ਐਂਡ 2 ਇਨ ਸਟਰੀਟਸ ਵਾਰਡ ਨੰਬਰ 29 | 13.39 |
| 34 | | | ਲੇਇੰਗ ਪੀ.ਸੀ. ਇਨ ਮਿੱਡੂ ਮੱਲ ਸਟਰੀਟ, ਸਿੰਘ ਸਭਾ ਸਟਰੀਟ, ਬਾਵਾ ਮੰਦਿਰ ਸਟਰੀਟ ਐਂਡ ਅਲਾਂਗ ਧੋਬੀ ਘਾਟ ਸਟਰੀਟ ਵਾਰਡ ਨੰਬਰ 30 | 8.40 |
| 35 | | | ਪ੍ਰੋਵ: ਐਂਡ ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਮਾਲਵੀਆ ਨਗਰ | 9.98 |
| 36 | | | ਸ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰਬਰ 5 ਆਨ ਸੰਤਪੁਰਾ ਰੋਡ ਵਿਸ਼ਾਲ ਨਗਰ (ਐਮ.ਸੀ. ਵਾਲੀ ਗਲੀ) | 2.10 |
| 37 | | | ਕੰਸ: ਆਫ ਡਰੇਨ ਐਂਡ ਮੈਟਲਡ ਰੋਡ ਐਂਡ ਐਡਜੁਆਇਨਿੰਗ ਸਟਰੀਟਸ ਆਫ ਮਹਿਣਾ ਬਸਤੀ | 36.12 |
| 38 | | | ਕੰਸ: ਆਫ ਮੈਟਲਡ ਰੋਡ ਗਲੀ ਨੰ: 26 ਐਂਡ 27 ਪਰਸ ਰਾਮ ਨਗਰ ਐਂਡ ਕਲਾਜ਼ਿੰਗ ਆਫ ਡਰੇਨਜ਼ ਇਨ ਪਰਸ ਰਾਮ ਨਗਰ | 13.00 |
| 39 | | | ਪ/ਲ 20 ਐਮ.ਐਮ. ਥਿੱਕ ਪੀ.ਸੀ. ਇਨ ਸਟਰੀਟ ਨੰ: 27-ਏ ਆਫ ਪਰਸ ਰਾਮ ਨਗਰ ਵਾਰਡ ਨੰਬਰ 44 | 6.42 |
| 40 | | | ਡਿਵੈਲਪਮੈਂਟ ਆਫ ਪਾਰਕ ਇਨ ਅਮਰਪੁਰਾ ਟੋਭਾ, ਵਾਰਡ ਨੰਬਰ 36 | 12.35 |
| 41 | | | ਲੇਇੰਗ ਪੀ.ਸੀ. 20 ਐਮ.ਐਮ ਥਿੱਕ ਇਨ ਸਟਰੀਟ ਨੰਬਰ 7, 8 ਅਤੇ 8-ਏ ਗਣੇਸ਼ ਨਗਰ, ਵਾਰਡ ਨੰਬਰ 21 | 5.82 |
| 42 | | | ਸ/ਲ ਪੀ.ਸੀ. ਇਨ ਵੈਰੀਅਸ ਸਟਰੀਟਸ ਆਫ ਲਾਲ ਸਿੰਘ ਬਸਤੀ | 7.87 |
| 43 | | | ਕੰਸ: ਆਫ ਮੈਟਲਡ ਰੋਡ ਇਨ ਗਰੋਥ ਸੈਂਟਰ ਮੇਨ ਰੋਡ | 49.82 |
| 44 | | | ਕੰਸ: ਆਫ ਸਟਰੀਟ ਅਜੀਤ ਆਫਿਸ ਰੋਡ ਆਪੋਜ਼ਿਟ ਅਗਰਵਾਲ ਗਲਾਸ ਫੈਕਟਰੀ ਇਨ ਗਰੋਥ ਸੈਂਟਰ | 32.01 |
| 45 | | | ਕੰਸ: ਆਫ ਮੈਟਲਡ ਰੋਡ ਅਜੀਤ ਆਫਿਸ ਰੋਡ ਐਂਡ ਧਰਮ ਕੰਡਾ ਰੋਡ ਇਨ ਗਰੋਥ ਸੈਂਟਰ | 49.50 |
| 46 | | | ਕੰਸ: ਆਫ ਰੋਡ ਇਨ ਫਰੰਟ ਆਫ ਦਰਸ਼ਨ ਐਕਸ ਐਮ.ਸੀ. ਫੈਕਟਰੀ ਐਂਡ ਬੈਕ ਸਾਈਡ ਇਨ ਗਰੋਥ ਸੈਂਟਰ | 37.84 |
| 47 | | | ਕੰਸ: ਆਫ ਡਿਸਪੋਜ਼ਲ ਰੋਡ ਇਨ ਗਰੋਥ ਸੈਂਟਰ | 39.45 |
| 48 | | | ਕੰਸ: ਆਫ ਵੈਰੀਅਸ ਰੋਡਜ਼ ਇਨ ਫਰੰਟ ਆਫ ਦਰਸ਼ਨ ਐਕਸ ਐਮ.ਸੀ. ਫੈਕਟਰੀ ਇਨ ਗਰੋਥ ਸੈਂਟਰ | 44.12 |
| 49 | | | ਕੰਸ: ਆਫ ਰੋਡ ਬਿਟਵਿਨ ਧਰਮ ਕੰਡਾ ਐਂਡ ਪਾਰਕ ਨੀਅਰ ਕੇ.ਜੀ. ਇੰਡਸਟਰੀ ਇਨ ਗਰੋਥ ਸੈਂਟਰ | 30.03 |

| | | | | |
|---|---|---|---|---|
| 50 | | | ਜਨਰਲ ਰਿਪੇਅਰ ਆਫ ਜ਼ੋਨ ਨੰਬਰ 6 | 11.70 |
| 51 | | | ਕੰਸ: ਆਫ ਸੁਰਖਪੀਰ ਰੋਡ ਬਾਈ ਲੇਇੰਗ ਡਬਲਿਊ.ਬੀ.ਐਮ. ਐਂਡ ਬੀ.ਐਮ.ਪੀ.ਸੀ. | 49.69 |
| 52 | | | ਪ/ਲ ਪੀ.ਸੀ. ਇਨ ਸਟਰੀਟ ਨੰ: 2, ਅਗਰਵਾਲ ਕਲੋਨੀ, ਵਾਰਡ ਨੰਬਰ 20 | 2.25 |
| 53 | | | ਰੈਨੋਵੇਸ਼ਨ ਆਫ ਫਾਉਂਟੈਨ ਨੀਅਰ ਸੀ.ਆਈ.ਏ. ਸਟਾਫ | 3.68 |

ਨਗਰ ਨਿਗਮ ਪਾਸ ਫੰਡਾਂ ਦੀ ਕਮੀ ਹੋਣ ਕਾਰਨ ਉਕਤ ਕੰਮ ਕਰਵਾਉਣ ਲਈ ਸਰਕਾਰ ਪਾਸੋਂ ਗਰਾਂਟ ਦੀ ਮੰਗ ਕੀਤੀ ਜਾਣੀ ਹੈ। ਇਸ ਲਈ ਸਰਕਾਰ ਪਾਸੋਂ ਇੰਨ੍ਹਾਂ ਕੰਮਾਂ ਦੀ ਗਰਾਂਟ ਪ੍ਰਾਪਤ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਖਾਤਰ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 28:</u> ਪ੍ਰਵਾਨ ਹੈ।**

**<u>ਏਜੰਡਾ ਨੰਬਰ: 7</u>**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਵੱਧ ਰਹੀ ਟ੍ਰੈਫਿਕ ਸਮੱਸਿਆ ਦੇ ਮੱਦੇ ਨਜ਼ਰ ਪੈਦਲ ਚਲਣ ਵਾਲੇ ਵਿਅਕਤੀਆਂ ਦੀ ਸਹੂਲਤ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| | | | | |
|---|---|---|---|---|
| 1. | | | ਕੰਸ: ਆਫ ਫੁੱਟ ਓਵਰ ਬਰਿਜ਼ ਨੀਅਰ ਹਨੂੰਮਾਨ ਚੌਂਕ | 49.35 |
| 2. | | | ਕੰਸ: ਆਫ ਫੁੱਟ ਓਵਰ ਬਰਿਜ਼ ਆਨ ਜੀ.ਟੀ. ਰੋਡ, ਨੀਅਰ ਬੱਸ ਸਟੈਂਡ ਬਠਿੰਡਾ | 49.35 |

ਇਹ ਕੰਮ ਕਰਵਾਉਣ ਲਈ ਸਰਕਾਰ ਨੂੰ ਫੰਡਜ਼ ਲਈ ਬੇਨਤੀ ਕੀਤੀ ਜਾਣੀ ਹੈ ਅਤੇ ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ ਕਰਵਾਇਆ ਜਾਵੇਗਾ। ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 29:</u> ਪ੍ਰਵਾਨ ਹੈ।**

**<u>ਏਜੰਡਾ ਨੰਬਰ: 8</u>**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਦੀਆਂ ਪ੍ਰਮੁੱਖ ਸੜ੍ਹਕਾਂ ਦੀ ਸਫਾਈ ਸਵੀਪਿੰਗ ਮਸ਼ੀਨਾਂ ਨਾਲ ਕਰਾਉਣ ਲਈ ਇਕ ਸਾਲ ਲਈ 2016 ਵਾਸਤੇ ਠੇਕਾ ਦੇਣ ਲਈ 57,49,200/- ਦਾ ਤਖਮੀਨਾ ਤਿਆਰ ਕੀਤਾ ਗਿਆ ਸੀ। ਹਾਊਸ ਵੱਲੋਂ ਮਤਾ ਨੰਬਰ 86 ਮਿਤੀ 14.12.2015 ਰਾਹੀਂ ਠੇਕਾ ਦੇਣ ਦੀ ਪ੍ਰਵਾਨਗੀ ਦਿੱਤੀ ਗਈ ਸੀ। ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਮੰਗੇ ਗਏ ਸਨ। ਮੈਸ: ਪਿਆਰਾ ਸਿੰਘ ਐਂਡ ਸੰਜ਼, ਸਮਰਾਲਾ, ਜਿਲ੍ਹਾ ਲੁਧਿਆਣਾ ਨੂੰ ਤਿੰਨ ਸਵੀਪਿੰਗ ਮਸ਼ੀਨਾਂ ਨਾਲ ਪ੍ਰਮੁੱਖ ਸੜ੍ਹਕਾਂ ਦੀ ਸਫਾਈ ਕਰਾਉਣ ਲਈ ਠੇਕਾ ਦਿੱਤਾ ਗਿਆ ਸੀ। ਹੁਣ ਇਹ ਠੇਕਾ ਮਿਤੀ 30.06.2017 ਨੂੰ ਖਤਮ ਹੋ ਗਿਆ ਹੈ। ਸ਼ਹਿਰ ਦੀਆਂ ਪ੍ਰਮੁੱਖ ਸੜ੍ਹਕਾਂ ਦੀ ਸਫਾਈ ਕਰਾਉਣੀ ਅਤਿ ਜਰੂਰੀ ਹੈ। ਸੋ ਮਿਤੀ 01.10.2017 ਤੋਂ 30.09.2018 ਤੱਕ ਇੱਕ ਸਾਲ ਲਈ ਸਵੀਪਿੰਗ ਮਸੀਨਾਂ ਦਾ ਠੇਕਾ ਦੇਣ ਲਈ ਰਿਪੋਰਟ ਕੀਤੀ ਗਈ ਹੈ।

ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਇਸ ਕੰਮ ਤੇ ਸਲਾਨਾ ਖਰਚਾ 57,49,200/- ਰੁਪਏ ਆਉਣ ਦੀ ਸੰਭਾਵਨਾਂ ਹੈ। ਇਹ ਕੰਮ ਪਿਛਲੇ ਸਾਲ ਦੀਆਂ ਸ਼ਰਤਾਂ ਤੇ ਹੀ ਈ-ਟੈਂਡਰਿੰਗ ਪ੍ਰਣਾਲੀ ਰਾਹੀਂ ਟੈਂਡਰ ਮੰਗ ਕੇ ਕਰਵਾਇਆ ਜਾਵੇਗਾ। ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਸਵੀਪਿੰਗ ਮਸ਼ੀਨਾਂ ਦੀ ਬਜਾਏ ਸਫਾਈ ਦਾ ਕੰਮ ਮੈਨੂਅਲ ਕਰਵਾਇਆ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਇਸ ਸਬੰਧੀ ਪਹਿਲਾਂ ਹੀ ਮਾਮਲਾ ਵਿਚਾਰ ਅਧੀਨ ਹੈ।**

**<u>ਮਤਾ ਨੰਬਰ 30:</u> ਪਾਸ ਕੀਤਾ ਗਿਆ ਕਿ ਸਫਾਈ ਦਾ ਕੰਮ ਮੈਨੂਅਲ ਜਾਂ ਹੋਰ ਕਿਸੇ ਤਰੀਕੇ ਨਾਲ ਕਰਾਉਣ ਖਾਤਰ ਬਦਲਵਾਂ ਪ੍ਰਬੰਧ ਕਰਨ ਲਈ ਉਪਰਾਲਾ ਕੀਤਾ ਜਾਵੇ। ਸਵੀਪਿੰਗ ਮਸ਼ੀਨਾਂ ਨਾਲ ਸੜ੍ਹਕਾਂ ਦੀ ਸਫਾਈ ਤੇ ਆਉਣ ਵਾਲੇ 6 ਮਹੀਨੇ ਤੱਕ ਦੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**<u>ਏਜੰਡਾ ਨੰਬਰ: 9</u>**

ਰਿਪੋਰਟ ਬਾਗਬਾਨੀ ਸ਼ਾਖਾ ਕਿ ਬਠਿੰਡਾ ਸ਼ਹਿਰ ਨੂੰ AMRUT ਸਕੀਮ ਅਧੀਨ ਚੁਣਿਆ ਗਿਆ ਹੈ। ਇਸ ਸਕੀਮ ਅਧੀਨ ਭਾਰਤ ਸਰਕਾਰ ਵੱਲੋਂ ਵੱਖ-2 ਪ੍ਰੋਜੈਕਟ ਲਈ ਫੰਡ ਉਪਲੱਬਧ ਕਰਵਾਏ ਜਾਂਦੇ ਹਨ ਅਤੇ ਇਹਨਾਂ ਫੰਡਾਂ ਦੇ ਬਰਾਬਰ ਰਾਜ ਸਰਕਾਰ ਵੱਲੋਂ ਵੀ ਹਿੱਸਾ ਪਾਇਆ ਜਾਂਦਾ ਹੈ। ਭਾਰਤ ਸਰਕਾਰ ਵੱਲੋਂ ਇਸ ਸਕੀਮ ਅਧੀਨ ਕੁੱਝ ਸੁਧਾਰਾਂ ਸਬੰਧੀ ਸ਼ਰਤਾਂ ਰੱਖੀਆ ਗਈਆ ਹਨ। ਜੋ ਰਾਜ ਇਹਨਾਂ ਸੁਧਾਰਾਂ ਨੂੰ ਲਾਗੂ ਕਰਦਾ ਹੈ, ਉਹਨਾਂ ਨੂੰ ਉਸ ਰਾਜ ਨੂੰ 10% ਜਿਆਦਾ ਗ੍ਰਾਂਟ ਦਿੱਤੀ ਜਾਂਦੀ ਹੈ।

ਇਹਨਾਂ ਸੁਧਾਰਾਂ ਵਿੱਚੋਂ ਸ਼ਹਿਰਾਂ ਵਿੱਚ ਮੋਜੂਦ ਪਾਰਕਾਂ ਨੂੰ ਸਹੀ ਢੰਗ ਨਾਲ ਮੈਨਟੇਨ ਕਰਨ ਦਾ ਸੁਧਾਰ ਵੀ ਹੈ। ਇਸ ਸੁਧਾਰ ਨੂੰ ਮੁੱਖ ਰਖਦਿਆ ਪੰਜਾਬ ਸਰਕਾਰ ਵੱਲੋਂ ਪਾਰਕਾਂ ਨੂੰ ਮੈਨਟੇਨ ਕਰਨ ਸਬੰਧੀ ਨਵੀ ਪਾਲਸੀ ਬਣਾਈ ਗਈ ਹੈ। ਜੋ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰ: 5/65/2017-ILG-4/1021 ਮਿਤੀ 11/5/2017 ਰਾਹੀ ਪਾਰਕਾਂ ਦੀ ਸਾਂਭ ਸੰਭਾਲ ਲਈ ਨਵੀਂ ਪਾਲਸੀ ਜਾਰੀ ਕੀਤੀ ਗਈ ਹੈ।

ਇਸ ਪਾਲਿਸੀ ਤਹਿਤ ਪਾਰਕਾਂ ਵਿੱਚ ਮੋਜੂਦ ਲਾਈਟਾਂ, ਬੱਚਿਆ ਦੀਆ ਖੇਡਾਂ, ਟਾਇਲਟ ਵਗੈਰਾ ਨੂੰ ਮੈਨਟੇਨ ਕਰਨ ਦੀ ਤਜਵੀਜ਼ ਹੈ। ਬੇਸ਼ਕ ਪਾਰਕਾਂ ਦੀ ਗਰੀਨਰੀ ਨੂੰ ਮੇਨਟੇਨ ਤਾਂ ਕਰਨਾ ਹੀ ਹੋਵੇਗਾ। ਇਸ ਨੋਟ ਵਿੱਚ ਪਾਰਕ ਮੇਨਟੇਨ ਕਰਨ ਸਬੰਧੀ ਤਿੰਨ ਤਰੀਕੇ ਤਜਵੀਜ਼ ਕੀਤੇ ਗਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ:-

1. ਅਖਬਾਰ ਵਿੱਚ ਇਸਤਿਹਾਰ ਦੇ ਕੇ ਰਜਿਸਟਰਡ ਚੈਰੀਟੇਬਲ ਇੰਸੀਟਿਊਸ਼ਨ ਜਾਂ ਕੰਪਨੀਆਂ ਨੂੰ ਅਡਾਪਟ ਕਰਵਾ ਕੇ ਪਾਰਕਾਂ ਦੀ ਦੇਖ ਭਾਲ ਦਾ ਕੰਮ ਦਿੱਤਾ ਜਾ ਸਕਦਾ ਹੈ। ਇਸ ਕੰਮ ਨੂੰ ਕਰਨ ਦੇ ਬਦਲੇ ਰਜਿਸਟਰਡ ਚੈਰੀਟੇਬਲ ਇੰਸੀਟਿਊਸ਼ਨ ਜਾਂ ਕੰਪਨੀਆਂ ਵੱਲੋਂ ਪਾਰਕ ਨੂੰ ਆਪਣਾ ਨਾਮ ਦੇ ਕੇ ਮਸ਼ਹੂਰੀ ਕੀਤੀ ਜਾ ਸਕਦੀ ਹੈ।
2. ਰਜਿਸਟਰਡ ਵੈਲਫੇਅਰ ਐਸੋਸੀਏਸ਼ਨ ਨੂੰ ਵੀ ਪਾਰਕਾਂ ਦੀ ਸਾਂਭ ਸੰਭਾਲ ਦਾ ਕੰਮ ਸਰਕਾਰ ਵੱਲੋਂ ਜਾਰੀ ਕੀਤੇ ਨੋਟੀਫਿਕੇਸ਼ਨ ਅਨੁਸਾਰ 2.50 ਰੁਪਏ ਪ੍ਰਤੀ ਵਰਗ ਮੀਟਰ ਪ੍ਰਤੀ ਮਹੀਨਾ ਦੇ ਹਿਸਾਬ ਦਿੱਤਾ ਜਾ ਸਕਦਾ ਹੈ। ਪਰੰਤੂ ਇਸ ਕਲਾਜ਼ ਅਨੁਸਾਰ ਪਾਰਕ ਦਾ ਰਕਬਾ 2 ਏਕੜ ਤੋਂ ਵੱਧ ਨਹੀਂ ਹੋਣਾ ਚਾਹੀਦਾ।
3. ਜੇਕਰ ਉਕਤ ਵੱਲੋਂ ਪਾਰਕਾਂ ਦੀ ਸਾਂਭ ਸੰਭਾਲ ਦਾ ਕੰਮ ਨਹੀਂ ਕੀਤਾ ਜਾਂਦਾ ਹੈ ਤਾਂ ਇਹ ਕੰਮ ਸਬੰਧਤ ਯੂ.ਐਲ.ਬੀ. ਵੱਲੋਂ ਆਪਣੇ ਪੱਧਰ ਤੇ ਕੀਤਾ ਜਾਣਾ ਹੈ। ਜੇਕਰ ਯੂ.ਐਲ.ਬੀ. ਪਾਸ ਇਸ ਕੰਮ ਲਈ ਆਪਣੇ ਰੈਗੂਲਰ ਮਾਲੀ ਨਹੀਂ ਹਨ ਤਾਂ ਇਸ ਕੰਮ ਲਈ ਉਹ ਆਊਟ ਸੋਰਸ ਰਾਹੀਂ ਮਾਲੀ ਲੈ ਸਕਦੇ ਹਨ।

ਨਗਰ ਨਿਗਮ ਬਠਿੰਡਾ ਦੇ ਅਧਿਕਾਰ ਖੇਤਰ ਵਿੱਚ ਮੋਜੂਦਾ ਦੌਰ ਵਿੱਚ 144 ਪਾਰਕ ਆਉਂਦੇ ਹਨ, ਜਿਨ੍ਹਾ ਵਿੱਚੋਂ 19 ਪਾਰਕ ਡਿਵੈਲਪ ਕਰਨ ਵਾਲੇ ਹਨ। ਪਹਿਲਾਂ ਚਲਦੀ ਸਕੀਮ ਜਿਸ ਵਿੱਚ ਪਾਰਕ ਮੈਨਟੀਨੈਂਸ ਕਮੇਟੀ ਨੂੰ 0.50 ਪੈਸੇ ਪ੍ਰਤੀ ਵਰਗ ਮੀਟਰ ਪ੍ਰਤੀ ਮਹੀਨਾ ਖਰਚਾ ਦਿੱਤਾ ਜਾਂਦਾ ਸੀ, ਅਧੀਨ ਕੁੱਲ 32 ਸੁਸਾਇਟੀਆ ਬਣੀਆ ਹੋਈਆ ਹਨ ਜੋ ਕਿ ਸ਼ਹਿਰ ਦੇ 43 ਪਾਰਕਾਂ ਨੂੰ ਮੈਨਟੇਨ ਕਰਦੀਆ ਹਨ। ਨਵੀਂ ਆਈ ਪਾਲਸੀ ਅਧੀਨ ਇਹਨਾਂ ਸੁਸਾਇਟੀਆ ਨੂੰ ਦਿੱਤਾ ਜਾਣ ਵਾਲਾ ਖਰਚਾ ਵਧਾ ਕੇ ਪਾਲਸੀ ਅਨੁਸਾਰ 2.50 ਪ੍ਰਤੀ ਵਰਗ ਮੀਟਰ ਪ੍ਰਤੀ ਮਹੀਨਾ ਕਰ ਦਿੱਤਾ ਜਾਵੇਗਾ ਅਤੇ ਸ਼ਹਿਰ ਅੰਦਰ ਬਾਕੀ ਬਚਦੇ ਪਾਰਕਾਂ ਨੂੰ ਵੀ ਨਵੀਂਆ ਸੁਸਾਇਟੀਆ ਬਣਾ ਕੇ ਮੈਨਟੇਨ ਕਰਨ ਦਾ ਪ੍ਰਬੰਧ ਕੀਤਾ ਜਾਵੇਗਾ। ਇੱਥੇ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ ਕੋਲ ਜੋ ਪਾਰਕ ਹਨ, ਉਹ ਰਿਹਾਇਸ਼ੀ ਇਲਾਕਿਆ ਵਿੱਚ ਸਥਿਤ ਹਨ, ਜਿੱਥੇ ਕਿ ਮਸ਼ਹੂਰੀ ਲਗਾਉਣ ਦਾ ਸਕੋਪ ਬਹੁਤ ਹੀ ਘੱਟ ਹੈ। ਫਿਰ ਵੀ ਜੇਕਰ ਕੋਈ ਚੈਰੀਟੇਬਲ ਇੰਸੀਟਿਉਟ ਜਾਂ ਕੰਪਨੀ ਕਿਸੇ ਪਾਰਕ ਨੂੰ ਅਡਾਟਪ ਕਰਕੇ ਮੈਨਟੇਨ ਕਰਨਾ ਚਾਹੁੰਦੀ ਹੈ ਤਾਂ ਅਜਿਹਾ ਵੀ ਕੀਤਾ ਜਾਵੇਗਾ।

ਇਸ ਲਈ ਪੰਜਾਬ ਸਰਕਾਰ ਦੁਆਰਾ ਨੋਟੀਫਾਈ ਕੀਤੀ ਗਈ ਪਾਲਸੀ ਨਗਰ ਨਿਗਮ ਦੇ ਹਾਊਸ ਵਿਖੇ ਅਡਾਪਟ ਕਰਨ ਦੀ ਪ੍ਰਵਾਨਗੀ ਹਿੱਤ ਭੇਜਣ ਲਈ ਪੇਸ਼ ਹੈ ਜੀ।

**ਮਤਾ ਨੰਬਰ 31: ਪਾਲਿਸੀ ਅਡਾਪਟ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ: 10**

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਫਾਇਰ ਬ੍ਰਿਗੇਡ ਵਿਖੇ ਲਗਭਗ 40 ਸਾਲਾਂ ਪਹਿਲਾਂ ਬਣੇ ਕੁਆਟਰ/ ਕੋਠੀ/ ਗੈਰਿਜਾਂ ਦੀ ਹਾਲਤ ਬਹੁਤ ਖਸਤਾ ਹੈ ਜੋ ਕਿਸੇ ਸਮੇਂ ਵੀ ਗਿਰ ਸਕਦੇ ਹਨ। ਕਿਸੇ ਜਾਨੀ ਮਾਲੀ ਨੁਕਸਾਨ ਤੋਂ ਬਚਣ ਲਈ ਇਹਨਾਂ ਕੁਆਟਰ/ ਕੋਠੀ/ ਗੈਰਿਜਾਂ ਨੂੰ ਨਗਰ ਨਿਗਮ ਵੱਲੋਂ ਢਹਾਉਣ ਦੀ ਤਜਵੀਜ ਹੈ। ਇਹ ਕੁਆਟਰ/ ਕੋਠੀ/ ਗੈਰਿਜ ਜਿੱਥੇ ਹੈ ਜਿਵੇਂ ਹੈ, ਦੇ ਅਧਾਰ ਤੇ ਗਰਾਉਂਡ ਲੈਵਲ ਤੱਕ ਖੁੱਲੀ ਬੋਲੀ ਰਾਹੀਂ ਢਵਾਏ ਜਾਣੇ ਹਨ।ਇਸ ਕੰਮ ਲਈ 80000/- ਰੁਪਏ ਰਾਸ਼ੀ ਨਿਰਧਾਰਤ ਕੀਤੀ ਜਾਂਦੀ ਹੈ।

ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਰਿਜ਼ਰਵ ਕੀਮਤ Visual Assessment ਦੇ ਆਧਾਰ ਤੇ ਕੀਤੀ ਗਈ ਹੈ, ਕਿਉਂਕਿ ਬਿਲਡਿੰਗ ਸਟਰੱਕਚਰ ਕਾਫੀ ਖਸਤਾ ਹਾਲਤ ਵਿੱਚ ਹੈ। 80,000/- ਰੁਪਏ ਦੀ ਰਿਜ਼ਰਵ ਕੀਮਤ ਦੀ ਪ੍ਰਵਾਨਗੀ ਲਈ ਰਿਪੋਰਟ ਕੀਤੀ ਗਈ ਹੈ।

ਕਮਿਸ਼ਨਰ ਸਾਹਿਬ ਅਨੁਸਾਰ ਇਹ ਜਮੀਨ ਬਹੁਤ Valuable ਹੈ, ਜਿਹੜੀ ਅੱਜ ਦੀ ਤਾਰੀਖ ਵਿੱਚ ਵਰਤੀ ਨਹੀਂ ਜਾ ਰਹੀ। ਇਸਨੂੰ clear ਕਰਨ ਉਪਰੰਤ ਇੱਥੇ Parking, Shops etc. ਦੀ Planning ਕੀਤੀ ਜਾ ਸਕਦੀ ਹੈ। ਇਸਨੂੰ ਵਿਚਾਰਦੇ ਹੋਏ ਨਿਗਮ ਇੰਜੀਨੀਅਰ ਦੀ ਰਿਪੋਰਟ ਪ੍ਰਵਾਨ ਕਰਨਾ ਯੋਗ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 32: ਪ੍ਰਵਾਨ ਹੈ।**

**ਏਜੰਡਾ ਨੰਬਰ: 11**

ਰਿਪੋਰਟ ਬਿਲਡਿੰਗ ਸ਼ਾਖਾ ਕਿ ਬਿਮਲਾ ਦੇਵੀ ਉਰਫ ਬਿਮਲਾ ਕੁਮਾਰੀ ਬਨਾਮ ਨਗਰ ਨਿਗਮ, ਬਠਿੰਡਾ ਦੇ ਕੇਸ ਵਿੱਚ ਟੀ.ਪੀ. ਸਕੀਮ ਨੰ: 15 ਵਿੱਚ ਪੈਂਦੀ 60' ਰੋਡ ਦੇ ਕੇਸ ਵਿੱਚ ਗਠਿਤ ਕੀਤੀ ਗਈ ਸਬ-ਕਮੇਟੀ ਵੱਲੋਂ ਆਪਣੀ ਮੀਟਿੰਗ ਮਿਤੀ 13.01.2017 ਵਿੱਚ ਰਿਪੋਰਟ ਕੀਤੀ ਗਈ ਸੀ ਕਿ "ਜਾਂ ਤਾਂ ਪਟੀਸ਼ਨਰ ਆਪਣੀ ਮਾਲਕੀ ਦੀ ਜਗ੍ਹਾ ਵਿੱਚੋਂ 25% ਜਗ੍ਹਾ ਛੱਡ ਕੇ ਹੋਰ ਲੋਕਾਂ ਵੱਲੋਂ ਛੱਡੀਆਂ ਗਈਆਂ ਗਲੀਆਂ, ਸੜ੍ਹਕਾਂ ਅਤੇ ਪਾਰਕਾਂ ਦਾ ਹਿੱਸੇਦਾਰ ਬਣਕੇ ਇਸ ਦੀ ਵਰਤੋਂ ਕਰ ਸਕਦਾ ਹੈ ਅਤੇ ਜੇਕਰ ਪ੍ਰਾਰਥੀ ਆਪਣੀ ਮਾਲਕੀ ਦੀ ਜਗ੍ਹਾ ਨਹੀਂ ਛੱਡਣਾ ਚਾਹੁੰਦਾ ਤਾਂ ਉਹ ਟੀ.ਪੀ. ਸਕੀਮ ਨੰ: 15 ਵਿੱਚ ਲਗਦੀਆਂ ਗਲੀਆਂ, ਸੜ੍ਹਕਾਂ ਅਤੇ ਪਾਰਕਾਂ ਦੀ ਵਰਤੋਂ ਵਿੱਚ ਆਪਣਾ ਹਿੱਸਾ ਨਹੀਂ ਪਾ ਸਕੇਗਾ।" ਕਿਉਂਕਿ ਪ੍ਰਾਰਥੀ ਵੱਲੋਂ ਕੋਈ ਸੰਤੋਸ਼ਜਨਕ ਜਵਾਬ ਨਹੀਂ ਪ੍ਰਾਪਤ ਹੋਇਆ ਤਾਂ ਇਸ ਹਾਲਤ ਵਿੱਚ ਸਬ-ਕਮੇਟੀ ਦੇ ਸਮੂਹ ਮੈਂਬਰਾਂ ਵੱਲੋਂ ਫੈਸਲਾ ਲਿਆ ਗਿਆ ਸੀ ਕਿ ਪਟੀਸ਼ਨਰ ਦੀ ਜਗ੍ਹਾ ਸੜ੍ਹਕ ਤੋਂ ਬਾਹਰ ਕੱਢਦੇ ਹੋਏ ਚਾਰਦੀਵਾਰੀ

ਕਰ ਲਈ ਜਾਵੇ। ਇਹ ਕੇਸ ਨਿਗਮ ਹਾਊਸ ਦੀ ਮੀਟਿੰਗ ਮਿਤੀ 08.05.2017 ਨੂੰ ਏਜੰਡਾ ਨੰ: 19 ਰਾਹੀਂ ਵਿਚਾਰਿਆ ਗਿਆ ਅਤੇ ਨਿਗਮ ਹਾਊਸ ਵੱਲੋਂ ਮਤਾ ਨੰ: 20 ਰਾਹੀਂ ਮਤਾ ਪਾਸ ਕੀਤਾ ਗਿਆ ਕਿ ਪਟੀਸ਼ਨਰ ਨੂੰ ਇੱਕ ਹੋਰ ਮੋਕਾ ਦਿੱਤਾ ਜਾਵੇ।

ਉਕਤ ਮਤੇ ਦੀ ਪਾਲਣਾਂ ਹਿੱਤ ਸਬ-ਕਮੇਟੀ ਵੱਲੋਂ ਇਸ ਮਸਲੇ ਦੇ ਸਬੰਧ ਵਿੱਚ ਮਿਤੀ 20.06.2017 ਨੂੰ ਬਾਅਦ ਦੁਪਹਿਰ 4.00 ਵਜੇ ਨਿਗਮ ਦਫਤਰ ਵਿਖੇ ਮੀਟਿੰਗ ਕੀਤੀ ਗਈ ਜਿਸ ਵਿੱਚ ਸਮੂਹ ਕਮੇਟੀ ਮੈਂਬਰ ਅਤੇ ਸ੍ਰੀਮਤੀ ਬਿਮਲਾ ਕੁਮਾਰੀ ਦੀ ਤਰਫੋਂ ਉਹਨਾਂ ਦੇ ਪਤੀ ਸ਼੍ਰੀ ਜਗਦੀਸ਼ ਲਾਲ ਹਾਜ਼ਰ ਆਏ, ਜਿਸ ਵਿੱਚ ਸ਼੍ਰੀ ਜਗਦੀਸ਼ ਲਾਲ ਵੱਲੋਂ ਦਸਿਆ ਗਿਆ ਕਿ ਉਸ ਵੱਲੋਂ ਆਪਣੀ ਕੁੱਲ ਜਗ੍ਹਾ 360 ਵ: ਗਜ਼ ਵਿੱਚੋਂ 94 ਵ: ਗਜ਼ ਜਗ੍ਹਾ ਵੇਚ ਦਿੱਤੀ ਗਈ ਹੈ ਅਤੇ ਬਾਕੀ ਬਚਦੀ 266 ਵ: ਗਜ਼ ਜਗ੍ਹਾ ਦਾ 10000/- ਰੁਪਏ ਪ੍ਰਤੀ ਵਰਗ ਗਜ਼ ਦੇ ਹਿਸਾਬ ਨਾਲ ਮੁਆਵਜੇ ਦੀ ਮੰਗ ਕੀਤੀ ਗਈ ਹੈ, ਜਦੋਂ ਕਿ ਇਸ ਜਗ੍ਹਾ ਦਾ ਮੋਜੂਦਾ ਕੂਲੈਕਟਰ ਰੇਟ 1190/- ਰੁਪਏ ਪ੍ਰਤੀ ਗਜ਼ ਹੈ। ਇਹ ਜਗ੍ਹਾ ਖਸਰਾ ਨੰ: 4927 ਵਿੱਚ ਪੈਂਦੀ ਹੈ। ਇਸਦੇ ਮੱਦੇ ਨਜ਼ਰ ਜਾਂ ਤਾਂ ਬਿਮਲਾ ਕੁਮਾਰੀ ਦੀ ਜਗ੍ਹਾ ਛੱਡੀ ਜਾ ਸਕਦੀ ਹੈ ਜਾਂ ਫਿਰ ਉਸਨੂੰ ਮੁਆਵਜਾ ਦਿੱਤਾ ਜਾ ਸਕਦਾ ਹੈ।

ਕਿਉਂਕਿ ਬਿਮਲਾ ਕੁਮਾਰੀ ਦੀ ਤਰਫੋਂ ਕੂਲੈਕਟਰ ਰੇਟ ਤੋਂ ਬਹੁਤ ਜਿਆਦਾ ਰੇਟ ਦੀ ਮੰਗ ਕੀਤੀ ਗਈ ਹੈ, ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਸਬ-ਕਮੇਟੀ ਦੀ ਪਹਿਲਾਂ ਕੀਤੀ ਗਈ ਰਿਪੋਰਟ ਦੀ ਲੜੀ ਨੰ: 2 (ਕਿ ਜੇਕਰ ਪਟੀਸ਼ਨਰ ਉਕਤ ਗਲੀਆਂ/ਸੜ੍ਹਕਾਂ ਲਈ ਆਪਣੇ ਹਿੱਸੇ ਵਿੱਚੋਂ ਜਗ੍ਹਾ ਨਹੀਂ ਛੱਡਣਾ ਚਾਹੁੰਦਾ ਤਾਂ ਸਪਸ਼ਟ ਹੈ ਕਿ ਉਹ ਟੀ.ਪੀ. ਸਕੀਮ ਨੰ: 15 ਵਿੱਚ ਲੋਕਾਂ ਵੱਲੋਂ ਛੱਡੀਆਂ ਗਲੀਆਂ/ਸੜ੍ਹਕਾਂ ਵਿੱਚ ਆਪਣਾ ਹਿੱਸਾ ਨਹੀਂ ਪਾਉਣਾ ਚਾਹੁੰਦਾ। ਜੇਕਰ ਪਟੀਸ਼ਨਰ ਦੂਜੀ ਆਪਸ਼ਨ ਚੁਣਦਾ ਹੈ ਤਾਂ ਇਸ ਹਾਲਤ ਵਿੱਚ ਨਗਰ ਨਿਗਮ ਵੱਲੋਂ ਟੀ.ਪੀ. ਸਕੀਮ ਅਨੁਸਾਰ ਪਬਲਿਕ ਰੋਡ ਵਿੱਚ ਆਉਂਦੀ ਪਟੀਸ਼ਨਰ ਦੀ ਜਗ੍ਹਾ ਛੱਡਦੇ ਹੋਏ ਉਸਦੀ ਜਗ੍ਹਾ ਦੇ ਆਲੇ-ਦੁਆਲੇ ਚਾਰਦੀਵਾਰੀ ਕਰਕੇ ਜਗ੍ਹਾ ਦਾ ਕਬਜਾ ਪਟੀਸ਼ਨਰ ਨੂੰ ਦਿੱਤਾ ਜਾਵੇਗਾ) ਅਨੁਸਾਰ ਹੀ ਕਾਰਵਾਈ ਕੀਤੀ ਜਾਵੇ। ਸੋ, ਉਕਤ ਅਨੁਸਾਰ ਪਟੀਸ਼ਨਰ ਦੀ ਜਗ੍ਹਾ ਛੱਡੇ ਜਾਣ ਲਈ ਕੇਸ ਮਾਨਯੋਗ ਹਾਊਸ ਪਾਸ ਵਿਚਾਰ ਹਿੱਤ।

**ਮਤਾ ਨੰਬਰ 33: ਪ੍ਰਵਾਨ ਹੈ।**

**ਏਜੰਡਾ ਨੰਬਰ: 12**

ਰਿਪੋਰਟ ਬਿਲਡਿੰਗ ਸ਼ਾਖਾ ਕਿ **SLP No. 8519 of 2006 UOI v/s State of Gujarat and Others. ਬਾਬਤ ਬਠਿੰਡਾ ਸ਼ਹਿਰ ਅੰਦਰ ਧਾਰਮਿਕ ਦੱਬਾਂ ਦੇ ਮਸਲਿਆਂ ਨੂੰ ਨਿਪਟਾਉਣ ਬਾਰੇ** ਬੇਨਤੀ ਹੈ ਕਿ ਨਗਰ ਨਿਗਮ ਬਠਿੰਡਾ ਦੀ ਹੱਦ ਵਿੱਚ ਕੁੱਲ 14 ਧਾਰਮਿਕ ਪੱਕੀਆਂ ਦੱਬਾਂ, ਜੋ 17 ਸਾਲ ਤੋਂ ਵੱਧ ਪੁਰਾਣੀਆਂ ਹਨ ਅਤੇ ਇਹ ਸ਼ਹਿਰ ਦੀਆਂ ਵੱਖ-ਵੱਖ ਸੜਕਾਂ ਵਿੱਚ ਬਣੀਆਂ ਹੋਈਆਂ ਹਨ। ਇਹਨਾਂ ਵਿੱਚੋਂ ਕੋਈ ਵੀ ਦੱਬ ਕੰਪਾਉਡ ਹੋਣ ਯੋਗ ਨਹੀਂ ਹੈ। ਇਸ ਦੇ ਸਬੰਧ ਵਿੱਚ ਪੰਜਾਬ ਸਰਕਾਰ ਦੇ ਗ੍ਰਹਿ ਮਾਮਲੇ ਅਤੇ ਨਿਆ ਵਿਭਾਗ ਦੇ ਆਦੇਸ਼ ਹਨ ਕਿ ਇਹ ਧਾਰਮਿਕ ਦੱਬਾਂ ਜਿਲ੍ਹਾ ਪੱਧਰ ਤੇ ਜਿਲ੍ਹਾ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਕਮੇਟੀਆਂ ਬਣਾ ਕੇ ਦੂਰ ਕੀਤੀਆਂ ਜਾਣ, ਜਿਹਨਾਂ ਵਿੱਚ ਸੀਨੀਅਰ ਸੁਪਰਡੈਂਟ ਆਫ ਪੁਲਿਸ ਸਮੇਤ ਸਥਾਨਕ ਸਰਕਾਰ ਅਤੇ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਨੁੰਮਾਇਦੇ ਸ਼ਾਮਿਲ ਹੋਣਗੇ। ਧਾਰਮਿਕ ਦੱਬਾ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1. ਮਾਤਾ ਸਤੀ ਦੇਵੀ ਮੈਮੋਰਿਅਲ ਧਰਮਸ਼ਾਲਾ ਅਤੇ ਮੰਦਰ, ਟੀ.ਪੀ. ਸਕੀਮ ਨੰ: 15, ਪਰਪੋਜਡ 100' ਰੋਡ, ਗੋਪਾਲ ਨਗਰ, ਬਠਿੰਡਾ।
2. ਮੜੀ ਅਤੇ ਨਿੰਮ ਦਾ ਦਰੱਖਤ, ਸਾਹਮਣੇ ਸੜਕ ਵਿੱਚ ਰਾਣੀ ਮਾਤਾ ਦੀ ਸਮਾਧ, ਮੇਨ ਰੋਡ, ਸੰਗੂਆਣਾ ਬਸਤੀ, ਬਠਿੰਡਾ।
3. ਬਾਬਾ ਸੈਨ ਭਗਤ ਮੰਦਿਰ, ਟੀ.ਪੀ.ਸਕੀਮ 01 ਭਾਗ 03, ਖਸਰਾ ਨੰ: 1806, 45 ਫੁੱਟੀ ਸੜਕ, ਵਿਸ਼ਾਲ ਨਗਰ ਬਠਿੰਡਾ।
4. ਮੰਦਰ, ਟੀ.ਪੀ.ਸਕੀਮ 01 ਭਾਗ 03, ਖਸਰਾ ਨੰ: 1797, 60' ਸੜਕ, ਵਿਸ਼ਾਲ ਨਗਰ, ਬਠਿੰਡਾ।
5. ਮੰਦਰ, ਟੀ.ਪੀ.ਸਕੀਮ 01 ਭਾਗ 03, ਖਸਰਾ ਨੰ: 1807, 60' ਸੜਕ, ਵਿਸ਼ਾਲ ਨਗਰ, ਬਠਿੰਡਾ।
6. ਮੰਦਰ ਦੇ ਪੁਜਾਰੀ ਦਾ ਕਮਰਾ ਅਤੇ ਸਟੋਰ, ਐਸ.ਐਸ.ਡੀ ਮਹਾਵੀਰ ਦਲ, ਖਸਰਾ ਨੰ: 2035 ਪੀ, ਨੇੜੇ ਮਾਤਾ ਰਾਣੀ ਮੰਦਰ ਬਠਿੰਡਾ।
7. ਗੁਰਦੁਆਰਾ, ਆਵਾ ਬਸਤੀ, 45' ਰੋਡ ਖਸਰਾ ਨੰ: 28/10, ਨੇੜੇ ਰਾਮ ਬਾਗ ਬਠਿੰਡਾ।
8. ਮੰਦਰ, ਬੱਸ ਸਟੈਂਡ ਦੇ ਪਿੱਛੇ ਰੇਹੜੀ ਮਾਰਕੀਟ ਬਠਿੰਡਾ।
9. ਮੰਦਰ, ਟੀ.ਪੀ.ਸਕੀਮ 03 ਪਾਰਟ 02 ਖਸਰਾ ਨੰ: 2448, ਬੀਬੀ ਵਾਲਾ ਰੋਡ ਬਠਿੰਡਾ।
10. ਸਿੱਧ ਸ਼ਿਵ ਬਾੜੀ ਮੰਦਿਰ, ਟੀ.ਪੀ.ਸਕੀਮ 01 ਭਾਗ 03, ਖਸਰਾ ਨੰ: 1799, 60' ਸੜਕ, ਪੰਚਵਟੀ ਨਗਰ, ਬਠਿੰਡਾ।
11. ਕੁਟੀਆ ਸੀਤਾ ਵਾਟਿਕਾ, ਸੰਤ ਗੋਪਾਲ ਮੁਨੀ ਜੀ ਮਹਾਰਾਜ, ਟੀ.ਪੀ.ਸਕੀਮ 01 ਭਾਗ 03, ਖਸਰਾ ਨੰ: 1797, 60' ਸੜਕ, ਪੰਚਵਟੀ ਨਗਰ, ਬਠਿੰਡਾ।
12. ਮੰਦਰ (ਮਾਤਾ ਚਿੰਤਪੁਰਨੀ), ਖਸਰਾ ਨੰ: 2467, ਮੇਨ ਰੋਡ, ਚੰਦਸਰ ਬਸਤੀ, ਬਠਿੰਡਾ।
13. ਮੜੀ (ਬੇਰੀ ਵਾਲਾ ਬਾਬਾ), ਭੱਟੀ ਰੋਡ ਬਠਿੰਡਾ।
14. ਗੁਰਦੁਆਰਾ, ਸ਼ਾਮਲਾਟ ਖਸਰਾ ਨੰ: 2467, ਬੀਬੀ ਵਾਲਾ ਰੋਡ ਬਠਿੰਡਾ।

ਉਕਤ ਦੱਬਾਂ ਦੇ ਸਬੰਧ ਵਿੱਚ ਮਹੀਨਾ ਜੂਨ 2017 ਦੀ ਦਫ਼ਤਰ ਡਿਪਟੀ ਕਮਿਸ਼ਨਰ, ਬਠਿੰਡਾ ਵਿਖੇ ਹੋਈ ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਆਦੇਸ਼ ਦਿੱਤਾ ਗਿਆ ਕਿ ਨਿਗਮ ਹਦੂਦ ਅੰਦਰ ਪੈਂਦੀਆਂ ਧਾਰਮਿਕ ਦੱਬਾਂ ਦੂਰ ਕਰਨ ਦਾ ਮਸਲਾ ਨਿਗਮ ਹਾਊਸ ਵਿੱਚ ਵਿਚਾਰਿਆ ਜਾਵੇ।ਇਸ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਇਹ 14 ਧਾਰਮਿਕ ਦੱਬਾਂ, ਪੱਕੀਆਂ ਅਤੇ ਕਾਫੀ ਪੁਰਾਣੀਆਂ ਹਨ। ਇਹਨਾਂ ਦੱਬਾਂ ਦੇ ਮਸਲੇ ਦਾ ਹੱਲ ਸਬੰਧਤ ਸੰਸਥਾਵਾਂ ਦੇ

ਆਹੁਦੇਦਾਰਾਂ ਨਾਲ ਗੱਲਬਾਤ ਕਰਕੇ ਹੀ ਕੀਤਾ ਜਾ ਸਕਦਾ ਹੈ। ਇਸ ਮਸਲੇ ਨੂੰ ਨਿਪਟਾਉਣ ਵਾਸਤੇ ਸਬ-ਕਮੇਟੀ ਬਨਾਉਣ ਲਈ ਕੇਸ ਨਿਗਮ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 34: ਪਾਸ ਕੀਤਾ ਗਿਆ ਕਿ ਇਸ ਸਬੰਧੀ ਫੈਸਲਾ ਡਿਪਟੀ ਕਮਿਸ਼ਨਰ ਬਠਿੰਡਾ ਜੀ ਵੱਲੋਂ ਆਪਣੇ ਪੱਧਰ ਤੇ ਹੀ ਲਿਆ ਜਾਵੇ।**

**ਏਜੰਡਾ ਨੰਬਰ: 13**

ਰਿਪੋਰਟ ਸਿਹਤ ਸ਼ਾਖਾ ਕਿ ਮਾਨਯੋਗ ਉਪ ਮੁੱਖ ਮੰਤਰੀ ਜੀ ਦੇ ਆਨ ਲਾਇਨ ਸੰਗਤ ਦਰਸ਼ਨ ਪੰਜਾਬ 1905 ਰਾਹੀਂ ਪ੍ਰਾਪਤ ਹੋਈ ਸ਼ਿਕਾਇਤ ਵੱਲੋਂ ਸ਼੍ਰੀ ਸ਼ਿਸ਼ੂਪਾਲ ਗੋਇਲ (64695) ਅਨੁਸਾਰ ਸ਼੍ਰੀ ਰਾਮ ਸਰੂਪ ਗੋਇਲ ਪਿਤਾ ਸ਼੍ਰੀ ਸ਼ਿਸ਼ੂਪਾਲ ਗੋਇਲ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਸਦਾ ਲੜਕਾ ਨਗਰ ਨਿਗਮ ਲੁਧਿਆਣਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰ ਰਿਹਾ ਹੈ। ਉਹ ਗੂੰਗਾ ਬੋਲਾ ਹੈ ਅਤੇ ਉਸਦੀ ਪਤਨੀ ਵੀ ਗੂੰਗੀ ਬੋਲੀ ਹੈ। ਉਸਨੇ ਲਿਖਿਆ ਹੈ ਕਿ ਉਹ ਜੈਤੋ ਰਹਿੰਦੇ ਹਨ। ਜੈਤੋ ਲੁਧਿਆਣਾ ਤੋਂ 150 ਕਿਲੋਮੀਟਰ ਦੂਰ ਹੈ। ਇਸ ਲਈ ਉਸਦੀ ਬਦਲੀ ਨਗਰ ਨਿਗਮ ਬਠਿੰਡਾ ਵਿਖੇ ਕੀਤੀ ਜਾਵੇ। ਨਗਰ ਨਿਗਮ ਵੱਲੋਂ ਸ਼੍ਰੀ ਸ਼ਿਸ਼ੂਪਾਲ ਦੀ ਪ੍ਰਤੀ ਬੇਨਤੀ ਤੇ ਐਨ.ਓ.ਸੀ. ਜਾਰੀ ਕਰਨ ਲਈ ਸਮੱਰਥ ਅਥਾਰਟੀ ਹਾਊਸ ਨਗਰ ਨਿਗਮ ਪਾਸ ਕੇਸ ਭੇਜਿਆ ਗਿਆ ਸੀ। ਹਾਊਸ ਨਗਰ ਨਿਗਮ ਬਠਿੰਡਾ ਵੱਲੋਂ ਆਪਣੇ ਮਤਾ ਨੰਬਰ 40 ਮਿਤੀ 16.11.2009 ਰਾਹੀਂ ਮਤਾ ਰੱਦ ਕਰ ਦਿੱਤਾ ਗਿਆ ਸੀ। ਪ੍ਰਾਰਥੀ ਦੀ ਦੁਬਾਰਾ ਪ੍ਰਤੀ ਬੇਨਤੀ ਉਪਰ ਹਾਊਸ ਵੱਲੋਂ ਮਤਾ ਨੰਬਰ 3 ਮਿਤੀ 14.12.2015 ਰਾਹੀਂ ਕੇਸ ਪੈਡਿੰਗ ਰੱਖ ਲਿੱਤਾ ਗਿਆ ਸੀ। ਹੁਣ ਸ਼੍ਰੀ ਸ਼ਿਸ਼ੂਪਾਲ ਦੇ ਪਿਤਾ ਦੀ ਪ੍ਰਤੀ ਬੇਨਤੀ ਤੇ ਮੇਅਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਲਿਖਿਆ ਗਿਆ ਹੈ ਕਿ ਇਹ ਕੇਸ ਏਜੰਡਾ ਆਇਟਮ ਬਣਾ ਕੇ ਹਾਊਸ ਵਿੱਚ ਵਿਚਾਰ ਹਿੱਤ ਭੇਜੀ ਜਾਵੇ। ਇਸ ਅਨੁਸਾਰ ਸ਼੍ਰੀ ਸ਼ਿਸ਼ੂਪਾਲ ਗੋਇਲ, ਸਫਾਈ ਸੇਵਕ, ਨਗਰ ਨਿਗਮ ਲੁਧਿਆਣਾ ਦੀ ਨਗਰ ਨਿਗਮ ਬਠਿੰਡਾ ਵਿਖੇ ਬਦਲੀ ਕਰਨ ਲਈ ਇਤਰਾਜ਼ਹੀਨਤਾ ਸਰਟੀਫਿਕੇਟ ਜਾਰੀ ਕਰਨ ਲਈ ਰਿਪੋਰਟ ਕੀਤੀ ਗਈ ਹੈ। ਇਸ ਸਬੰਧੀ ਡੀ.ਸੀ.ਐਫ.ਏ. ਨੇ ਰਿਪੋਰਟ ਕੀਤੀ ਹੈ ਕਿ ਹੈਡੀਕੈਪ ਕੋਟੇ ਅਧੀਨ ਗੂੰਗਾ ਬੋਲਾ ਸਫਾਈ ਸੇਵਕ ਆਸਾਮੀ ਵਿੱਚ ਕੋਈ ਬੈਕਲਾਗ ਨਹੀਂ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 35: ਨਾ-ਮੰਨਜ਼ੂਰ ਕੀਤਾ ਜਾਂਦਾ ਹੈ।**

**ਏਜੰਡਾ ਨੰ: 14**

ਦਫਤਰੀ ਰਿਪੋਰਟ ਕਿ ਨਿਗਮ ਵਿਖੇ 328 ਦਿਹਾੜੀਦਾਰ ਸਫਾਈ ਸੇਵਕਾਂ ਨੂੰ ਭਰਤੀ ਕਰਨ ਲਈ 15 ਮੈਂਬਰੀ ਸਬ-ਕਮੇਟੀ ਗਠਿਤ ਕੀਤੀ ਗਈ ਸੀ। ਸਬ-ਕਮੇਟੀ ਨੇ ਮਿਤੀ 03.08.2017 ਨੂੰ ਰੱਖੀ ਆਪਣੀ ਮੀਟਿੰਗ ਵਿੱਚ ਸਿਫਾਰਸ਼ ਕੀਤੀ ਹੈ ਕਿ ਨਿਗਮ ਦਾ ਮੋਜੂਦਾ ਸਟਾਫ ਦਾ ਅਮਲੇ ਤੇ ਖਰਚਾ ਪਹਿਲਾਂ ਹੀ ਸਰਕਾਰ ਦੇ ਨਾਰਮਜ਼ ਤੋਂ ਵੱਧ ਹੈ। ਇਸ ਲਈ ਦਿਹਾੜੀਦਾਰ ਭਰਤੀ ਕਰਨ ਦੀ ਬਜਾਏ ਯੋਗ ਹੋਵੇਗਾ ਕਿ 200 ਮੁੱਹਲਾ ਸਫਾਈ ਕਮੇਟੀਆਂ ਬਣਾ ਕੇ 200 ਸਫਾਈ ਵਰਕਰ ਰੱਖ ਲਿੱਤੇ ਜਾਣ ਅਤੇ ਇਸਦੀ ਪ੍ਰਵਾਨਗੀ ਸਰਕਾਰ ਪਾਸੋਂ ਲੈ ਲਿੱਤੀ ਜਾਵੇ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 36: ਪ੍ਰਵਾਨ ਹੈ।**

**ਏਜੰਡਾ ਨੰਬਰ: 15**

ਰਿਪੋਰਟ ਬਿਲਡਿੰਗ ਸ਼ਾਖਾ ਕਿ ਆਮ ਉਸਾਰੀ ਕਰਨ ਸਮੇਂ ਪ੍ਰਤੀ ਵਰਗ ਫੁੱਟ ਤਕਰੀਬਨ 1200 ਤੋਂ 1500 ਰੁਪਏ ਦਾ ਖਰਚ ਆਉਂਦਾ ਹੈ। ਪਰੰਤੂ ਨਗਰ ਨਿਗਮ ਵੱਲੋਂ ਪੁਰਾਣੇ ਸਮੇਂ ਤੋਂ ਗਰਾਊਂਡ ਫਲੋਰ ਤੇ 500/- ਰੁਪਏ ਅਤੇ ਫਸਟ ਫਲੋਰ ਤੇ 400/- ਰੁਪਏ ਪ੍ਰਤੀ ਵਰਗ ਫੁੱਟ ਦੇ ਰੇਟ ਤੇ ਐਸਟੀਮੇਟ ਬਣਾਏ ਜਾਂਦੇ ਹਨ, ਜਦੋਂ ਕਿ ਸ਼ਹਿਰ ਵਿੱਚ ਬਾਕੀ ਅਦਾਰੇ ਜਿਵੇਂ ਕਿ ਇੰਪਰੂਵਮੈਂਟ ਟਰੱਸਟ, ਪੁੱਡਾ ਵਿੱਚ ਐਸਟੀਮੇਟ ਦੇ ਰੇਟ 900/- ਰੁਪਏ ਅਤੇ 800/- ਰੁਪਏ ਪ੍ਰਤੀ ਵਰਗ ਫੁੱਟ ਹਨ। ਇਕੋ ਸ਼ਹਿਰ ਵਿੱਚ ਸਰਕਾਰੀ ਅਦਾਰਿਆਂ ਵਿੱਚ ਵੱਖਰੇ-ਵੱਖਰੇ ਰੇਟ ਨਹੀਂ ਹੋਣੇ ਚਾਹੀਦੇ। ਸੋ ਰਿਵਾਇਜ਼ ਰੇਟ ਗਰਾਊਂਡ ਫਲੋਰ 900/- ਰੁਪਏ ਅਤੇ ਫਸਟ ਫਲੋਰ 800/- ਰੁਪਏ ਪ੍ਰਤੀ ਵਰਗ ਫੁੱਟ ਨਿਸ਼ਚਿਤ ਕਰਨ ਲਈ ਕੇਸ ਨਿਗਮ ਦੀ ਹਾਊਸ ਦੀ ਮੀਟਿੰਗ ਮਿਤੀ 21.08.2015 ਦੇ ਏਜੰਡਾ ਨੰ: 15 ਤੇ ਹਾਊਸ ਵਿੱਚ ਵਿਚਾਰ ਕਰਨ ਲਈ ਰੱਖਿਆ ਗਿਆ ਸੀ। ਨਿਗਮ ਹਾਊਸ ਵੱਲੋਂ ਮਤਾ ਨੰ: 15 ਰਾਹੀਂ ਇਸ ਏਜੰਡੇ ਨੂੰ ਪੈਡਿੰਗ ਰੱਖਿਆ ਗਿਆ ਹੈ।

ਹੁਣ ਨਗਰ ਨਿਗਮ ਬਠਿੰਡਾ ਦੇ ਲੋਕਲ ਆਡਿਟ ਵਿਭਾਗ ਵੱਲੋਂ ਰਿਕੂਜੀਸ਼ਨ ਨੰ: 30 ਮਿਤੀ 12.07.2017 ਰਾਹੀਂ ਕਿਰਤ ਕਮਿਸ਼ਨਰ ਪੰਜਾਬ ਦੇ ਪੱਤਰ ਨੰ: 28831-73 ਮਿਤੀ 22.11.2013 ਦਾ ਹਵਾਲਾ ਦੇ ਕੇ ਲਿਖਿਆ ਹੈ ਕਿ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਸ ਵੈਲਫੇਅਰ ਸੈਸ ਐਕਟ 1996 ਅਧੀਨ ਨਕਸ਼ਾ ਪਾਸ ਕਰਨ ਸਮੇਂ ਉਸਾਰੀ ਦੇ ਖਰਚੇ ਦਾ ਐਸਟੀਮੇਟ 900/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ 1% ਲੇਬਰ ਸੈਸ ਵਸੂਲਣਯੋਗ ਬਣਦਾ ਹੈ। ਪਰੰਤੂ ਨਗਰ ਨਿਗਮ ਵੱਲੋਂ ਇਹ ਐਸਟੀਮੇਟ 500/- ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਲੇਬਰ ਸੈਸ ਅਤੇ ਦੂਜੀਆਂ ਫੀਸਾਂ ਵਸੂਲ ਕੀਤੀਆਂ ਜਾ ਰਹੀਆਂ ਹਨ। ਇਸ ਲਈ ਉਪਰੋਕਤ ਹਦਾਇਤਾਂ ਅਨੁਸਾਰ ਫੀਸਾਂ ਦੀ ਵਸੂਲੀ ਕੀਤੀ ਜਾਵੇ। ਸੋ ਉਕਤ ਨੂੰ ਮੱਦੇ ਨਜ਼ਰ ਰਖਦੇ ਹੋਏ ਨਕਸ਼ਾ ਪਾਸ ਕਰਨ ਸਮੇਂ ਉਸਾਰੀ ਦੇ ਖਰਚੇ ਦਾ ਐਸਟੀਮੇਟ ਦਾ ਰਿਵਾਇਜ਼ ਰੇਟ ਗਰਾਊਂਡ ਫਲੋਰ 900/- ਰੁਪਏ ਪ੍ਰਤੀ ਵਰਗ ਫੁੱਟ ਅਤੇ ਫਸਟ ਫਲੋਰ ਤੇ ਉਪਰਲੀਆਂ ਮੰਜਿਲਾਂ ਦਾ ਰੇਟ 800/- ਰੁਪਏ ਪ੍ਰਤੀ ਵਰਗ ਫੁੱਟ ਨਿਸ਼ਚਿਤ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ੍ਰ: ਬੇਅੰਤ ਸਿੰਘ ਰੰਧਾਵਾ, ਸ੍ਰ: ਰਾਜਿੰਦਰ ਸਿੰਘ ਸਿੱਧੂ, ਸ੍ਰ: ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀਮਤੀ ਕਰਮਜੀਤ ਕੋਰ ਗਿਆਨਾ ਅਤੇ ਹੋਰ ਕਈ ਕੋਂਸਲਰ ਸਾਹਿਬਾਨ ਨੇ ਕਿਹਾ ਕਿ ਬਠਿੰਡਾ ਵਿਖੇ ਕਈ ਗਰੀਬ ਬਸਤੀਆਂ**

**ਹਨ, ਜਿੰਨ੍ਹਾਂ ਵਿੱਚ ਬਿਲਡਿੰਗ ਫੀਸ ਦੇ ਰੇਟ ਵੱਧਣ ਨਾਲ ਗਰੀਬ ਲੋਕਾਂ ਨੂੰ ਘਰ ਬਨਾਉਣ ਵਿੱਚ ਹੋਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਉਹਨਾਂ ਇਹ ਰੇਟ ਨਾ ਵਧਾਉਣ ਲਈ ਬੇਨਤੀ ਕੀਤੀ। ਕਮਿਸ਼ਨਰ ਸਾਹਿਬ ਨੇ ਸਮੁੱਚੇ ਹਾਊਸ ਨੂੰ ਜਾਣੂ ਕਰਵਾਇਆ ਕਿ ਪੁੱਡਾ ਅਤੇ ਨਗਰ ਸੁਧਾਰ ਟਰੱਸਟ ਵਿੱਚ ਵੀ ਉਕਤ ਰੇਟ ਲਾਗੂ ਹਨ। ਇਸ ਤੋਂ ਇਲਾਵਾ ਸਰਕਾਰ ਵੱਲੋਂ ਬਿਲਡਿੰਗਾਂ ਦੇ ਨਕਸ਼ੇ ਆਨ-ਲਾਈਨ ਪਾਸ ਕਰਨ ਸਬੰਧੀ ਕਾਰਵਾਈ ਕੀਤੀ ਜਾ ਰਹੀ ਹੈ। ਜੇਕਰ ਇਹ ਰੇਟ ਪੁਡਾ, ਨਗਰ ਸੁਧਾਰ ਟਰੱਸਟ ਅਤੇ ਨਗਰ ਨਿਗਮਾਂ ਦੇ ਇੱਕੋ ਜਿਹੇ ਨਾ ਹੋਏ ਤਾਂ ਬਠਿੰਡਾ ਨਗਰ ਨਿਗਮ ਵਿੱਚ ਆਨ-ਲਾਈਨ ਨਕਸ਼ੇ ਪਾਸ ਕਰਨ ਵਿੱਚ ਦਿੱਕਤ ਆਵੇਗੀ। ਇਸਤੇ ਫੈਸਲਾ ਲਿਆ ਗਿਆ ਕਿ ਸਰਕਾਰ ਦੀ ਕਾਰਵਾਈ ਨੂੰ ਦੇਖਦੇ ਹੋਏ ਹਾਲ ਦੀ ਘੜੀ ਇਸ ਮੱਦ ਨੂੰ ਪੈਡਿੰਗ ਰੱਖ ਲਿਆ ਜਾਵੇ।**

ਮਤਾ ਨੰਬਰ 37: **ਪੈਡਿੰਗ ਰੱਖਿਆ ਜਾਂਦਾ ਹੈ।**

**ਇਸ ਮੌਕੇ ਸ਼੍ਰੀਮਤੀ ਪ੍ਰਿੰਯਕਾ ਗੋਇਲ, ਕੌਂਸਲਰ ਹਾਊਸ ਤੋਂ ਚਲੇ ਗਏ।**

ਏਜੰਡਾ ਨੰਬਰ: 16

ਰਿਪੋਰਟ ਵਰਕਸ ਸ਼ਾਖਾ ਕਿ ਲਾਇਨੋ ਪਾਰ ਇਲਾਕਾ ਜਿਸ ਵਿੱਚ ਸ਼ਹਿਰ ਦੀ ਅੰਦਾਜ਼ਨ 35-40% ਆਬਾਦੀ ਰਹਿੰਦੀ ਹੈ। ਇਸ ਆਬਾਦੀ ਦੇ ਨੇੜੇ ਕੋਈ ਵੱਡਾ ਪਾਰਕ ਨਹੀਂ ਹੈ। ਰੋਜ਼ ਗਾਰਡਨ ਇਸ ਇਲਾਕੇ ਤੋਂ ਕਾਫੀ ਦੂਰੀ ਤੇ ਹੈ। ਇਲਾਕਾ ਨਿਵਾਸੀਆਂ ਵੱਲੋਂ ਇਸ ਇਲਾਕੇ ਨੂੰ ਪਾਰਕ ਦੀ ਸੁਵਿਧਾ ਦੇਣ ਦੀ ਮੰਗ ਕੀਤੀ ਜਾਂਦੀ ਹੈ। ਇਸ ਸਬੰਧੀ ਜਗ੍ਹਾ ਦੀ ਭਾਲ ਕੀਤੀ ਗਈ ਅਤੇ ਕਈ ਥਾਂਵਾਂ ਦੇਖੀਆਂ ਗਈਆਂ ਹਨ। ਥਰਮਲ ਪਲਾਂਟ ਦੀ ਐਸ਼-ਪੌਂਡ ਵਾਲੀ ਜਗ੍ਹਾ ਪਾਰਕ ਵਿਕਸਿਤ ਕਰਨ ਲਈ ਢੁੱਕਵੀਂ ਪਾਈ ਗਈ ਹੈ। ਇਸ ਵਿੱਚੋਂ ਪਾਰਕ ਲਈ ਅੰਦਾਜ਼ਨ 50 ਏਕੜ ਜਗ੍ਹਾ PSPCL ਤੋਂ ਲੀਜ਼ ਤੇ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਮੰਗ ਕੀਤੀ ਕਿ ਉਕਤ ਪਾਰਕ ਲਈ ਜੋ 50 ਏਕੜ੍ਹ ਜਗ੍ਹਾ ਲੀਜ਼ ਤੇ ਲਈ ਜਾ ਰਹੀ ਹੈ, ਉਸ ਵਿੱਚ 5 ਏਕੜ੍ਹ ਵਿੱਚ ਬੱਚਿਆਂ ਦੇ ਖੇਡਣ ਲਈ ਗਰਾਊਂਡ ਵੀ ਬਣਾ ਦਿੱਤਾ ਜਾਵੇ। ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਮੰਗ ਕੀਤੀ ਕਿ ਉਕਤ 50 ਏਕੜ੍ਹ ਜਗ੍ਹਾ ਵਿੱਚ ਪਾਰਕ, ਬੱਚਿਆਂ ਦੇ ਖੇਡਣ ਲਈ ਗਰਾਊਂਡ ਤੋਂ ਇਲਾਵਾ ਇੱਕ ਕੰਮਿਊਨਿਟੀ ਹਾਲ ਵੀ ਬਣਾਇਆ ਜਾਵੇ।**

ਮਤਾ ਨੰਬਰ 38: **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਉਕਤ ਲਈ ਜਾਣ ਵਾਲੀ 50 ਏਕੜ੍ਹ ਜਗ੍ਹਾ ਵਿੱਚ ਪਾਰਕ ਤੋਂ ਇਲਾਵਾ ਬੱਚਿਆਂ ਦੇ ਖੇਡਣ ਲਈ ਗਰਾਊਂਡ ਅਤੇ ਇੱਕ ਕੰਮਿਊਨਿਟੀ ਹਾਲ ਵੀ ਬਣਾਇਆ ਜਾਵੇ। ਇਸ ਸਬੰਧੀ ਸਰਕਾਰ ਪਾਸੋਂ ਲੋੜੀਂਦੇ ਫੰਡਜ਼ ਮੰਗ ਲਏ ਜਾਣ।**

ਏਜੰਡਾ ਨੰਬਰ: 17

ਰਿਪੋਰਟ ਵਰਕਸ ਸ਼ਾਖਾ ਕਿ ਲਾਇਨੋ ਪਾਰ ਇਲਾਕੇ ਨੂੰ ਪਾਰਕ ਦੀ ਸੁਵਿਧਾ ਦੇਣ ਲਈ ਥਰਮਲ ਪਲਾਂਟ ਦੀ Ash-Dyke ਏਰੀਏ ਵਾਲੀ ਜਗ੍ਹਾ ਵਿੱਚੋਂ 50 ਏਕੜ ਜਗ੍ਹਾ ਲੀਜ਼ ਤੇ ਲੈਣ ਲਈ ਚੇਅਰਮੈਨ, ਪੀ.ਐਸ.ਪੀ.ਸੀ.ਐਲ. ਪਟਿਆਲਾ ਨੂੰ ਪੱਤਰ ਲਿਖਿਆ ਗਿਆ ਹੈ। ਮੁੱਢਲੇ ਤੋਰ ਤੇ ਇਸ 50 ਏਕੜ ਜਗ੍ਹਾ ਵਿੱਚੋਂ 25 ਏਕੜ ਜਗ੍ਹਾ ਵਿੱਚ ਪਾਰਕ ਵਿਕਸਿਤ ਕਰਨ ਲਈ ਤਖਮੀਨਾ ਤਿਆਰ ਕੀਤਾ ਗਿਆ ਹੈ, ਜੋ ਕਿ 560.00 ਲੱਖ ਰੁਪਏ ਦਾ ਹੈ। ਇਸ ਪਾਰਕ ਨੂੰ ਵਿਕਸਿਤ ਕਰਨ ਲਈ ਫੰਡਜ਼ ਲਈ ਸਰਕਾਰ ਨੂੰ ਬੇਨਤੀ ਕੀਤੀ ਜਾਣੀ ਹੈ। ਸੋ ਤਿਆਰ ਕੀਤੇ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 39: **ਪ੍ਰਵਾਨ ਹੈ।**

ਏਜੰਡਾ ਨੰਬਰ: 18

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਨਗਰ ਨਿਗਮ ਵੱਲੋਂ ਮਤਾ ਨੰਬਰ 35 ਮਿਤੀ 21.09.2016 ਰਾਹੀਂ ਪੰਜਾਬ ਸਰਕਾਰ ਦੇ ਪੱਤਰ ਨੰ: 5/111/2016-4994/506 ਮਿਤੀ 16.09.2016 ਦੇ ਸਬੰਧ ਵਿੱਚ EESL ਨੂੰ ਜੋ ਕਿ ਭਾਰਤ ਸਰਕਾਰ ਅਧੀਨ ਕੰਮ ਕਰਦੀ ਹੈ ਰਾਹੀਂ ਰਵਾਇਤੀ ਲਾਈਟਾਂ ਨੂੰ ਐਲ.ਈ.ਡੀ ਵਿੱਚ ਤਬਦੀਲ ਕਰਨ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਕੰਪਨੀ ਵੱਲੋਂ 7 ਸਾਲ ਲਾਈਟਾਂ ਦੀ ਦੇਖਭਾਲ ਕੀਤੀ ਜਾਣੀ ਸੀ ਅਤੇ ਨਗਰ ਨਿਗਮ ਵੱਲੋਂ ਬਿਜਲੀ ਦੇ ਬਿਲਾਂ ਦੀ ਜੋ ਬਚਤ ਹੋਣੀ ਸੀ, ਉਸ ਵਿੱਚੋਂ ਹੀ ਖਰਚਾ ਕੰਪਨੀ ਨੂੰ ਦੇਣਾ ਸੀ। ਐਗਰੀਮੈਂਟ ਅਨੁਸਾਰ ਨਗਰ ਨਿਗਮ ਅਤੇ ਕੰਪਨੀ ਵੱਲੋਂ ਸਾਂਝੇ ਤੋਰ ਤੇ ਪਹਿਲਾਂ ਹੀ ਲੱਗੀਆਂ ਲਾਈਟਾਂ ਅਤੇ ਬੁਨਿਆਦੀ ਢਾਂਚੇ ਦਾ ਸਰਵੇ ਕਰਨਾ ਸੀ। ਉਸ ਵਿੱਚ ਜੋ ਵੀ ਕਮੀਆਂ ਸਨ, ਉਹਨਾਂ ਨੂੰ ਦੂਰ ਕਰਨ ਦਾ ਜੋ ਖਰਚਾ ਆਉਣਾ ਸੀ, ਉਹ ਨਗਰ ਨਿਗਮ ਵੱਲੋਂ ਵੱਖਰੇ ਤੋਰ ਤੇ ਕੰਪਨੀ ਨੂੰ ਦੇਣਾ ਸੀ। ਕੰਪਨੀ ਵੱਲੋਂ ਇਸ ਕੰਮ ਲਈ ਜੋ ਰਕਮ ਦੀ ਮੰਗ ਕੀਤੀ ਗਈ ਸੀ, ਨਗਰ ਨਿਗਮ ਉਸ ਨਾਲ ਸਹਿਮਤ ਨਹੀਂ ਸੀ। ਜਿਸ ਕਾਰਨ ਐਫ.ਐਂਡ ਸੀ.ਸੀ. ਦੇ ਮਤਾ ਨੰਬਰ 178 ਮਿਤੀ 06.12.2016 ਰਾਹੀਂ ਖਰਚਾ ਨਾ-ਪ੍ਰਵਾਨ ਕਰ ਦਿੱਤਾ ਗਿਆ ਸੀ।

ਸਰਕਾਰ ਦੀਆ ਹਦਾਇਤਾਂ ਅਨੁਸਾਰ ਰਵਾਇਤੀ ਲਾਈਟਾਂ ਬਦਲ ਕੇ ਐਲ.ਈ.ਡੀ. ਲਗਾਉਣ ਨਾਲ ਜਿੱਥੇ ਬਿਜਲੀ ਦੀ ਬਚਤ ਹੁੰਦੀ ਹੈ, ਉੱਥੇ ਦੇਖਭਾਲ ਉਪਰ ਵੀ ਘੱਟ ਖਰਚ ਆਉਂਦਾ ਹੈ। ਇਸ ਲਈ ਇਹ ਬੇਹਤਰ ਹੋਵੇਗਾ ਕਿ ਨਗਰ ਨਿਗਮ ਰਵਾਇਤੀ ਲਾਈਟਾਂ ਨੂੰ ਬਦਲ ਕੇ ਐਲ.ਈ.ਡੀ. ਕਰਨ ਸਬੰਧੀ ਖੁੱਲੇ ਤੋਰ ਤੇ ਟੈਂਡਰ ਮੰਗੇ, ਜਿਸ ਲਈ ਸਰਕਾਰ ਪਾਸੋਂ ਆਰ.ਐਫ.ਪੀ. ਡਾਕੂਮੈਂਟ ਵੈਟ ਕਰਾਉਣਾ ਹੋਵੇਗਾ, ਤਾਂ ਜੋ ਕੰਪੀਟੀਸ਼ਨ ਵਿੱਚ ਨਗਰ ਨਿਗਮ ਨੂੰ ਇਸਦਾ

ਫਾਇਦਾ ਮਿਲ ਸਕੇ। ਇਸ ਲਈ EESL ਨਾਲ ਹੋਏ ਇਕਰਾਰਨਾਮੇ ਨੂੰ ਰੱਦ ਕਰਨ ਅਤੇ ਨਿਗਮ ਪੱਧਰ ਤੇ ਰਵਾਇਤੀ ਲਾਈਟਾਂ ਨੂੰ ਐਲ.ਈ.ਡੀ. ਲਾਈਟਾਂ ਵਿੱਚ ਤਬਦੀਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 40:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਐਲ.ਈ.ਡੀ. ਲਾਈਟਾਂ ਲਗਾਉਣ ਸਬੰਧੀ ਤਜਵੀਜ ਸਰਕਾਰ ਪਾਸ ਭੇਜਣ ਖਾਤਰ ਦਫਤਰ ਵੱਲੋਂ ਤਿਆਰ ਕੀਤੀ ਜਾਣ ਵਾਲੀ ਆਰ.ਐਫ.ਪੀ. ਡਾਕੂਮੈਂਟ ਦੀ ਕਾਪੀ ਪਹਿਲਾਂ ਹਾਊਸ ਦੀ ਮੀਟਿੰਗ ਵਿੱਚ ਵਿਚਾਰ ਲਈ ਪੇਸ਼ ਕੀਤੀ ਜਾਵੇ।**

**ਏਜੰਡਾ ਨੰਬਰ: 19**

ਦਫਤਰੀ ਰਿਪੋਰਟ ਕਿ ਦਫਤਰ ਨਗਰ ਨਿਗਮ ਬਠਿੰਡਾ ਵਿਖੇ ਜੀ.ਆਈ.ਐਸ. ਦੀ ਸਥਾਪਨਾ ਕੀਤੀ ਹੋਈ ਹੈ। ਇਸ ਕੰਮ ਲਈ PRSC ਅਤੇ MAP MY INDIA ਵੱਲੋਂ ਪਹਿਲਾਂ ਹੀ ਜੀ.ਆਈ.ਐਸ. ਸਰਵੇ ਅਤੇ ਫੀਲਡ ਸਰਵੇ ਦਾ ਕੰਮ ਕਰ ਲਿਆ ਗਿਆ ਹੈ। ਇਸ ਤਰ੍ਹਾਂ ਦਫਤਰ ਵਿੱਚ ਪ੍ਰਾਪਤ ਹੋਏ ਡਾਟਾ ਨੂੰ ਵੱਖ-ਵੱਖ ਕੰਮਾਂ ਲਈ ਵਰਤਣ ਲਈ ਜਿਵੇਂ ਕਿ ਪ੍ਰਾਪਰਟੀ ਟੈਕਸ ਅਦਾਇਗੀ ਕਰਨ ਵਾਲੇ ਯੂਨਿਟ ਅਤੇ ਨਾ ਕਰਨ ਵਾਲੇ ਯੂਨਿਟ ਵੱਖ-ਵੱਖ ਕਰਨ ਲਈ, ਪਾਣੀ ਸੀਵਰ ਦੇ ਅਣ-ਅਧਿਕਾਰਤ ਕੁਨੈਕਸ਼ਨਾਂ ਦੀ ਪਛਾਣ ਕਰਨ ਲਈ E-Project ਪ੍ਰੋਜੈਕਟ ਲਈ, ਨਿਗਮ ਵੱਲੋਂ ਮਤਾ ਨੰਬਰ 56 ਮਿਤੀ 21.08.2015 ਰਾਹੀਂ ਇੱਕ GIS Expert ਦੀ ਆਊਟਸੋਰਸ ਏਜੰਸੀ ਰਾਹੀਂ ਸਪਲਾਈ ਲਿੱਤੀ ਹੋਈ ਹੈ। ਇਸ ਵਰਕਰ ਨੂੰ ਤਨਖਾਹ ਦੀ ਅਦਾਇਗੀ ਕਰਨ ਲਈ ਜੋ ਰਕਮ ਦਾ ਤਖਮੀਨਾ ਤਿਆਰ ਕੀਤਾ ਗਿਆ ਸੀ, ਉਸਦੀ ਰਕਮ ਤੇ ਮਿਆਦ ਖਤਮ ਹੋ ਚੁੱਕੀ ਹੈ, ਜਿਸ ਵਿੱਚੋਂ ਸਿਰਫ 38572/- ਰੁਪਏ ਬਕਾਇਆ ਹਨ। ਇਸ ਬਕਾਇਆ ਰਾਸ਼ੀ ਨਾਲ ਮਿਤੀ 01.06.2017 ਤੋਂ 30.06.2017 ਤੱਕ ਹੀ ਤਨਖਾਹ ਦੀ ਅਦਾਇਗੀ ਕੀਤੀ ਜਾ ਸਕਦੀ ਹੈ। ਇਸ ਕਰਮਚਾਰੀ ਦੀਆਂ ਸੇਵਾਵਾਂ ਨਿਗਮ ਦੇ ਜੀ.ਆਈ.ਐਸ. ਸੈਲ ਲਈ ਨਿਰੰਤਰ ਲੋੜੀਂਦੀਆਂ ਹਨ।

PUNJAB REMOTE SENSING CENTER ਦੇ ਰੇਟਾਂ ਅਨੁਸਾਰ GIS Expert ਨੂੰ 22000/- ਰੁਪਏ ਪ੍ਰਤੀ ਮਹੀਨਾ ਤਨਖਾਹ ਦੀ ਅਦਾਇਗੀ ਕੀਤੀ ਜਾਣੀ ਹੈ। ਇਸਤੋਂ ਇਲਾਵਾ ਜਿਸ ਆਊਟਸੋਰਸ ਏਜੰਸੀ ਪਾਸੋਂ ਇਸ ਕਰਮਚਾਰੀ ਦੀ ਸਪਲਾਈ ਲਿੱਤੀ ਜਾਵੇਗੀ, ਉਸਨੂੰ ਪ੍ਰਤੀ ਮਹੀਨਾ ਮੁਬਲਿਗ 31768/- ਰੁਪਏ ਦੀ ਅਦਾਇਗੀ ਕੀਤੀ ਜਾਵੇਗੀ।

ਇਸ ਐਸਟੀਮੇਟ ਦੀ ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਨਗਰ ਨਿਗਮ ਬਠਿੰਡਾ ਵੱਲੋਂ ਚੈਕ ਕਰਨ ਉਪਰੰਤ ਰਿਪੋਰਟ ਕੀਤੀ ਗਈ ਹੈ ਕਿ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦੇ ਐਡਵਰਟਾਇਜ਼ਮੈਂਟ ਨੰਬਰ 8/16, ਸਰਕਾਰ ਦੀ ਪਾਲਿਸੀ ਅਨੁਸਾਰ 22000/- ਰੁਪਏ ਤਨਖਾਹ ਦੇ ਰੇਟ ਹਨ। ਮੋਜੂਦਾ GIS Expert 18000/- ਰੁਪਏ ਪ੍ਰਤੀ ਮਹੀਨਾ ਤਨਖਾਹ ਤੇ ਕੰਮ ਕਰ ਰਿਹਾ ਹੈ।

ਉਕਤ ਅਨੁਸਾਰ ਮਿਤੀ 01.07.2017 ਤੋਂ 30.06.2019 ਤੱਕ (ਦੋ ਸਾਲ) ਦੇ ਤਖਮੀਨੇ ਉਪਰ 7,62,432/- ਰੁਪਏ ਖਰਚ ਆਵੇਗਾ। ਇਸ ਲਈ ਉਕਤ ਰਕਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਅਤੇ ਇਸ ਕਰਮਚਾਰੀ ਦੀਆਂ ਸੇਵਾਵਾਂ ਆਊਟਸੋਰਸ ਏਜੰਸੀ ਰਾਹੀਂ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 41:** **ਪ੍ਰਵਾਨ ਹੈ।**

**ਏਜੰਡਾ ਨੰਬਰ: 20**

ਦਫਤਰੀ ਰਿਪੋਰਟ ਕਿ ਦਫਤਰ ਦੀਆਂ ਵੱਖ-ਵੱਖ ਬਰਾਂਚਾਂ ਵਿੱਚ ਪਬਲਿਕ ਦੀ ਸਹੂਲਤ ਜਿਵੇਂ ਕਿ ਪ੍ਰਾਪਰਟੀ ਟੈਕਸ ਭਰਵਾਉਣ ਦੇ ਕੰਮ ਲਈ 3 ਡਾਟਾ ਐਂਟਰੀ ਆਪਰੇਟਰ, ਜਨਮ ਮੌਤ ਦੇ ਰਿਕਾਰਡ ਨੂੰ ਆਨ ਲਾਈਨ ਕਰਨ ਲਈ 2 ਡਾਟਾ ਐਂਟਰੀ ਆਪਰੇਟਰ, ਲੇਖਾ ਸ਼ਾਖਾ ਲਈ ਇੱਕ ਡਾਟਾ ਐਂਟਰੀ ਆਪਰੇਟਰ ਆਊਟ ਸੋਰਸ ਏਜੰਸੀ ਰਾਹੀਂ ਸਪਲਾਈ ਲਿੱਤੇ ਹੋਏ ਹਨ। ਮੋਜੂਦਾ ਡਾਟਾ ਐਂਟਰੀ ਆਪਰੇਟਰਾਂ ਦੀ ਜਰੂਰਤ ਨੂੰ ਮੁੱਖ ਰਖਦੇ ਹੋਏ ਇਹਨਾਂ ਦੀਆਂ ਸੇਵਾਵਾਂ ਨਿਰੰਤਰ ਲੋੜੀਂਦੀਆਂ ਹਨ। ਕਿਉਂਕਿ ਇਹ ਸੇਵਾਵਾਂ ਸੇਵਾ ਅਧਿਕਾਰ ਕਾਨੂੰਨ 2011 ਅਧੀਨ ਨਿਰਧਾਰਤ ਕੀਤੇ ਸਮੇਂ ਅੰਦਰ ਪ੍ਰਦਾਨ ਕਰਾਉਣੀਆਂ ਜਰੂਰੀ ਹਨ। ਇਹਨਾਂ ਦੀ ਮਿਆਦ ਵਿੱਚ ਇੱਕ ਸਾਲ ਮਿਤੀ 01.08.2017 ਤੋਂ 31.07.2018 ਤੱਕ ਦਾ ਵਾਧਾ ਕਰਨਾ ਪਬਲਿਕ ਹਿੱਤ ਲਈ ਲਾਜਮੀ ਹੈ।

ਨਗਰ ਨਿਗਮ ਵੱਲੋਂ ਮਤਾ ਨੰਬਰ 102(7) ਮਿਤੀ 14.12.2015 ਰਾਹੀਂ 6 ਡਾਟਾ ਐਂਟਰੀ ਆਪਰੇਟਰ ਇੱਕ ਸਾਲ ਦੇ ਸਮੇਂ ਲਈ ਰਖਣੇ ਪ੍ਰਵਾਨ ਕੀਤੇ ਗਏ ਸਨ। ਇਹਨਾਂ ਨੂੰ ਤਨਖਾਹ ਦੇਣ ਲਈ ਮੋਜੂਦਾ ਤਖਮੀਨੇ ਦੀ ਰਕਮ ਅਤੇ ਮਿਆਦ ਖਤਮ ਹੋ ਚੁੱਕੀ ਹੈ। ਬਰਾਂਚਾ ਲਈ ਇਹਨਾਂ ਕਰਮਚਾਰੀਆਂ ਦੀਆਂ ਸੇਵਾਵਾਂ ਮੁੱੜ ਤੋਂ ਲੈਣ ਸਬੰਧੀ ਕਿਰਤ ਕਮਿਸ਼ਨਰ ਪੰਜਾਬ ਜੀ ਵੱਲੋਂ ਪ੍ਰਵਾਨਤ ਮਿਤੀ 01.03.2017 ਦੇ ਡੀ.ਸੀ. ਰੇਟਾਂ ਤੇ ਸਮੇਤ ਮਿਤੀ 01.07.2017 ਤੋਂ ਜੀ.ਐਸ.ਟੀ. 18% ਦੀ ਦਰ ਨਾਲ ਤਨਖਾਹ ਦੇਣ ਲਈ ਇੱਕ ਸਾਲ ਦਾ ਮੁਬਲਿਗ 9,91,872/- ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਡੀ.ਸੀ.ਐਫ.ਏ ਨੇ ਧਿਆਨ ਵਿੱਚ ਲਿਆਂਦਾ ਕਿ ਇਹਨਾਂ ਡਾਟਾ ਐਂਟਰੀ ਆਪਰੇਟਰਾਂ ਦੀ ਇੱਕ ਸਾਲ ਦੀ ਮਿਆਦ ਮਿਤੀ 01.06.2017 ਤੋਂ ਮਿਤੀ 31.05.2018 ਤੱਕ ਇੱਕ ਸਾਲ ਦੇ ਸਮੇਂ ਲਈ ਵਧਾਈ ਜਾਣੀ ਹੈ।**

**ਮਤਾ ਨੰਬਰ 42:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਇਹਨਾਂ ਆਪਰੇਟਰਾਂ ਦੀ ਇੱਕ ਸਾਲ ਦੀ ਮਿਆਦ ਮਿਤੀ 01.06.2017 ਤੋਂ 31.05.2018 ਤੱਕ ਰੱਖਣ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਏਜੰਡਾ ਨੰ: 21**

ਦਫਤਰੀ ਰਿਪੋਰਟ ਕਿ ਡੀ.ਏ.ਵੀ. ਕਾਲਜ਼ ਦੇ ਨਾਲ ਪਿੱਛਲੇ ਪਾਸੇ ਸ਼ਾਮਲਾਟ ਜਗ੍ਹਾ ਵਿੱਚ ਬਹੁਤ ਪੁਰਾਣਾ ਛੱਪੜ ਹੈ। ਨਗਰ ਨਿਗਮ ਵੱਲੋਂ ਸੀਵਰੇਜ਼ ਬੋਰਡ ਰਾਹੀਂ ਇਸ ਛੱਪੜ ਦੇ ਕਿਨਾਰੇ ਉਪਰ ਮੋਟਰ ਲਗਾਈ ਗਈ ਸੀ, ਜੋ ਕਿ ਛੱਪੜ ਵਿੱਚ ਬਰਸਾਤਾਂ ਦਾ ਪਾਣੀ ਜਮ੍ਹਾਂ ਹੋ ਜਾਂਦਾ ਹੈ ਨੂੰ ਖੁਸ਼ਕ ਮੌਸਮ ਵਿੱਚ ਸੀਵਰ ਰਾਹੀਂ ਨਿਕਾਸ ਕਰਦੀ ਹੈ ਤਾਂ ਜੋ ਬਰਸਾਤਾਂ ਸਮੇਂ ਲਾਗਲੀ ਆਬਾਦੀ ਵਾਲੇ ਇਲਾਕੇ ਜਿਵੇਂ ਕਿ ਅਗਰਵਾਲ ਕਲੋਨੀ, ਭੱਟੀ ਰੋਡ, ਬਸੰਤ ਵਿਹਾਰ, ਬੀਬੀ ਵਾਲਾ ਰੋਡ ਆਦਿ ਦੇ ਬਰਸਾਤੀ ਪਾਣੀ ਦਾ ਨਿਕਾਸ ਹੋ ਸਕੇ। ਪਿਛਲੇ ਸਮੇਂ ਤੋਂ ਇਸ ਛੱਪੜ ਦੇ ਆਸੇ-ਪਾਸੇ ਦੀ ਆਬਾਦੀ ਅਤੇ ਡੀ.ਏ.ਵੀ. ਕਾਲਜ਼ ਦੀ ਮੈਨੇਜ਼ਮੈਂਟ ਵੱਲੋਂ ਇਸ ਨੂੰ ਮਿੱਟੀ ਪਾ ਕੇ ਦੱਬਣ ਦੀ ਕੋਸ਼ਿਸ਼ ਚੱਲ ਰਹੀ ਹੈ, ਜਿਸ ਨਾਲ ਛੱਪੜ ਵਿੱਚ ਪਾਣੀ ਹੋਣ ਦੀ ਮਾਤਰਾ ਕਾਫੀ ਘੱਟ ਗਈ ਹੈ। ਉੱਚ ਅਧਿਕਾਰੀਆਂ ਵੱਲੋਂ ਇਸ ਛੱਪੜ ਦਾ ਮੁਆਇਨਾ ਕਰਕੇ ਇਸ ਨੂੰ ਡੂੰਘਾ, ਚੋੜ੍ਹਾ ਅਤੇ ਸੈਰਗਾਹ ਦੇ ਤੋਰ ਤੇ ਵਿਕਸਿਤ ਕਰਨ ਦੀ ਤਜਵੀਜ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਇਸ ਦੇ ਮੱਦੇ ਨਜ਼ਰ ਇੱਕ ਰਫ ਕਾਸਟ ਤਖਮੀਨਾ ਮੁਬਲਿਗ 459.15 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਵੱਲੋਂ ਮਤਾ ਨੰ: 64 ਮਿਤੀ 13.12.2016 ਰਾਹੀਂ ਪ੍ਰਵਾਨ ਕੀਤਾ ਗਿਆ ਸੀ। ਇਸ ਪ੍ਰਵਾਨਤ ਤਖਮੀਨੇ ਵਿੱਚ ਇਸ ਛੱਪੜ ਦਾ ਤਲਾ ਕੱਚਾ ਰਖਿਆ ਗਿਆ ਸੀ।

ਹੁਣ ਨਗਰ ਨਿਗਮ ਵੱਲੋਂ ਇਸ ਕੰਮ ਲਈ ਨਵਾਂ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਛੱਪੜ ਦੇ ਤੱਲ ਨੂੰ ਪੱਕਾ ਕਰਨਾ ਅਤੇ ਇਸ ਵਿੱਚ ਓਪਨ ਏਅਰ ਜਿੰਮ, ਬੋਲੀਵਾਲ ਕੋਰਟ, ਬਾਸਕਟ ਬਾਲ ਕੋਰਟ ਅਤੇ ਹੋਰ ਵੀ ਕਈ ਤਜਵੀਜਾਂ ਕੀਤੀਆਂ ਗਈਆਂ, ਜਿਸ ਕਾਰਨ ਇਸ ਤਖਮੀਨੇ ਦੀ ਲਾਗਤ ਪਹਿਲਾਂ ਨਾਲੋਂ ਵੱਧ ਕੇ 580.00 ਲੱਖ ਰੁਪਏ ਦੀ ਹੋ ਗਈ ਹੈ। ਇਸ ਕੰਮ ਨੂੰ ਕਰਾਉਣ ਲਈ ਸਰਕਾਰ ਪਾਸੋਂ ਗ੍ਰਾਂਟ ਦੀ ਮੰਗ ਕੀਤੀ ਜਾਵੇਗੀ ਅਤੇ ਗ੍ਰਾਂਟ ਆਉਣ ਉਪਰੰਤ ਹੀ ਇਹ ਕੰਮ ਕਰਵਾਇਆ ਜਾਵੇਗਾ।

ਸੋ, ਉਪਰੋਕਤ ਅਨੁਸਾਰ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 43: ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ ਉਕਤ ਛੱਪੜ੍ਹ ਦੇ ਸੰਦਰੀਕਰਨ ਤੋਂ ਇਲਾਵਾ ਸੰਜੇ ਨਗਰ- ਬਲਰਾਜ ਨਗਰ ਦੇ ਵਿਚਾਲੇ ਵਾਲਾ ਛੱਪੜ੍ਹ ਅਤੇ ਸੰਗੂਆਣਾ ਬਸਤੀ - ਅਮਰਪੁਰਾ ਬਸਤੀ ਵਿੱਚ ਬਣੇ ਛੱਪੜ੍ਹਾਂ ਵਿੱਚ ਸਕੂਲ ਲਈ ਰਾਖਵੀਂ 1000-1500 ਗੱਜ਼ ਜਗ੍ਹਾ ਛੱਡ ਕੇ ਸੰਦਰੀਕਰਨ ਕਰਨ ਖਾਤਰ ਡੀ.ਪੀ.ਆਰ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਪੇਸ਼ ਕੀਤੀ ਜਾਵੇ। ਡੀ.ਪੀ.ਆਰ ਤਿਆਰ ਕਰਨ ਖਾਤਰ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਇਸ ਮੌਕੇ ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਸ਼੍ਰੀ ਗੁਰਸੇਵਕ ਸਿੰਘ ਮਾਨ ਅਤੇ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਸਾਹਿਬਾਨ ਮੀਟਿੰਗ ਵਿੱਚੋਂ ਚਲੇ ਗਏ।**

**ਏਜੰਡਾ ਨੰ: 22**

ਰਿਪੋਰਟ ਓ.ਐਂਡ ਐਮ. ਸਾਖਾ ਕਿ ਸਲਾਨਾ ਦੇਖਭਾਲ ਵ/ਸ ਅਤੇ ਸੀਵਰੇਜ਼ ਸਕੀਮ ਐਟ ਬਠਿੰਡਾ ਬਾਬਤ ਸਾਲ 2017-18 ਦਾ ਤਖਮੀਨਾ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਬਠਿੰਡਾ ਵੱਲੋਂ 640.03 ਲੱਖ ਰੁਪਏ ਦਾ ਪੱਤਰ ਨੰ: 2477 ਮਿਤੀ 20.06.2017 ਰਾਹੀਂ ਪ੍ਰਾਪਤ ਹੋਇਆ ਹੈ। ਕੋਈ ਵੀ ਅਦਾਇਗੀ ਹਾਊਸ ਦੀ ਮੰਨਜ਼ੂਰੀ ਤੋਂ ਬਗੈਰ ਨਹੀਂ ਕੀਤੀ ਜਾ ਸਕਦੀ। ਇਸ ਲਈ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 44: ਪ੍ਰਵਾਨ ਹੈ।**

**ਏਜੰਡਾ ਨੰ: 23**

ਰਿਪੋਰਟ ਵਰਕਸ ਸ਼ਾਖਾ ਕਿ ਲਾਇਨੋ ਪਾਰ ਇਲਾਕੇ ਜਿਵੇਂ ਕਿ ਪਰਸ ਰਾਮ ਨਗਰ, ਪ੍ਰਤਾਪ ਨਗਰ, ਠੰਡੀ ਸੜ੍ਹਕ ਅਤੇ ਹੋਰ ਨਾਲ ਲਗਦੇ ਏਰੀਏ ਆਦਿ ਵਿੱਚ ਵਿੱਚ ਕੋਈ ਵੀ ਪਾਰਕ ਨਹੀਂ ਹੈ। ਉੱਥੋਂ ਦੇ ਵਸਨੀਕਾਂ ਵੱਲੋਂ ਨਗਰ ਨਿਗਮ ਨੂੰ ਵਾਰ-ਵਾਰ ਪਾਰਕ ਵਿਕਸਿਤ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ।

ਵਰਨਣਯੋਗ ਹੈ ਕਿ ਰੇਲਵੇ ਦੀ ਜਗ੍ਹਾ ਉਪਰ ਦੋ ਪਾਕਟਾਂ ਖਾਲੀ ਪਈਆ ਹਨ, ਜਿੰਨ੍ਹਾਂ ਤੇ ਪਾਰਕ ਵਿਕਸਿਤ ਕੀਤੇ ਜਾ ਸਕਦੇ ਹਨ। ਇਸ ਸਬੰਧੀ ਰੇਲਵੇ ਵਿਭਾਗ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨ ਤੇ ਉਹਨਾਂ ਵੱਲੋਂ ਜੁਬਾਨੀ ਤੋਰ ਤੇ ਪਾਰਕ ਵਿਕਸਿਤ ਕਰਨ ਦੀ ਇਜਾਜਤ ਦੇ ਦਿੱਤੀ ਹੈ ਅਤੇ ਦਸਿਆ ਕਿ ਉਹਨਾਂ ਵੱਲੋਂ ਲਿਖਤੀ ਰੂਪ ਵਿੱਚ ਇਜਾਜਤ ਲਈ ਕੇਸ ਰੇਲਵੇ ਵਿਭਾਗ ਦੇ ਉੱਚ ਅਧਿਕਾਰੀਆਂ ਪਾਸ ਭੇਜ ਦਿੱਤਾ ਹੈ। ਇਸ ਸਬੰਧੀ ਤਖਮੀਨਾ ਮੁਬਲਿਗ 28.10 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇਹ ਕੇਸ ਸਰਕਾਰ ਪਾਸ ਫੰਡ ਉਪਲਬੱਧ ਕਰਵਾਉਣ ਲਈ ਭੇਜਿਆ ਜਾਣਾ ਬਣਦਾ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 45: ਪ੍ਰਵਾਨ ਹੈ।**

**ਏਜੰਡਾ ਨੰ: 24**

ਰਿਪੋਰਟ ਵਰਕਸ ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਟ੍ਰੈਫਿਕ ਕਾਫੀ ਵੱਧ ਗਿਆ ਚੁੱਕਾ ਹੈ। ਇਸ ਟ੍ਰੈਫਿਕ ਦੇ ਸੁਧਾਰ ਲਈ ਬੀ.ਡੀ.ਏ. ਬਠਿੰਡਾ ਵੱਲੋਂ ਰਿੰਗ ਰੋਡ, ਫੇਜ਼-2, ਜੋ ਕਿ ਮਲੋਟ ਰੋਡ ਤੋਂ ਬਾਦਲ ਰੋਡ ਨੂੰ ਮਿਲਾਉਂਦੀ ਹੈ, ਬਣਾਈ ਗਈ ਸੀ। ਸ਼ਹਿਰ ਦਾ ਬਹੁਤ ਜਿਆਦਾ ਟ੍ਰੈਫਿਕ ਪਰਸ ਰਾਮ ਨਗਰ ਇਲਾਕੇ ਵਿੱਚੋਂ ਹੋ ਕੇ ਰਿੰਗ ਰੋਡ ਤੇ ਜਾਂਦਾ ਹੈ, ਜਿਸ ਨਾਲ ਇਸ ਇਲਾਕੇ ਵਿੱਚ ਜਿਆਦਾ ਟ੍ਰੈਫਿਕ ਹੋਣ ਦੀ ਦਿੱਕਤ ਆਉਂਦੀ ਹੈ। ਇਸ ਲਈ ਲਾਇਨੋ ਪਾਰ ਦੇ ਇਲਾਕਾ ਨਿਵਾਸੀਆਂ ਵੱਲੋਂ ਇਹ ਮੰਗ ਆਉਂਦੀ ਰਹਿੰਦੀ ਹੈ ਕਿ ਗੋਨਿਆਣਾ ਰੋਡ ਤੋਂ ਨਹਿਰ ਦੇ ਨਾਲ-ਨਾਲ ਰਿੰਗ ਰੋਡ ਤੱਕ ਸੜ੍ਹਕ ਬਣ ਜਾਵੇ ਤਾਂ ਇਸ ਇਲਾਕੇ ਨੂੰ ਟ੍ਰੈਫਿਕ ਤੋਂ ਕਾਫੀ ਰਾਹਤ ਮਿਲੇਗੀ। ਇਸ ਸਮੇਂ ਗੋਨਿਆਨਾ ਰੋਡ ਤੋਂ ਲੈ ਕੇ ਅਬੋਹਰ ਰੇਲਵੇ ਲਾਈਨ ਤੱਕ ਸੜ੍ਹਕ ਬਣੀ ਹੈ। ਤਕਰੀਬਨ ਗੁਰੂਕੁੱਲ ਰੋਡ ਤੋਂ ਲੈ ਕੇ ਰਿੰਗ ਰੋਡ ਤੱਕ ਸੜ੍ਹਕ ਕੱਚੀ ਹੈ, ਜਿਸ ਨੂੰ ਬਨਾਉਣ ਦਾ ਤਖਮੀਨਾ 298.13 ਲੱਖ ਰੁਪਏ ਦਾ ਤਿਆਰ ਕੀਤਾ ਗਿਆ ਹੈ। ਇਹ ਕੰਮ ਕਰਵਾਉਣ ਲਈ ਸਰਕਾਰ ਨੂੰ ਫੰਡਜ਼ ਲਈ ਬੇਨਤੀ ਕੀਤੀ ਜਾਣੀ ਹੈ ਅਤੇ ਫੰਡਜ਼ ਪ੍ਰਾਪਤ ਹੋਣ ਉਪਰੰਤ ਇਹ ਕੰਮ ਕਰਵਾਇਆ ਜਾਵੇਗਾ। ਕਾਰਜਕਾਰੀ ਇੰਜੀਨੀਅਰ, ਬਠਿੰਡਾ, ਨਹਿਰ ਮੰਡਲ ਵੱਲੋਂ ਆਪਣੇ ਪੱਤਰ ਨੰ: 3907 ਮਿਤੀ 28.05.2015 ਰਾਹੀਂ ਪਟੜੀ ਤੇ ਸੜ੍ਹਕ ਬਨਾਉਣ ਸਬੰਧੀ ਐਨ.ਓ.ਸੀ. ਦਿੱਤਾ ਗਿਆ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 46: ਪ੍ਰਵਾਨ ਹੈ।**

**ਏਜੰਡਾ ਨੰ: 25**

ਰਿਪੋਰਟ ਵਰਕਸ ਸ਼ਾਖਾ ਕਿ ਗਊਸ਼ਾਲਾ ਰੋਡ ਤੋਂ ਸੰਜੇ ਨਗਰ, ਸੰਗੂਆਣਾ ਬਸਤੀ, ਅਮਰਪੁਰਾ ਬਸਤੀ ਨੂੰ ਜਾਂਦਿਆਂ ਪਟਿਆਲਾ ਰੇਲਵੇ ਲਾਈਨ, ਦਿੱਲੀ ਰੇਲਵੇ ਲਾਈਨ ਅਤੇ ਸਿਰਸਾ ਰੇਲਵੇ ਲਾਈਨਾਂ ਪੈਂਦੀਆਂ ਹਨ। ਰੇਲਵੇ ਟ੍ਰੈਫਿਕ ਵੱਧ ਜਾਣ ਨਾਲ ਫਾਟਕ ਬਹੁਤ ਜਿਆਦਾ ਬੰਦ ਰਹਿੰਦੇ ਹਨ, ਜਿਸ ਕਾਰਨ ਪਿਛਲੇ ਕਾਫੀ ਸਮੇਂ ਤੋਂ ਇਸ ਇਲਾਕੇ ਦੇ ਲੋਕਾਂ ਵੱਲੋਂ ਰੇਲਵੇ ਉਵਰ ਬਰਿਜ ਬਨਾਉਣ ਦੀ ਮੰਗ ਕੀਤੀ ਜਾ ਰਹੀ ਹੈ। ਜਿਸ ਲਈ ਪਿਛਲੇ ਸਮੇਂ ਵਿੱਚ ਰੇਲਵੇ ਨਾਲ ਆਰ.ਯੂ.ਬੀ. ਬਨਾਉਣ ਸਬੰਧੀ ਵਿਚਾਰ ਵਟਾਂਦਰਾ ਹੁੰਦਾ ਰਿਹਾ ਹੈ। ਹੁਣ ਪਤਾ ਚਲਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਆਉਣ ਵਾਲੇ ਖਰਚੇ ਦੀ ਬਜਟ ਵਿੱਚ ਵਿਵਸਥਾ ਕਰ ਲਈ ਗਈ ਹੈ। ਕੰਮ ਵਿੱਚ ਤੇਜੀ ਲਿਆਉਣ ਲਈ ਇਹ ਮਹਿਸੂਸ ਕੀਤਾ ਗਿਆ ਕਿ ਪਬਲਿਕ ਦੀ ਸੁਵਿਧਾ ਲਈ ਆਰ.ਯੂ.ਬੀ. ਦੀ ਜਗ੍ਹਾ ਆਰ.ਓ.ਬੀ. ਤਜਵੀਜ ਕੀਤਾ ਜਾਵੇ, ਕਿਉਂਕਿ ਆਰ.ਯੂ.ਬੀ. ਵਿੱਚ ਬਾਰਸ਼ਾਂ ਸਮੇਂ ਪਾਣੀ ਭਰ ਜਾਂਦਾ ਹੈ ਅਤੇ ਟ੍ਰੈਫਿਕ ਦੀ ਆਵਾਜਾਈ ਪ੍ਰਭਾਵਿਤ ਹੁੰਦੀ ਹੈ। ਇਸ ਲਈ ਇਹਨਾਂ ਜਗ੍ਹਾ ਉਪਰ ਅਗਰ ਆਰ.ਓ.ਬੀ. ਬਣ ਜਾਵੇਗਾ ਤਾਂ ਇਹ ਸਮੱਸਿਆ ਵੀ ਖਤਮ ਹੋ ਜਾਵੇਗੀ ਅਤੇ ਆਰ.ਓ.ਬੀ. ਦੇ ਥੱਲੇ ਪਾਰਕਿੰਗ ਦੀ ਸੁਵਿਧਾ ਵੀ ਮਿਲ ਜਾਵੇਗੀ। ਇਸ ਲਈ ਇਹ ਦੇਖਣ ਲਈ ਆਰ.ਓ.ਬੀ. ਬਣ ਸਕਦਾ ਹੈ, ਯੋਗ ਸਲਾਹਕਾਰ ਦੀ ਜਰੂਰਤ ਹੋਵੇਗੀ। ਇਸ ਲਈ ਇਹ ਤਜਵੀਜ ਤਿਆਰ ਕਰਨ ਲਈ ਆਰ.ਓ.ਬੀ./ ਆਰ.ਯੂ.ਬੀ. ਜੋ ਵੀ ਸੰਭਵ ਹੋਵੇਗਾ ਦੀ ਡਿਟੇਲ ਪ੍ਰੋਜੈਕਟ ਰਿਪੋਰਟ/ ਡਿਜ਼ਾਇਨ ਆਦਿ ਲਈ ਸਲਾਹਕਾਰ ਰੱਖਣ ਲਈ ਅੰਦਾਜ਼ਨ 30.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਹ ਸੰਭਾਵਤ ਖਰਚੇ ਲਈ ਸਰਕਾਰ ਪਾਸੋਂ ਗਰਾਂਟ ਪ੍ਰਾਪਤ ਕੀਤੀ ਜਾਵੇਗੀ। ਫਿਲਹਾਲ ਇਹ ਖਰਚਾ ਨਗਰ ਨਿਗਮ ਫੰਡਾਂ ਵਿੱਚੋਂ ਕਰਨ ਲਈ ਤਜਵੀਜ ਹਾਊਸ ਦੇ ਵਿਚਾਰ ਹਿੱਤ ਰਿਪੋਰਟ ਪੇਸ਼ ਹੈ ਜੀ।

**ਮਤਾ ਨੰਬਰ 47: ਪ੍ਰਵਾਨ ਹੈ।**

**ਏਜੰਡਾ ਨੰ: 26**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਲਾਨਾ ਦੇਖਭਾਲ ਹੈਡ ਵਾਟਰ ਵਰਕਸ ਭਾਗੂ ਰੋਡ ਦਾ ਤਖਮੀਨਾ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਐਂਡ ਸੈਨੀਟੇਸ਼ਨ ਮੰਡਲ ਨੰ: 3 ਵੱਲੋਂ ਆਪਣੇ ਪੱਤਰ ਨੰਬਰ 2035 ਮਿਤੀ 24.04.2017 ਰਾਹੀਂ 21.43 ਲੱਖ ਰੁਪਏ ਦਾ ਤਖਮੀਨਾ ਭੇਜ ਕੇ ਫੰਡਜ਼ ਦੀ ਮੰਗ ਕੀਤੀ ਹੈ। ਨਗਰ ਨਿਗਮ ਵੱਲੋਂ ਆਪਣੇ ਮਤਾ ਨੰਬਰ 63 ਮਿਤੀ 15.12.2015 ਰਾਹੀਂ ਪਹਿਲਾਂ ਹੀ 5.00 ਲੱਖ ਰੁਪਏ ਦੀ ਅਦਾਇਗੀ ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਨੂੰ 02.01.2017 ਰਾਹੀਂ ਕੀਤੀ ਜਾ ਚੁੱਕੀ ਹੈ। ਬਾਕੀ ਦੀ ਰਕਮ 16.43 ਲੱਖ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਲੈਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 48: ਪ੍ਰਵਾਨ ਹੈ।**

**ਏਜੰਡਾ ਨੰ: 27**

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਮਿਤੀ 10.04.2003 ਨੂੰ ਹੋਂਦ ਵਿੱਚ ਆਈ ਸੀ। ਇਸ ਤੋਂ ਪਹਿਲਾਂ ਬਠਿੰਡਾ ਵਿਖੇ ਨਗਰ ਕੌਂਸਲ ਸੀ। ਨਗਰ ਨਿਗਮ ਅਪਗਰੇਡ ਹੋਣ ਦੇ ਬਾਵਜੂਦ ਇੱਥੇ ਨਵਾਂ ਸਟਾਫ ਨਹੀਂ ਆਇਆ। ਇੱਥੇ ਪਿਛਲੀ ਸਿੱਧੀ ਭਰਤੀ 1986 ਵਿੱਚ ਹੋਈ ਸੀ। ਉਸ ਤੋਂ ਬਾਦ ਕੋਈ ਭਰਤੀ ਨਹੀਂ ਹੋਈ। ਕਿਸੇ ਵੀ ਦਫਤਰ ਨੂੰ ਚਲਾਉਣ ਲਈ ਕਲੈਰੀਕਲ ਸਟਾਫ ਦਾ ਮੁੱਖ ਰੋਲ ਹੁੰਦਾ ਹੈ। ਨਗਰ ਨਿਗਮ ਬਠਿੰਡਾ ਵਿਖੇ ਕਲੱਰਕਾਂ ਦੀਆਂ 76 ਆਸਾਮੀਆਂ ਵਿਰੁੱਧ ਸਿਰਫ 28 ਕਲੱਰਕ ਹੀ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ ਵੀ ਇਸ ਦੋਰਾਨ 4 ਹੋਰ ਕਲੱਰਕ ਰਿਟਾਇਰ ਹੋ ਜਾਣਗੇ। ਇਸ ਨਾਲ ਜਿੱਥੇ ਨਗਰ ਨਿਗਮ ਦਾ ਕੰਮ ਪ੍ਰਭਾਵਿਤ ਹੋ ਗਿਆ ਹੈ ਉੱਥੇ ਨਗਰ ਨਿਗਮ ਵਿਖੇ ਆਉਣ ਵਾਲੀ ਪਬਲਿਕ ਨੂੰ ਵੀ ਮੁਸ਼ਕਿਲ ਆਉਂਦੀ ਹੈ। ਸਟਾਫ ਦੀ ਘਾਟ ਕਾਰਨ ਟੈਕਸਾਂ ਦੀ ਰਿਕਵਰੀ ਵੀ ਪ੍ਰਭਾਵਿਤ ਹੋ ਗਈ ਹੈ। ਪ੍ਰਾਪਰਟੀ ਟੈਕਸ ਸ਼ਾਖਾ, ਵਾਟਰ ਸਪਲਾਈ ਸ਼ਾਖਾ, ਬਿਲਡਿੰਗ ਸ਼ਾਖਾ ਅਤੇ ਲੇਖਾ ਸ਼ਾਖਾ ਦਾ ਕੰਮ ਸਟਾਫ ਦੀ ਘਾਟ ਕਾਰਨ ਪ੍ਰਭਾਵਿਤ ਹੋ ਰਿਹਾ ਹੈ। ਇਸ ਤੋਂ ਇਲਾਵਾ ਵਰਕਸ ਸ਼ਾਖਾ, ਰੈਂਟ ਸ਼ਾਖਾ, ਸਟਰੀਟ ਲਾਈਟ ਸ਼ਾਖਾ ਅਤੇ ਮਸ਼ਹੂਰੀ ਸ਼ਾਖਾ ਵਿਖੇ ਵੀ ਸਟਾਫ ਦੀ ਬਹੁਤ ਲੋੜ੍ਹ ਹੈ। ਇਸ ਲਈ ਨਗਰ ਨਿਗਮ ਬਠਿੰਡਾ ਵਿਖੇ ਘੱਟੋ-ਘੱਟ 10 ਕਲੱਰਕ ਅਤੇ 5 ਸੇਵਾਦਾਰ ਭਰਤੀ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 49: ਪ੍ਰਵਾਨ ਹੈ।

ਏਜੰਡਾ ਨੰ: 28

ਰਿਪੋਰਟ ਵਰਕਸ ਸ਼ਾਖਾ ਕਿ ਰੋਜ਼ ਗਾਰਡਨ ਨੇੜੇ ਨਗਰ ਨਿਗਮ ਦਾ ਵਾਟਰ ਵਰਕਸ ਬਣਿਆ ਹੋਇਆ ਹੈ। ਇਸ ਤੇ ਵਾਟਰ ਟੈਂਕ ਨੰ: 4 ਦੀਆਂ ਸਾਈਡਾਂ ਤੇ ਕਾਫੀ ਜਗ੍ਹਾ ਖਾਲੀ ਪਈ ਹੈ, ਜਿਸ ਵਿੱਚ ਪਿਛਲੇ ਸਮੇਂ ਦੋਰਾਨ ਪਲਾਂਟੇਸ਼ਨ ਕੀਤੀ ਗਈ ਸੀ। ਪਰੰਤੂ ਇਹ ਦੇਖਿਆ ਗਿਆ ਕਿ ਇਸ ਖਾਲੀ ਪਈ ਜਗ੍ਹਾ ਦੀ ਵਰਤੋਂ ਨਰਸਰੀ ਲਈ ਕੀਤੀ ਜਾਵੇ ਤਾਂ ਕਿ ਨਗਰ ਨਿਗਮ ਵੱਲੋਂ ਜੋ ਪਾਰਕਾਂ ਅਤੇ ਸ਼ਹਿਰ ਵਿਖੇ ਵੱਖ-ਵੱਖ ਥਾਂਵਾਂ ਤੇ ਪਲਾਂਟੇਸ਼ਨ ਕੀਤੀ ਜਾਂਦੀ ਹੈ, ਲਈ ਇੱਥੇ ਹੀ ਪੌਦੇ ਤਿਆਰ ਕੀਤੇ ਜਾਣ ਅਤੇ ਨਾਲ ਹੀ ਨਰਸਰੀ ਵਿੱਚੋਂ ਤਿਆਰ ਪੌਦੇ ਸ਼ਹਿਰ ਵਾਸੀਆਂ ਨੂੰ ਵਾਜਬ ਰੇਟਾਂ ਤੇ ਮੁੱਹਈਆ ਕਰਵਾਏ ਜਾਣ, ਲਈ ਤਜਵੀਜ ਤਿਆਰ ਕੀਤੀ ਜਾ ਸਕੇਗੀ। ਨਰਸਰੀ ਵਿੱਚ ਵੱਖ-ਵੱਖ ਤਰ੍ਹਾਂ ਦੇ ਪੌਦੇ ਤਿਆਰ ਕਰਨ ਲਈ ਬੀਜਾਂ, ਖਾਦ, ਦਵਾਈਆਂ ਅਤੇ ਵੱਖ-ਵੱਖ ਤਰ੍ਹਾਂ ਦੇ ਫਲਦਾਰ ਪੌਦੇ ਆਦਿ ਦਾ ਅੰਦਾਜ਼ਨ ਖਰਚਾ 10.00 ਲੱਖ ਰੁਪਏ ਆਉਣ ਦਾ ਅਨੁਮਾਨ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 50: ਪਾਸ ਕੀਤਾ ਗਿਆ ਕਿ ਮਤਾ ਨੰਬਰ 89 ਮਿਤੀ 14.12.2015 ਰਾਹੀਂ ਪਾਸ ਕੀਤੇ ਗਏ ਕੰਮਿਊਨਿਟੀ ਹਾਲ ਬਨਾਉਣ ਖਾਤਰ ਜਗ੍ਹਾ ਛੱਡਦੇ ਹੋਏ ਨਰਸਰੀ ਬਨਾਉਣਾ ਪ੍ਰਵਾਨ ਹੈ।

**ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਦਸਿਆ ਕਿ ਬਠਿੰਡਾ ਸ਼ਹਿਰ ਦਾ ਇਤਿਹਾਸ ਬਹੁਤ ਹੀ ਪੁਰਾਣਾ ਹੈ। ਇਸ ਇਤਿਹਾਸ ਨੂੰ ਦੇਖਦੇ ਹੋਏ ਯੋਗ ਹੋਵੇਗਾ ਕਿ ਬਠਿੰਡਾ Small Town (ਕਸਬੇ) 1939 ਤੋਂ ਲੈ ਕੇ ਨਗਰ ਨਿਗਮ ਦੇ ਹੋਂਦ ਵਿੱਚ ਆਉਣ ਉਪਰੰਤ ਇਸ ਨਾਲ ਜੁੜੀਆਂ ਇਤਿਹਾਸਕ ਚੀਜ਼ਾਂ, ਯਾਦਗਾਰਾਂ ਅਤੇ ਪ੍ਰਾਪਤੀਆਂ ਇੱਕਠੀਆਂ ਕਰਕੇ ਲੋਕਾਂ ਨੂੰ ਜਾਣੂ ਕਰਵਾਉਣ ਖਾਤਰ ਇੱਕ ਮਿਊਜ਼ੀਅਮ ਬਣਾ ਦਿੱਤਾ ਜਾਵੇ। ਬਠਿੰਡਾ Small Town (ਕਸਬੇ) 1939 ਤੋਂ ਲੈ ਕੇ ਨਗਰ ਨਿਗਮ ਤੱਕ ਦੇ ਸਫਰ ਦੋਰਾਨ ਚੁਣੇ ਹੋਏ ਮੈਂਬਰ ਸਾਹਿਬਾਨ, ਪ੍ਰਧਾਨ ਜੀ ਅਤੇ ਮੇਅਰ ਸਾਹਿਬ ਜੀ ਦਾ ਸੰਪੂਰਣ ਵੇਰਵਾ ਅਤੇ ਤਸਵੀਰਾਂ ਵੀ ਲਗਾਈਆਂ ਜਾਣ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਨਗਰ ਨਿਗਮ ਪਾਸ ਇੱਕ ਰੋਡ ਰੋਲਰ ਹੈ, ਜੋ ਕਿ ਸਾਲ 1954 ਵਿੱਚ ਖਰੀਦ ਕੀਤਾ ਗਿਆ ਸੀ। ਇਸ ਰੋਡ ਰੋਲਰ ਨੂੰ ਵੀ ਮਿਊਜ਼ੀਅਮ ਦੇ ਬਾਹਰ ਵਧੀਆ ਤਰੀਕੇ ਨਾਲ ਰੰਗ ਕਰਵਾ ਕੇ ਇਨਸਟਾਲ ਕਰਵਾਇਆ ਜਾਵੇ। ਇਸ ਤੋਂ ਇਲਾਵਾ ਜੇਕਰ ਪੁਰਾਣਾ ਰੇਲਵੇ ਦਾ ਇੰਜਣ ਜਾਂ ਕੋਈ ਪੁਰਾਣੀ ਤੋਪ ਵੀ ਮਿਲ ਸਕੇ, ਤਾਂ ਮਿਊਜ਼ੀਅਮ ਵਿੱਚ ਇਸਟਾਲ ਕਰਵਾਉਣ ਦਾ ਉਪਰਾਲਾ ਕੀਤਾ ਜਾਵੇ। ਨਗਰ ਨਿਗਮ ਵੱਲੋਂ ਕੋਈ ਹੋਰ ਜਗ੍ਹਾ ਨਾਂ ਲੈ ਕੇ ਰੋਜ਼ ਗਾਰਡਨ, ਜ਼ੋਗਰ ਪਾਰਕ ਜਾਂ ਰੋਜ਼ ਗਾਰਡਨ ਦੇ ਸਾਹਮਣੇ ਨਗਰ ਨਿਗਮ ਦੇ ਸਟੋਰ ਵਿਖੇ ਖਾਲੀ ਪਾਈ ਥਾਂ ਤੇ ਮਿਊਜ਼ੀਅਮ ਬਣਾ ਲਿਆ ਜਾਵੇ।**

**ਇਸ ਨਾਲ ਬੱਚਿਆਂ ਅਤੇ ਬਾਹਰ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਵੀ ਨਗਰ ਨਿਗਮ ਦੇ ਇਤਿਹਾਸ ਬਾਰੇ ਪਤਾ ਚੱਲ ਸਕੇਗਾ ਅਤੇ ਨਗਰ ਨਿਗਮ ਅਤੇ ਸਰਕਾਰ ਦਾ ਅਕਸ ਵੀ ਉੱਚਾ ਹੋਵੇਗਾ ਜੀ।**

**ਇਸਤੇ ਮਜ਼ੀਦ ਪਾਸ ਕੀਤਾ ਗਿਆ ਕਿ ਡੀ.ਪੀ. ਆਰ ਤਿਆਰ ਕਰਨ ਤੇ ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

ਏਜੰਡਾ ਨੰ: 29

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਮੇਨ ਵਾਟਰ ਵਰਕਸ, ਭਾਗੂ ਰੋਡ, ਬਠਿੰਡਾ ਤੇ ਨਵੇਂ ਬਣੇ ਓਵਰਹੈਡ ਟੈਂਕ ਨੂੰ ਪੁਰਾਣੇ ਓਵਰਹੈਡ ਟੈਂਕ ਨਾਲ ਜੋੜ੍ਹਨ ਲਈ ਕਾਰਕਾਰੀ ਇੰਜੀਨੀਅਰ ਜ/ਸ ਅਤੇ ਸੈਨੀਟੇਸ਼ਨ ਮੰਡਲ ਨੰਬਰ 3 ਬਠਿੰਡਾ ਵੱਲੋਂ 3.08 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 51: ਪ੍ਰਵਾਨ ਹੈ।

ਏਜੰਡਾ ਨੰ: 30

ਰਿਪੋਰਟ ਵਰਕਸ ਸ਼ਾਖਾ ਕਿ ਬਠਿੰਡਾ ਸ਼ਹਿਰ ਦੀ ਸੁੰਦਰਤਾ ਵਿੱਚ ਵਾਧਾ ਕਰਨ ਲਈ ਨਗਰ ਨਿਗਮ ਵੱਲੋਂ ਕਈ ਤਰ੍ਹਾਂ ਦੇ ਕੰਮ ਕਰਵਾਏ ਜਾ ਰਹੇ ਹਨ। ਇਸੇ ਸਬੰਧ ਵਿੱਚ ਇਹ ਦਸਿਆ ਜਾਂਦਾ ਹੈ ਕਿ ਰੇਲਵੇ ਸਟੇਸ਼ਨ ਦੀ ਬਾਹਰਲੀ ਦੀਵਾਰ ਦੀ ਹਾਲਤ ਕਾਫੀ ਖਰਾਬ ਹੈ, ਜੋ ਕਿ ਸ਼ਹਿਰ ਦੀ ਦਿੱਖ ਤੇ ਬੁਰਾ ਪ੍ਰਭਾਵ ਪਾਉਂਦੀ ਹੈ। ਇਸ ਏਰੀਏ ਵਿੱਚ ਆਮ ਪਬਲਿਕ ਅਤੇ ਬਾਹਰੋਂ ਆਉਣ ਵਾਲੇ ਲੋਕਾਂ ਦੀ ਬਹੁਤ ਆਵਾਜਾਈ ਹੈ। ਇਸ ਲਈ ਨਗਰ ਨਿਗਮ ਸਟੇਸ਼ਨ ਦੀ ਦੀਵਾਰ ਉਪਰ ਰੇਲਵੇ ਸੜ੍ਹਕ ਵਾਲੀ ਸਾਈਡ ਤੇ ਦੀਵਾਰ ਦੀ ਸੁੰਦਰਤਾ ਵਧਾਉਣ ਲਈ ਕੰਮ ਕਰਵਾਉਣ ਦੀ ਇਛੁੱਕ ਹੈ। ਇਹ ਕੰਮ ਕਰਾਉਣ ਲਈ ਨਗਰ ਨਿਗਮ ਵੱਲੋਂ 10.10 ਲੱਖ ਰੁਪਏ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ।

ਕਿਉਂਕਿ ਇਹ ਕੰਮ ਰੇਲਵੇ ਦੀ ਜਗ੍ਹਾ ਉਪਰ ਕਰਵਾਇਆ ਜਾਣਾ ਹੈ। ਇਸ ਲਈ ਇਹ ਕੰਮ ਕਰਾਉਣ ਲਈ ਸਰਕਾਰ ਪਾਸੋਂ ਮਿਉਂਸਪਲ ਐਕਟ 1976 ਦੀ ਧਾਰਾ 82(3) ਤਹਿਤ ਪ੍ਰਵਾਨਗੀ ਲਈ ਜਾਣੀ ਹੈ। ਸਰਕਾਰ ਪਾਸੋਂ ਉਕਤ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਹੀ ਇਹ ਕੰਮ ਕਰਵਾਇਆ ਜਾਵੇਗਾ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 52: ਪ੍ਰਵਾਨ ਹੈ।**

**ਏਜੰਡਾ ਨੰ: 31**

ਰਿਪੋਰਟ ਵਰਕਸ ਸ਼ਾਖਾ ਕਿ ਜੋਗਰ ਪਾਰਕ, ਬਠਿੰਡਾ ਵਿਕਾਸ ਅਥਾਰਟੀ ਵੱਲੋਂ ਨਗਰ ਨਿਗਮ ਦੀ ਜਗ੍ਹਾ ਤੇ ਸਾਲ 2012 ਵਿੱਚ ਵਿਕਸਿਤ ਕੀਤਾ ਗਿਆ ਸੀ ਅਤੇ ਬਠਿੰਡਾ ਵਿਕਾਸ ਅਥਾਰਟੀ ਵੱਲੋਂ ਇਸ ਦੀ ਦੇਖਭਾਲ ਦਾ ਕੰਮ ਨਗਰ ਨਿਗਮ ਨੂੰ ਹੈਂਡ ਓਵਰ ਕੀਤਾ ਗਿਆ ਸੀ ਜੋ ਕਿ ਨਗਰ ਨਿਗਮ ਵੱਲੋਂ ਮਤਾ ਨੰਬਰ 74 ਮਿਤੀ 19.12.2013 ਰਾਹੀਂ ਦੇਖਭਾਲ ਲਈ ਟੇਕ ਓਵਰ ਕਰ ਲਿਆ ਗਿਆ ਸੀ।

ਜੋਗਰ ਪਾਰਕ ਵਿੱਚ ਸਵੇਰੇ ਸ਼ਾਮ ਸੈਰ ਕਰਨ ਲਈ ਸੈਂਕੜਿਆਂ ਦੀ ਗਿਣਤੀ ਵਿੱਚ ਪਬਲਿਕ ਆਉਂਦੀ ਹੈ। ਪਾਰਕ ਵਿੱਚ ਆਉਣ ਵਾਲੀ ਪਬਲਿਕ ਵੱਲੋਂ ਕਾਫੀ ਵਾਰ ਜਿੰਮ ਖੋਲਣ ਦੀ ਮੰਗ ਕੀਤੀ ਗਈ ਹੈ। ਅੱਜ ਦੇ ਸਮੇਂ ਵਿੱਚ ਓਪਨ ਏਅਰ ਜਿੰਮ ਦਾ ਪ੍ਰਚਲਣ ਹੈ। ਇਸ ਲਈ ਪਬਲਿਕ ਦੀ ਮੰਗ ਨੂੰ ਮੁੱਖ ਰਖਦੇ ਹੋਏ ਜੋਗਰ ਪਾਰਕ ਵਿੱਚ ਓਪਨ ਏਅਰ ਜਿੰਮ ਖੋਲਣ ਦੀ ਤਜਵੀਜ ਹੈ। ਇਸ ਓਪਨ ਏਅਰ ਜਿੰਮ ਵਿੱਚ Equipments ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਇੰਨ੍ਹਾਂ Equipments ਤੋਂ ਲਗਭਗ ਸਾਰੀਆਂ Exercise ਕੀਤੀਆਂ ਜਾ ਸਕਦੀਆਂ ਹਨ। Equipments ਦੀ ਖਰੀਦ ਕਰਨ ਤੇ ਲਗਭਗ 11.25 ਲੱਖ ਰੁਪਏ ਦਾ ਖਰਚਾ ਆਵੇਗਾ। ਆਉਣ ਵਾਲੇ ਖਰਚੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 53: ਪ੍ਰਵਾਨ ਹੈ।**

**ਇਸ ਸਮੇਂ ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਮੀਟਿੰਗ ਵਿੱਚੋਂ ਚਲੇ ਗਏ।**

**ਏਜੰਡਾ ਨੰ: 32**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਬਹੁਤ ਤੇਜੀ ਨਾਲ ਵੱਧ ਰਿਹਾ ਹੈ, ਜਿਸ ਕਾਰਨ ਸ਼ਹਿਰ ਵਿੱਚ ਨਵੀਂਆਂ ਬਿਲਡਿੰਗਾਂ ਦੀ ਉਸਾਰੀ ਦਾ ਕੰਮ ਵੀ ਬਹੁਤ ਤੇਜੀ ਨਾਲ ਚੱਲ ਰਿਹਾ ਹੈ। ਸ਼ਹਿਰ ਵਿੱਚ ਉਸਾਰੀ ਅਧੀਨ ਬਿਲਡਿੰਗਾਂ ਤੋਂ ਨਿਕਲਣ ਵਾਲੇ C&D ਵੇਸਟ ਨੂੰ ਡਿਸਪੋਜ਼ ਆਫ ਕਰਨ ਲਈ ਕੋਈ ਢੁੱਕਵੀਂ ਜਗ੍ਹਾ ਨਾ ਹੋਣ ਕਾਰਨ ਇਹ ਮਲਬਾ ਆਮ ਪਬਲਿਕ ਵੱਲੋਂ ਸ਼ਹਿਰ ਵਿੱਚ ਨੀਵੀਆਂ ਥਾਂਵਾਂ ਅਤੇ ਸੜ੍ਹਕ ਦੇ ਕਿਨਾਰਿਆਂ ਤੇ ਸੁੱਟ ਦਿੱਤਾ ਜਾਂਦਾ ਹੈ, ਜੋ ਕਿ ਸ਼ਹਿਰ ਵਿੱਚ ਗੰਦਗੀ ਦਾ ਕਾਰਨ ਬਣਦਾ ਹੈ ਅਤੇ ਸ਼ਹਿਰ ਦੀ ਦਿੱਖ ਤੇ ਮਾੜਾ ਪ੍ਰਭਾਵ ਪਾਉਂਦਾ ਹੈ।

ਇਸ ਸਮੇਂ ਬਾਜਾਰ ਵਿੱਚ ਇਸ ਵੇਸਟ ਨੂੰ ਰੀ-ਪ੍ਰੋਸੈਸ ਕਰਨ ਵਾਲੇ ਯਨਿਟ ਆ ਗਏ ਹਨ, ਜਿਸ ਸਬੰਧੀ ਜਾਣਕਾਰੀ ਲਈ ਗਈ ਹੈ। ਇੱਥੇ ਇਹ ਦਸਣ ਯੋਗ ਹੈ ਕਿ ਇਸ ਪ੍ਰੋਜੈਕਟ ਨੂੰ ਲਗਾਉਣ ਲਈ ਤਕਰੀਬਨ 1.00 ਕਰੋੜ੍ਹ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ। ਇਸ ਪ੍ਰੋਜੈਕਟ ਨੂੰ ਲਗਾਉਣ ਲਈ ਨਗਰ ਨਿਗਮ ਦੀ ਇੰਡਸਟਰੀਅਲ ਏਰੀਏ ਵਿੱਚ ਖਾਲੀ ਪਈ ਥਾਂ ਤੇ ਲਗਾਉਣ ਦੀ ਤਜਵੀਜ ਹੈ। ਇਸ ਉਪਰ ਜੋ ਖਰਚ ਆਵੇਗਾ, ਉਸ ਲਈ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਅਧੀਨ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚੋਂ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਲਗਾਉਣ ਲਈ ਸਾਰੀਆਂ ਤਕਨੀਕੀ ਸਪੈਸੀਫਿਕੇਸ਼ਨ ਨੂੰ ਘੋਖਣ ਉਪਰੰਤ ਤਕਨੀਕੀ ਤੋਰ ਤੇ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਲੈ ਕੇ ਕਰਵਾਇਆ ਜਾਵੇਗਾ। ਕੇਸ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 54: ਪ੍ਰਵਾਨ ਹੈ।**

**ਏਜੰਡਾ ਨੰਬਰ: 33**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਰੋਜ਼ ਗਾਰਡਨ, ਜੋਗਰ ਪਾਰਕ ਤੋਂ ਇਲਾਵਾ ਨਗਰ ਨਿਗਮ ਬਠਿੰਡਾ ਦੇ 140 ਤੋਂ ਵੱਧ ਪਾਰਕ ਹਨ। ਇੰਨ੍ਹਾਂ ਪਾਰਕਾਂ ਤੋਂ ਇਲਾਵਾ ਬੀ.ਡੀ.ਏ. ਅਤੇ ਪ੍ਰਾਈਵੇਟ ਕਲੋਨੀਆਂ ਵਿੱਚ ਵੀ ਕਈ ਪਾਰਕ ਹਨ। ਸ਼ਹਿਰ ਦੀਆਂ ਵੱਖ-ਵੱਖ ਸੜ੍ਹਕਾਂ ਉਪਰ ਕਾਫੀ ਦਰੱਖਤ ਲੱਗੇ ਹੋਏ ਹਨ ਅਤੇ ਹਰ ਸਾਲ ਨਵੇਂ ਦਰੱਖਤ ਲਗਾਏ ਜਾਂਦੇ ਹਨ। ਇਹਨਾਂ ਪਾਰਕਾਂ ਅਤੇ ਦਰੱਖਤ ਦੀ ਕਟਾਈ ਸਮੇਂ-ਸਮੇਂ ਸਿਰ ਕੀਤੀ ਜਾਂਦੀ ਹੈ, ਜਿਸ ਵਿੱਚੋਂ ਕਾਫੀ ਮਾਤਰਾ ਵਿੱਚ ਗਰੀਨ ਵੇਸਟ ਨਿਕਲਦਾ ਹੈ। ਉਸ ਵਿੱਚੋਂ ਨਿਕਲਿਆ ਜਿਆਦਾਤਰ ਹਰਾ ਕੂੜਾ ਅਜਾਈ ਹੀ ਚਲਾ ਜਾਂਦਾ ਹੈ ਅਤੇ ਸ਼ਹਿਰ ਦੇ ਕੂੜੇ ਵਿੱਚ ਵਾਧਾ ਕਰਦੇ ਹੋਏ ਗੰਦਗੀ ਦਾ ਕਾਰਨ ਬਣਦਾ ਹੈ। ਭਾਵੇਂ ਕਿ ਇਸ ਦਾ ਹੱਲ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਫਿਰ ਵੀ ਇਸ ਦਾ ਸਹੀ ਹੱਲ ਖਾਦ ਬਨਾਉਣ ਵਿੱਚ ਕੀਤਾ ਜਾ ਸਕਦਾ ਹੈ। ਇਸ ਸਮੇਂ ਬਾਜਾਰ ਵਿੱਚ ਇਸ ਵੇਸਟ ਨੂੰ ਰੀ-ਪ੍ਰੋਸੈਸ ਕਰਨ ਵਾਲੇ ਯਨਿਟ ਆ ਗਏ ਹਨ, ਜਿਸ ਸਬੰਧੀ ਜਾਣਕਾਰੀ ਲਈ ਗਈ ਹੈ। ਇੱਥੇ ਇਹ ਦਸਣ ਯੋਗ ਹੈ ਕਿ 500 ਕਿਲੋ ਗਰੀਨ ਵੇਸਟ ਦੀ ਖਾਦ ਬਨਾਉਣ ਵਾਲੀ ਯੂਨਿਟ ਦਾ ਖਰਚਾ ਅੰਦਾਜ਼ਨ 13.00 ਲੱਖ ਰੁਪਏ ਅਤੇ ਇਸ ਦੇ ਸ਼ੈਡ ਅਤੇ ਪਲੇਟ ਫਾਰਮ ਬਨਾਉਣ ਤੇ 2.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਇਸ ਲਈ ਇਹ ਤਜਵੀਜ ਕੀਤਾ ਜਾਂਦਾ ਹੈ ਕਿ ਸ਼ਹਿਰ ਕਾਫੀ ਲੰਬਾ ਚੋੜਾ ਹੋਣ ਕਾਰਨ 2 ਯੂਨਿਟ ਲਗਾਏ ਜਾਣ, ਜਿੰਨ੍ਹਾਂ ਵਿੱਚ ਇੱਕ ਯੂਨਿਟ ਜੋਗਰ ਪਾਰਕ/ ਰੋਜ਼ ਗਾਰਡਨ ਅਤੇ ਦੂਸ਼ਰਾ ਯੂਨਿਟ ਫੇਸ-3 ਦੇ ਕਿਸੇ ਪਾਰਕ ਜਾਂ ਕਿਸੇ ਹੋਰ ਢੁੱਕਵੀਂ ਥਾਂ ਤੇ ਲਗਾਉਣਾ ਤਜਵੀਜ ਕੀਤਾ ਗਿਆ ਹੈ। ਇਸ ਉਪਰ ਜੋ ਖਰਚਾ ਆਵੇਗਾ ਉਸ ਲਈ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਅਧੀਨ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚੋਂ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਲਗਾਉਣ ਲਈ ਸਾਰੀਆਂ ਤਕਨੀਕੀ ਸਪੈਸੀਫਿਕੇਸ਼ਨ ਨੂੰ ਘੋਖਣ ਉਪਰੰਤ ਤਕਨੀਕੀ ਤੋਰ ਤੇ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਲੈ ਕੇ ਕਰਵਾਇਆ ਜਾਵੇਗਾ। ਕੇਸ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 55:</u> ਪ੍ਰਵਾਨ ਹੈ।**

**<u>ਏਜੰਡਾ ਨੰਬਰ: 34</u>**

ਰਿਪੋਰਟ ਵਰਕਸ ਸ਼ਾਖਾ ਕਿ ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਅਧੀਨ ਸਵੱਛਤਾ ਸਰਵੇਖਣ 2018 ਲਾਂਚ ਕੀਤਾ ਗਿਆ ਹੈ, ਜਿਸ ਵਿੱਚ ਸ਼ਹਿਰ ਵਿੱਚ ਸਫਾਈ ਸੇਵਕਾਂ ਦੀ Bio-Metric Attendance System ਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ, ਜਿਸ ਅਨੁਸਾਰ ਇਹ ਹਾਜ਼ਰੀ ਸਿਸਟਮ ਲਾਗੂ ਕਰਨ ਤੇ ਸ਼ਹਿਰ ਨੂੰ ਅੰਕ ਪ੍ਰਾਪਤ ਹੋਣਗੇ ਅਤੇ ਨਾਲ ਹੀ ਸਫਾਈ ਸੇਵਕਾਂ ਦੀ ਹਾਜ਼ਰੀ ਸਮੇਂ ਸਿਰ ਲਗਣੀ ਯਕੀਨੀ ਬਣਾਈ ਜਾਵੇਗੀ। ਇੱਥੇ ਇਹ ਵੀ ਦਸਣ ਯੋਗ ਹੈ ਕਿ ਇਹ ਹਾਜ਼ਰੀ ਸਿਸਟਮ ਨੂੰ ਲਾਗੂ ਕਰਨ ਨਾਲ ਦਫਤਰ ਬੈਠ ਕੇ ਵੀ ਸਫਾਈ ਸੇਵਕਾਂ ਦੀ ਹਾਜ਼ਰੀ ਲਗਣ ਦੇ 28 ਪੁਆਇੰਟ ਹਨ। ਇਸ ਕਰਕੇ ਇਹ ਹਾਜ਼ਰੀ ਸਿਸਟਮ ਲਾਗੂ ਕਰਨ ਲਈ 28 ਮਸ਼ੀਨਾਂ ਦੀ ਲੋੜ੍ਹ ਹੋਵੇਗੀ, ਜਿਸ ਨੂੰ ਖਰੀਦ ਵਿੱਚ ਲਗਭਗ 10.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ।

ਇਸ ਉਪਰ ਜੋ ਖਰਚਾ ਆਵੇਗਾ ਉਸ ਲਈ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਅਧੀਨ ਪ੍ਰਾਪਤ ਹੋਣ ਵਾਲੀ ਗ੍ਰਾਂਟ ਵਿੱਚੋਂ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਲਗਾਉਣ ਲਈ ਸਾਰੀਆਂ ਤਕਨੀਕੀ ਸਪੈਸੀਫਿਕੇਸ਼ਨ ਨੂੰ ਘੋਖਣ ਉਪਰੰਤ ਤਕਨੀਕੀ ਤੋਰ ਤੇ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਲੈ ਕੇ ਕਰਵਾਇਆ ਜਾਵੇਗਾ। ਕੇਸ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 56:</u> ਪ੍ਰਵਾਨ ਹੈ।**

**<u>ਏਜੰਡਾ ਨੰਬਰ: 35</u>**

ਰਿਪੋਰਟ ਵਰਕਸ ਸ਼ਾਖਾ ਕਿ ਭਾਰਤ ਸਰਕਾਰ ਵੱਲੋਂ ਸਵੱਛ ਭਾਰਤ ਮਿਸ਼ਨ ਚਲਾਇਆ ਜਾ ਰਿਹਾ ਹੈ, ਜਿਸ ਦਾ ਮੁੱਖ ਟੀਚਾ ਭਾਰਤ ਨੂੰ ਸਾਫ ਸੁੱਥਰਾ ਬਨਾਉਣਾ ਅਤੇ ਲੋਕਾਂ ਨੂੰ ਸ਼ਹਿਰ ਸਾਫ ਸੁੱਥਰਾ ਰੱਖਣ ਲਈ ਜਾਗਰੂਕ ਕਰਨਾ ਹੈ। ਇਸ ਕਰਕੇ ਸ਼ਹਿਰ ਵਾਸੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਨ ਲਈ ਸ਼ਹਿਰ ਵਿੱਚ ਕਿਸੇ ਢੁੱਕਵੀਂ ਜਗ੍ਹਾ ਤੇ ਇੱਕ ਐਲ.ਈ.ਡੀ. ਸਕਰੀਨ ਲਗਾਉਣ ਦੀ ਤਜਵੀਜ ਕੀਤੀ ਗਈ ਹੈ, ਜਿਸ ਵਿੱਚ ਸਵੱਛ ਭਾਰਤ ਮਿਸ਼ਨ ਦਾ ਟੀਚਾ ਦਰਸਾਇਆ ਜਾਵੇਗਾ। ਇਸ ਆਊਟ ਡੋਰ ਐਲ.ਈ.ਡੀ. ਸਕਰੀਨ ਦੀ ਖਰੀਦ ਵਿੱਚ ਲਗਭਗ 10.00 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾਂ ਹੈ।

ਇਸ ਉਪਰ ਜੋ ਖਰਚਾ ਆਵੇਗਾ ਉਸ ਲਈ ਭਾਰਤ ਸਰਕਾਰ ਦੇ ਸਵੱਛ ਭਾਰਤ ਮਿਸ਼ਨ ਅਧੀਨ ਪ੍ਰਾਪਤ ਹੋਣ ਵਾਲੀ ਗਰਾਂਟ ਵਿੱਚੋਂ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਲਗਾਉਣ ਲਈ ਸਾਰੀਆਂ ਤਕਨੀਕੀ ਸਪੈਸੀਫਿਕੇਸ਼ਨ ਨੂੰ ਘੋਖਣ ਉਪਰੰਤ ਤਕਨੀਕੀ ਤੋਰ ਤੇ ਸਮੱਰਥ ਅਧਿਕਾਰੀ ਤੋਂ ਪ੍ਰਵਾਨਗੀ ਲੈ ਕੇ ਕਰਵਾਇਆ ਜਾਵੇਗਾ। ਕੇਸ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 57:</u> ਪ੍ਰਵਾਨ ਹੈ।**

**<u>ਏਜੰਡਾ ਨੰਬਰ: 36</u>**

ਰਿਪੋਰਟ ਅਮਲਾ ਸ਼ਾਖਾ ਕਿ ਸ਼੍ਰੀ ਰਵਿੰਦਰ ਸਿੰਘ ਵਾਲੀਆ, ਕਲਰਕ ਨੇ ਸਵੈ ਰੋਜ਼ਗਾਰ ਲਈ 3 ਸਾਲ ਦੀ ਛੁੱਟੀ ਕੱਟ ਕੇ ਮਿਤੀ 25-10-2015 ਨੂੰ ਡਿਊਟੀ ਤੇ ਹਾਜ਼ਰ ਹੋਣਾ ਸੀ ਪਰੰਤੂ ਇਹ ਕਰਮਚਾਰੀ ਮਿਤੀ 25-10-2015 ਨੂੰ ਡਿਊਟੀ ਤੇ ਹਾਜ਼ਰ ਨਹੀਂ ਹੋਇਆ। ਇਸ ਸਬੰਧੀ ਪੱਤਰ ਨੰ: 3792/ਏ ਮਿਤੀ 28-10-2015 ਅਤੇ 3867/ਏ ਮਿਤੀ 04-11-2015 ਨੂੰ ਸ਼੍ਰੀ ਰਵਿੰਦਰ ਸਿੰਘ ਵਾਲੀਆ ਕਲਰਕ ਨੂੰ ਹਾਜ਼ਰ ਹੋਣ ਲਈ ਲਿਖਿਆ ਗਿਆ ਸੀ। ਇਸ ਤੋਂ ਬਾਦ ਇਸ ਕਰਮਚਾਰੀ ਨੇ ਮਿਤੀ 06-11-2015 ਨੂੰ ਆਪਣੀ ਹਾਜ਼ਰੀ ਰਿਪੋਰਟ ਨੰ: 5010 ਮਿਤੀ 06-11-2015 ਰਸੀਟ ਕਰਾ ਕੇ ਚਲਾ ਗਿਆ ਅਤੇ ਇਸ ਤੋਂ ਬਾਦ ਦਫਤਰ ਨਹੀਂ ਆਇਆ ਸੀ। ਪੱਤਰ ਨੰ: 4168/ਏ ਮਿਤੀ 01-12-2015 ਰਾਹੀਂ ਇਸਨੂੰ ਹਾਜ਼ਰ ਨਾ ਹੋਣ ਕਾਰਨ Willful Absent declare ਕਰ ਦਿੱਤਾ ਗਿਆ ਸੀ।

ਕਰਮਚਾਰੀ ਵਲੋਂ ਦਰਖਾਸਤ ਨੰ: 5173 ਮਿਤੀ 19-11-2015 ਰਾਹੀਂ ਗੌਰਮਿੰਟ ਮੈਡੀਕਲ ਕਾਲਜ਼ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਦਾ ਮੈਡੀਕਲ ਐਡਮਿਟ ਕਾਰਡ ਭੇਜਿਆ ਗਿਆ ਸੀ ਜਿਸ ਵਿਚ 13-11-2015 ਤੋਂ 17-11-2015 ਦਾਖਲ ਵਖਾਇਆ ਗਿਆ ਸੀ। ਡਿਸਚਾਰਜ਼ ਹੋਣ ਤੋਂ ਬਾਦ ਟਰੀਟਮੈਂਟ ਸਲਿਪ ਮਿਤੀ 17-11-2015 ਵਿਚ ਦੋ ਹਫਤੇ ਦਾ ਰੈਸਟ ਲਿਖਿਆ ਗਿਆ ਸੀ। ਇਸ ਤੋਂ ਬਾਦ ਕਰਮਚਾਰੀ ਵਲੋਂ ਦਰਖਾਸਤ ਨੰ: 5725 ਮਿਤੀ 23-12-2015 ਭੇਜੀ ਗਈ ਜਿਸ ਵਿਚ ਮਿਤੀ 16-12-2015 ਤੋਂ 29-12-2015 ਤੱਕ ਦੀ ਮੈਡੀਕਲ ਲੀਵ ਦੀ ਮੰਗ ਕੀਤੀ ਗਈ ਸੀ। ਪਰੰਤੂ ਇਸ ਨਾਲ ਜੋ ਮੈਡੀਕਲ ਉ.ਪੀ.ਡੀ.ਸਲਿਪ ਮਿਤੀ 01-12-2015 ਦੀ ਲਗਾਈ ਗਈ ਸੀ ਇਸ ਵਿਚ ਵੀ 2 ਹਫਤੇ ਦਾ ਰੈਸਟ ਮਿਤੀ 15-12-2015 ਤੱਕ ਦਰਸਾਇਆ ਗਿਆ ਸੀ। ਪਰੰਤੂ ਕਰਮਚਾਰੀ ਵਲੋਂ ਜੋ ਮੈਡੀਕਲ ਛੁੱਟੀ 16-12-2015 ਤੋਂ 29-12-2015 ਤੱਕ ਦੀ ਮੰਗ ਕੀਤੀ ਗਈ ਸੀ ਉਸਦਾ ਕੋਈ ਮੈਡੀਕਲ ਸਰਟੀਫਿਕੇਟ ਨਹੀਂ ਭੇਜਿਆ ਗਿਆ ਸੀ। ਇਸ ਤੋਂ ਬਾਦ ਕਰਮਚਾਰੀ ਵਲੋਂ ਦਰਖਾਸਤ ਨੰ: 99 ਮਿਤੀ 07-01-2016 ਭੇਜ ਕੇ ਮਿਤੀ 30-12-2015 ਤੋਂ 20-01-2016 ਤੱਕ ਮੈਡੀਕਲ ਛੁੱਟੀ ਦੀ ਮੰਗ ਕੀਤੀ ਗਈ ਸੀ ਇਸ ਨਾਲ ਜੋ ਮੈਡੀਕਲ ਸਲਿਪ ਲਗਾਈ ਗਈ ਸੀ ਉਸ ਵਿਚ 3 ਹਫਤੇ ਦਾ ਬੈਡ ਰੈਸਟ ਲਿਖਿਆ ਗਿਆ ਸੀ। ਇਹ ਸਲਿਪ ਮਿਤੀ 29-12-2015 ਦੀ ਜਾਰੀ ਕੀਤੀ ਗਈ ਸੀ। ਇਸ ਸਲਿਪ ਵਿਚ ਹਸਪਤਾਲ ਦਾ ਨਾਮ ਅਤੇ ਸ਼ਹਿਰ ਦਾ ਨਾਮ ਵੀ ਨਹੀਂ ਲਿਖਿਆ ਗਿਆ ਸੀ ਕਿ ਇਹ ਸਲਿਪ ਕਿਥੋਂ ਜਾਰੀ ਹੋਈ ਸੀ। ਇਸ ਕਰਮਚਾਰੀ ਵਲੋਂ ਜੋ ਪਹਿਲਾਂ 13-11-2015 ਤੋਂ 17-11-2015 ਤਕ ਐਡਮਿਟ ਦੀ ਸਲਿਪ ਭੇਜੀ ਗਈ ਸੀ ਉਹ ਸਲਿਪ ਗੋਰਮਿੰਟ ਮੈਡੀਕਲ ਕਾਲਜ਼ ਅਮ੍ਰਿਤਸਰ ਦੀ ਸੀ ਜਦੋਂ ਕਿ ਕਰਮਚਾਰੀ ਕੋਈ ਵੀ ਸਟੇਸ਼ਨ ਲੀਵ ਲੈ ਕੇ ਨਹੀਂ ਗਿਆ ਸੀ। ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਨਗਰ

ਨਿਗਮ ਵਲੋਂ ਆਪਣੇ ਪੱਤਰ ਨੰਬਰ 393/ਏ ਮਿਤੀ 09-02-2016 ਰਾਹੀਂ ਸਿਵਲ ਸਰਜਨ/ਸਿਵਲ ਹਸਪਤਾਲ ਬਠਿੰਡਾ ਪਾਸੋਂ ਮੈਡੀਕਲ ਸਰਟੀਫਿਕੇਟ ਪੇਸ਼ ਕਰਨ ਲਈ ਲਿਖਿਆ ਗਿਆ ਸੀ ਪਰੰਤੂ 3 ਮਹੀਨੇ ਤੋਂ ਵੱਧ ਸਮਾਂ ਬੀਤ ਜਾਣ ਤੇ ਵੀ ਕੋਈ ਮੈਡੀਕਲ ਸਰਟੀਫਿਕੇਟ ਪ੍ਰਾਪਤ ਨਹੀਂ ਹੋਇਆ ਸੀ।ਇਸ ਲਈ ਦਫਤਰ ਵਲੋਂ ਪੱਤਰ ਨੰਬਰ 1767 ਮਿਤੀ 16-06-2016 ਰਾਹੀਂ ਸ਼੍ਰੀ ਰਵਿੰਦਰ ਸਿੰਘ ਵਾਲੀਆ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਕਿਉਂ ਨਾ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣ। ਪਰੰਤੂ ਇਹ ਪੱਤਰ ਡਾਕ ਵਿਭਾਗ ਦੀ ਟਿਪਣੀ ਕਿ "ਵਾਰ-2 ਜਾਣ ਤੇ ਪ੍ਰਾਪਕਰਤਾ ਮਿਲਦਾ ਨਹੀਂ ਹੈ" ਨਾਲ ਵਾਪਸ ਆ ਗਿਆ ਸੀ। ਇਸ ਤੇ ਨਗਰ ਨਿਗਮ ਵਲੋਂ 2 ਅਖਬਾਰਾਂ ਰਾਹੀਂ ਪਬਲਿਕ ਨੋਟਿਸ ਜਾਰੀ ਕੀਤਾ ਗਿਆ ਸੀ ਕਿ ਕਿਉਂ ਨਾਂ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣ। ਇਸ ਤੇ ਸ਼੍ਰੀ ਰਵਿੰਦਰ ਸਿੰਘ ਵਾਲੀਆ ਵਲੋਂ ਮਾਨਯੋਗ ਕਮਿਸ਼ਨਰ ਸਾਹਿਬ ਪਾਸ ਹਾਜ਼ਰੀ ਰਿਪੋਰਟ ਦਿੱਥੀ ਹੈ। ਇਹ ਹਾਜ਼ਰੀ ਰਿਪੋਰਟ ਮਿਤੀ 14-09-2016 ਨੂੰ ਪ੍ਰਾਪਤ ਹੋਈ ਹੈ। ਇਸ ਵਿਚ ਉਸ ਨੇ ਲਿਖਿਆ ਹੈ ਕਿ ਉਹ ਤਿੰਨ ਸਾਲ ਦੀ ਸਵੈ- ਰੋਜ਼ਗਾਰ ਦੀ ਛੁੱਟੀ ਤੇ ਸੀ। ਉਸ ਉਪਰੰਤ ਉਸ ਵਲੋਂ 2 ਸਾਲ ਦੀ ਹੋਰ ਛੁੱਟੀ ਮੰਗੀ ਗਈ ਸੀ ਜੋ ਕਿ ਦਫਤਰ ਵਲੋਂ ਇੰਨਕਾਰ ਕਰ ਦਿੱਤੀ ਗਈ। ਉਸ ਨੇ ਲਿਖਿਆ ਹੈ ਕਿ ਉਹ ਬੀਮਾਰ ਸੀ ਅਤੇ ਡਾਕਟਰ ਵਲੋਂ ਉਸਨੂੰ 07-03-2016 ਤੱਕ ਆਰਾਮ ਦੀ ਸਲਾਹ ਦਿੱਤੀ ਗਈ ਸੀ।ਉਸ ਉਪਰੰਤ ਉਹ ਦੀਮਾਗੀ ਪਰੇਸ਼ਾਨੀ ਕਾਰਨ ਹਾਜ਼ਰ ਨਹੀਂ ਹੋ ਸਕਿਆ। ਇਸ ਜਵਾਬ ਵਿਚ ਉਸ ਵਲੋਂ ਰੱਖੇ ਗਏ ਤੱਥ ਪਹਿਲਾਂ ਹੀ ਨਗਰ ਨਿਗਮ ਦੇ ਧਿਆਨ ਵਿਚ ਹਨ ਜੋ ਕਿ ਮੰਨਣ ਯੋਗ ਨਹੀਂ ਸਨ। ਇਸ ਤੇ ਸ਼੍ਰੀ ਰਵਿੰਦਰ ਸਿੰਘ ਵਾਲੀਆ ਨੂੰ ਪੱਤਰ ਨੰਬਰ 3668 ਮਿਤੀ 13-10-2016 ਰਾਹੀਂ ਦੋਸ਼ ਪੱਤਰ ਜਾਰੀ ਕੀਤਾ ਗਿਆ ਸੀ। ਇਸ ਦੇ ਜਵਾਬ ਤੇ ਕਮਿਸ਼ਨਰ ਨਗਰ ਨਿਗਮ ਸਹਿਮਤ ਨਹੀਂ ਸਨ। ਇਸ ਲਈ ਉਹਨਾਂ ਵਲੋਂ ਸ਼੍ਰੀ ਹਰਬੰਸ ਲਾਲ ਦਫਤਰ ਸੁਪਰਡੈਂਟ ਨੂੰ ਪੜਤਾਲੀਆ ਅਫਸਰ ਲਗਾਇਆ ਗਿਆ ਸੀ। ਪੜਤਾਲੀਆ ਅਫਸਰ ਨੇ ਰਿਪੋਰਟ ਕੀਤੀ ਹੈ ਕਿ "ਉਕਤ ਵਿਸ਼ਲੇਸ਼ਣ ਤੋਂ ਮੈਂ ਇਸ ਸਿੱਟੇ ਤੇ ਪੁੱਜਾ ਹਾਂ ਕਿ ਕਰਮਚਾਰੀ ਨੇ ਦਸਤੂਰ ਵਜੋਂ formality sake ਮਿਤੀ 06-11-2015 ਨੂੰ ਹਾਜ਼ਰੀ ਰਿਪੋਰਟ ਦੇ ਦਿੱਤੀ। ਮਿਤੀ 07-11-15 ਅਤੇ 08-11-16 ਦੀਆਂ ਛੁੱਟੀਆਂ ਸਨ। 09-11-15 ਨੂੰ ਫੇਰ ਹਾਜ਼ਰੀ ਲਗਾ ਦਿੱਤੀ। ਇਸ ਤੋਂ ਬਾਦ ਕਰਮਚਾਰੀ willful absent ਰਿਹਾ। ਮਿਤੀ 30-08-16 ਨੂੰ ਕਰਮਚਾਰੀ ਦੀਆਂ ਸੇਵਾਵਾ ਖਤਮ ਕਰਨ ਸਬੰਧੀ ਅਖਬਾਰ ਵਿਚ ਪ੍ਰਕਾਸ਼ਿਤ ਨੋਟਿਸ ਤੋਂ ਬਾਅਦ ਹੀ ਮਿਤੀ 08-09-16 ਨੂੰ ਹਾਜ਼ਰੀ ਰਿਪੋਰਟ ਪੇਸ਼ ਕੀਤੀ। ਇਸ ਤਰ੍ਹਾਂ ਕਰਮਚਾਰੀ ਨੇ ਅਨੁਸ਼ਾਸ਼ਨਹੀਨਤਾ ਵਿਖਾਈ ਹੈ। ਕਰਮਚਾਰੀ ਨੂੰ ਜਾਰੀ ਕੀਤੀ ਚਾਰਜ਼ਸ਼ੀਟ ਵਿਚ ਪੰਜਾਬ ਸਵਿਲ ਸੇਵਾਵਾਂ (ਸਜ਼ਾ ਤੇ ਅਪੀਲ) ਰੂਲਜ਼ 1970 ਦੇ ਨਿਯਮ 8 ਅਧੀਨ ਤਜ਼ਵੀਜ਼ ਕੀਤੀ ਸਜ਼ਾ ਦਾ ਉਹ ਹੱਕਦਾਰ ਹੈ"

ਕਿਉਂ ਜੋ ਪੜਤਾਲੀਆ ਅਫਸਰ ਨੇ ਆਪਣੀ ਰਿਪੋਰਟ ਵਿਚ ਦੱਸਿਆ ਹੈ ਕਿ ਦੋਸ਼ ਸਾਬਤ ਹੋਏ ਹਨ। ਇਸ ਲਈ ਸਮਰਥ ਅਥਾਰਟੀ ਵਲੋਂ ਸਜ਼ਾ ਦਿੱਤੀ ਜਾ ਸਕਦੀ ਹੈ। ਹੇਠ ਅਨੁਸਾਰ ਸਜ਼ਾਵਾਂ ਹਨ:-

1. ਭਵਿੱਖੀ ਅਸਰ ਨਾਲ ਇੰਨਕਰੀਮੈਂਟ ਬੰਦ ਕਰਨਾ
2. ਦਰਜ਼ਾ ਘਟਾਉਣਾ
3. ਜਬਰੀ ਰਿਟਾਇਰਮੈਂਟ
4. ਸਰਵਿਸ ਤੋਂ ਹਟਾਉਣਾ

ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ ਉਕਤ ਕਰਮਚਾਰੀ ਦੇ "ਭੱਵਿਖੀ ਅਸਰ ਨਾਲ ਦੋ ਇੰਨਕਰੀਮੈਂਟ ਬੰਦ ਕਰਨੇ ਯੋਗ ਹੋਣਗੇ"।

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 58: ਪਾਸ ਕੀਤਾ ਗਿਆ ਕਿ ਕਰਮਚਾਰੀ ਨੂੰ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਭੱਵਿਖ ਵਿੱਚ ਅਜਿਹੀ ਅਨੁਸ਼ਾਸਨ ਹੀਨਤਾ ਅਤੇ ਗਲਤੀ ਦੁਬਾਰਾ ਨਾ ਦੁਹਰਾਈ ਜਾਵੇ ਅਤੇ ਡਿਊਟੀ ਪ੍ਰਤੀ ਸੁਚੇਤ ਰਿਹਾ ਜਾਵੇ।**

**ਏਜੰਡਾ ਨੰਬਰ: 37**

ਰਿਪੋਰਟ ਵਰਕਸ ਸ਼ਾਖਾ ਕਿ ਬਰਸਾਤਾਂ ਦੋਰਾਨ ਸ਼ਹਿਰ ਵਿੱਚ ਕਈ ਥਾਂਵਾਂ ਤੇ ਪਾਣੀ ਇੱਕਠਾ ਹੋ ਜਾਂਦਾ ਹੈ। ਮਾਲ ਰੋਡ ਜੋ ਕਿ ਬਠਿੰਡਾ ਸ਼ਹਿਰ ਦਾ ਇੱਕ ਮੁੱਖ ਕਮਰਸ਼ੀਅਲ ਏਰੀਆ ਹੈ। ਇਸ ਰੋਡ ਨਾਲ ਮੁੱਖ ਤੋਰ ਤੇ ਰੇਲਵੇ ਸਟੇਸ਼ਨ, ਧੋਬੀ ਬਾਜਾਰ, ਕਿਕਰ ਬਾਜਾਰ, ਬੈਂਕ ਬਾਜਾਰ, ਕਮਰਸ਼ਿਅਲ ਮਾਰਕੀਟ ਤੋਂ ਇਲਾਵਾ ਰਿਹਾਇਸ਼ੀ ਖੇਤਰ ਜਿਵੇਂ ਕਿ ਨਵੀਂ ਬਸਤੀ, ਮਾਲਵੀਆ ਨਗਰ ਆਦਿ ਇਲਾਕੇ ਜੁੜ੍ਹੇ ਹੋਏ ਹਨ। ਜਨਤਾ ਨਗਰ ਅੰਡਰ ਬਰਿਜ ਦੇ ਵਿੱਚ ਅਪਰੋਚਾਂ ਤੋਂ ਬਰਸਾਤੀ ਪਾਣੀ ਜਮਾਂ ਹੋ ਜਾਂਦਾ ਹੈ, ਜਿਸ ਦੀ ਇਸ ਸਮੇਂ ਕੋਈ ਨਿਕਾਸੀ ਨਹੀਂ ਹੈ, ਪੰਪ ਲਗਾ ਕੇ ਪਾਣੀ ਕੱਢਣਾ ਪੈਂਦਾ ਹੈ, ਜਿਸ ਤੇ ਸਮਾਂ ਲੱਗ ਜਾਂਦਾ ਹੈ, ਜਿਸ ਕਾਰਨ ਟ੍ਰੈਫਿਕ ਵਿੱਚ ਬਹੁਤ ਪਰੇਸ਼ਾਨੀ ਹੁੰਦੀ ਹੈ। ਇਸ ਪਾਣੀ ਦਾ ਨਿਕਾਸ ਵੀ ਬਹੁਤ ਦੇਰ ਨਾਲ ਹੁੰਦਾ ਹੈ। ਰੇਨ ਵਾਟਰ ਹਾਰਵੈਸਟਿੰਗ ਨਾਲ ਉਕਤ ਜਗ੍ਹਾ ਤੋਂ ਪਾਣੀ ਤੇਜੀ ਨਾਲ ਨਿਕਲੇਗਾ ਅਤੇ ਨਾਲ ਹੀ ਜਮੀਨ ਵਿੱਚ ਰਿਚਾਰਜ਼ ਹੋਵੇਗਾ। ਸੋ, ਉਕਤ ਸਮੱਸਿਆ ਦੇ ਹੱਲ ਲਈ ਰੇਨ ਵਾਟਰ ਹਾਰਵੈਸਟਿੰਗ ਬਨਾਉਣ ਤਜਵੀਜ ਕੀਤੇ ਗਏ ਹਨ, ਜਿੰਨ੍ਹਾਂ ਉਪਰ 25.80 ਲੱਖ ਰੁਪਏ ਦਾ ਖਰਚ ਆਉਣ ਦਾ ਅਨੁਮਾਨ ਹੈ। ਕੇਸ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 59: ਪ੍ਰਵਾਨ ਹੈ।**

**ਏਜੰਡਾ ਨੰਬਰ: 38**

ਰਿਪੋਰਟ ਵਰਕਸ ਸ਼ਾਖਾ ਕਿ ਇਸ ਸਮੇਂ ਸ਼ਹਿਰ ਵਿੱਚ ਲਗਭਗ 5000 ਅਵਾਰਾ ਕੁੱਤੇ ਹਨ, ਜਿੰਨ੍ਹਾਂ ਨਾਲ ਸ਼ਹਿਰ ਵਿੱਚ ਚੱਲ ਰਹੇ ਟ੍ਰੈਫਿਕ ਲਈ ਦੁਰਘਟਨਾਵਾਂ ਦਾ ਖਤਰਾ ਬਣਿਆ ਰਹਿੰਦਾ ਹੈ ਅਤੇ ਇਹ ਅਵਾਰਾ ਕੁੱਤੇ ਗਲੀਆਂ/ ਮੁੱਹਲਿਆਂ ਵਿੱਚ ਬੱਚਿਆਂ ਅਤੇ ਬਜ਼ੁਰਗਾਂ ਲਈ ਵੀ ਸਮੱਸਿਆ ਦਾ ਕਾਰਨ ਬਣਦੇ ਹਨ। ਇਹ ਅਵਾਰਾ ਕੁੱਤੇ ਸ਼ਹਿਰ ਵਿੱਚ ਬਹੁਤ ਜਿਆਦਾ ਗੰਦਗੀ ਵੀ ਫੈਲਾਉਂਦੇ ਹਨ। ਸ਼ਹਿਰ ਵਾਸੀਆਂ ਵੱਲੋਂ ਵੀ ਇਹਨਾਂ ਅਵਾਰਾ ਕੁੱਤਿਆਂ ਨੂੰ ਫੜੇ ਜਾਣ ਸਬੰਧੀ ਨਿਗਮ ਵਿਖੇ ਵਾਰ-ਵਾਰ ਸ਼ਿਕਾਇਤਾਂ ਪ੍ਰਾਪਤ ਹੋ ਰਹੀਆਂ ਹਨ। ਇਸ ਲਈ ਤਜਵੀਜ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਦੀ ਪੁਰਾਣੀ ਹੱਡਾ-ਰੋੜੀ ਵਾਲੀ ਜਗ੍ਹਾ ਉਪਰ ਡੌਗ-ਸ਼ੈਲਟਰ ਬਣਾਇਆ ਜਾਵੇ। ਇਸ ਲਈ ਤਕਰੀਬਨ 33.04 ਲੱਖ ਰੁਪਏ ਖਰਚਾ ਆਵੇਗਾ। ਡੌਗ-ਸ਼ੈਲਟਰ ਬਣਨ ਉਪਰੰਤ ਇਸ ਦੀ ਦੇਖਰੇਖ ਅਤੇ ਕੁੱਤਿਆਂ ਦੀ ਸੰਭਾਲ ਦਾ ਜੋ ਖਰਚਾ ਆਵੇਗਾ, ਉਸ ਸਬੰਧੀ ਵੱਖਰੀ ਤਜਵੀਜ ਤਿਆਰ ਕੀਤੀ ਜਾਵੇਗੀ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 60: ਪ੍ਰਵਾਨ ਹੈ।**

**ਏਜੰਡਾ ਨੰਬਰ: 39**

ਰਿਪੋਰਟ ਲੇਖਾ ਸ਼ਾਖਾ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਬਣਾਈ ਸਬ-ਕਮੇਟੀ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀਆਂ ਦੇ ਕੇਸਾਂ ਤੇ ਵਿਚਾਰ ਕੀਤਾ ਗਿਆ:-

1

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਹਰਿੰਦਰ ਸਿੰਘ ਪੁੱਤਰ ਸ਼੍ਰੀ ਲਾਲ ਸਿੰਘ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਜੂਨੀਅਰ ਟੈਕਨੀਸ਼ੀਅਨ ਕੰਮ ਕਰਦਾ ਸੀ। ਇਸਦੀ ਸੇਵਾ ਦੌਰਾਨ ਮਿਤੀ 09-06-2010 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਗੁਰਪਿੰਦਰ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਦ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਨੌਕਰੀ ਦਿਤੀ ਜਾਵੇ। ਸ਼੍ਰੀ ਗੁਰਪਿੰਦਰ ਵਲੋਂ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿਚ ਉਸਦੀ ਮਾਤਾ ਅਤੇ ਇਕ ਭੈਣ ਹੈ। ਉਹਨਾਂ ਨੇ ਸ਼੍ਰੀ ਗੁਰਪਿੰਦਰ ਦੇ ਹੱਕ ਵਿਚ ਹਲਫਿਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫਿਆ ਬਿਆਨ ਅਨੁਸਾਰ ਸ਼੍ਰੀ ਗੁਰਪਿੰਦਰ ਸਿੰਘ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਆਪਣਾ ਕੋਈ ਮਕਾਨ ਨਹੀਂ ਹੈ ਅਤੇ ਹੋਰ ਕੋਈ ਚੱਲ-ਅਚੱਲ ਸੰਪਤੀ ਨਹੀਂ ਹੈ। ਸ਼੍ਰੀ ਗੁਰਪਿੰਦਰ ਸਿੰਘ ਨੇ 10+2 ਦਾ ਸਰਟੀਫਿਕੇਟ ਪੇਸ਼ ਕੀਤਾ ਹੈ ਜਿਸ ਵਿੱਚ ਉਸਦੀ ਜਨਮ ਮਿਤੀ 21.05.1995 ਹੈ।

ਪ੍ਰਾਰਥੀ ਦੀ ਨਿਯੁਕਤੀ ਸਬੰਧੀ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ ਜੀ ਨੂੰ ਇਸ ਦਫਤਰ ਦੇ ਪੱਤਰ ਨੰ: 205/ਵਸ ਮਿਤੀ 21.01.2016 ਰਾਹੀਂ ਪ੍ਰਵਾਨਗੀ ਹਿੱਤ ਕੇਸ ਭੇਜਿਆ ਗਿਆ ਸੀ। ਉਹਨਾਂ ਵੱਲੋਂ ਆਪਣੇ ਪੱਤਰ ਨੰ: ਸ4-ਡਸਸ-ਮਸਸ-2016/19072 ਮਿਤੀ 29.04.2016 ਰਾਹੀਂ ਪ੍ਰਾਰਥੀ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਲਈ ਰੂਲਾਂ/ ਹਦਾਇਤਾਂ ਅਨੁਸਾਰ ਗੈਰ-ਪ੍ਰਾਂਤੀਕਰਨ ਆਸਾਮੀ ਗਰੁੱਪ ਸੀ ਜਾਂ ਗਰੁੱਪ ਡੀ ਵਿੱਚ ਯੋਗਤਾ ਅਨੁਸਾਰ ਨਗਰ ਨਿਗਮ ਆਪਣੇ ਪੱਧਰ ਤੇ ਵਿਚਾਰ ਕਰ ਸਕਦੀ ਹੈ।

ਪੰਜਾਬ ਮਿਊਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸੇਵਾਦਾਰ ਦੀ ਆਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰ: 11/94/2002/4ਪੀਪੀ-11/650 ਮਿਤੀ 12-01-2004 ਅਤੇ ਪੱਤਰ ਨੰ: 11/105/98/04ਪੀਪੀ-14420 ਮਿਤੀ 21-11-2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਮ੍ਰਿਤਕ ਕਰਮਚਾਰੀ ਦੀ ਮੌਤ ਨੂੰ ਪੰਜ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਇਸ ਲਈ ਕੇਸ ਸਰਕਾਰ ਪਾਸ ਭੇਜਿਆ ਗਿਆ ਸੀ। ਸਰਕਾਰ ਵੱਲੋਂ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਕਾਰਵਾਈ ਕੀਤੀ ਜਾਵੇ। ਇਸ ਸਮੇਂ ਸ਼੍ਰੀ ਗੁਰਦੇਵ ਸਿੰਘ ਸੇਵਾਦਾਰ ਦੀ ਸੇਵਾ ਮੁਕਤੀ ਮਿਤੀ 30.04.2015 ਨੂੰ ਹੋਣ ਕਰਕੇ ਸੇਵਾਦਾਰ ਦੀ ਆਸਾਮੀ ਖਾਲੀ ਹੋਈ ਹੈ। ਇਸ ਲਈ ਸ਼੍ਰੀ ਗੁਰਪਿੰਦਰ ਸਿੰਘ ਨੂੰ ਉਸਦੇ ਪਿਤਾ ਸ਼੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਲਾਲ ਸਿੰਘ, ਜੂਨੀਅਰ ਟੈਕਨੀਸ਼ਿਅਨ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਇਸ ਕੇਸ ਵਿੱਚ ਮੌਤ ਨੂੰ 5 ਸਾਲ ਤੋਂ ਵੱਧ ਦਾ ਸਮਾ ਹੋ ਚੁੱਕਿਆ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੌਤ ਹੋਣ ਤੇ 6 ਮਹੀਨਿਆਂ ਦੇ ਅੰਦਰ-ਅੰਦਰ ਕੇਸ ਸਬਮਿਟ ਕਰਨਾ ਹੁੰਦਾ ਹੈ। ਮੌਤ ਦੀ ਮਿਤੀ 09.06.2010 ਹੈ ਅਤੇ ਦਰਖਾਸਤ ਦੀ ਮਿਤੀ 16.05.2011 ਹੈ। ਡਾਇਰੈਕਟਰ, ਸਥਾਨਕ ਸਰਕਾਰ ਨੇ ਆਪਣੇ ਪੱਤਰ ਨੰ: ਸ4-ਡਸਸ-ਮਸਸ-2016/19072 ਮਿਤੀ 29.04.2016 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਇਸ ਵਿੱਚ ਸਮੱਰਥ ਅਥਾਰਟੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।** |

2

ਰਿਪੋਰਟ ਸਿਹਤ ਸ਼ਾਖਾ ਕਿ ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਸ਼੍ਰੀ ਬਾਬੂ ਲਾਲ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 17-08-2016 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਗੀਤਾ ਰਾਣੀ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਗੀਤਾ ਰਾਣੀ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੇ ਦੋ ਬੇਟੇ ਹਨ। ਜੋ ਨਾ-ਬਾਲਗ ਹਨ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਗੀਤਾ ਰਾਣੀ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਗੀਤਾ ਰਾਣੀ ਪੜਨਾ ਲਿਖਣਾ ਜਾਣਦੀ ਹੈ ਅਤੇ ਹਲਫੀਆਂ ਬਿਆਨ ਅਨੁਸਾਰ ਉਸਦੀ ਜਨਮ ਮਿਤੀ 01.01.1983 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁੱਕਤੀਆਂ ਸਬੰਧੀ ਸਰਕਾਰ ਵਲੋਂ

ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁੱਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਗੀਤਾ ਰਾਣੀ ਨੂੰ ਉਸਦੇ ਪਤੀ ਸ਼੍ਰੀ ਰਾਕੇਸ਼ ਪੁੱਤਰ ਬਾਬੂ ਲਾਲ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁੱਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ: | ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
|---|---|

3

ਰਿਪੋਰਟ ਸਿਹਤ ਸ਼ਾਖਾ ਕਿ ਸਵ: ਸ੍ਰੀ ਸ਼ਾਮ ਪੁੱਤਰ ਸ਼ੀ ਚੰਨੀ ਰਾਮ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮੌਤ ਮਿਤੀ 08.07.2016 ਨੂੰ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਰੋਹਿਤ ਕੁਮਾਰ ਪੁੱਤਰ ਸਵ: ਸ਼੍ਰੀ ਸ਼ਾਮ, ਵਾਸੀ ਗਲੀ ਨੰ: 2, ਕਨਹਈਆ ਨਗਰ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਮੈਨੂੰ ਮੇਰੇ ਪਿਤਾ ਜੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਨੌਕਰੀ ਦਿੱਤੀ ਜਾਵੇ। ਸ਼੍ਰੀ ਰੋਹਿਤ ਕੁਮਾਰ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਦੋ ਭੈਣਾ ਅਤੇ ਮਾਤਾ ਹਨ। ਜਿਨਾਂ ਨੇ ਸ਼੍ਰੀ ਰੋਹਿਤ ਕੁਮਾਰ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਤੇ ਵਾਰਡ ਕੌਂਸਲਰ ਦੀ ਰਿਪੋਰਟ ਅਨੁਸਾਰ ਸ਼੍ਰੀ ਸ਼੍ਰੀ ਰੋਹਿਤ ਕੁਮਾਰ ਆਪਣੇ ਪਿਤਾ ਸ਼੍ਰੀ ਸ਼ਾਮ ਪੁੱਤਰ ਚੰਨੀ ਦੀ ਮੌਤ ਤੋਂ ਪਹਿਲਾ ਹੀ ਅਲਗ ਗਲੀ ਨੰ: 2, ਕਨਹਈਆ ਨਗਰ ਵਿਚ ਰਹਿੰਦਾ ਹੈ। ਹਲਫੀਆ ਬਿਆਨ ਅਨੁਸਾਰ ਰੋਹਿਤ ਕੁਮਾਰ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ। ਸ਼੍ਰੀ ਰੋਹਿਤ ਕੁਮਾਰ ਅੱਠਵੀਂ ਪਾਸ ਹੈ ਅਤੇ ਪੜਾਈ ਦੇ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 18.03.1993 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸੇਵਾਦਾਰ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਅਠਵੀਂ ਜਮਾਤ ਪਾਸ ਹੋਵੇ। ਤਰਸ ਦੇ ਆਧਾਰ ਤੇ ਨਿਯੁੱਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁੱਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਰੋਹਿਤ ਕੁਮਾਰ ਨੂੰ ਉਸਦੇ ਪਿਤਾ ਸਵ: ਸ਼੍ਰੀ ਸ਼ਾਮ ਪੁੱਤਰ ਸ਼੍ਰੀ ਚੰਨੀ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁੱਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ: | ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
|---|---|

4

ਰਿਪੋਰਟ ਸਿਹਤ ਸ਼ਾਖਾ ਕਿ ਸਵ: ਸ੍ਰੀ ਅਸ਼ੋਕ ਪੁੱਤਰ ਸ਼੍ਰੀ ਗੋਪਾਲ ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਸੇਵਾ ਦੌਰਾਨ ਮਿਤੀ 02.09.2016 ਨੂੰ ਮੌਤ ਹੋ ਗਈ ਸੀ । ਇਸ ਦੇ ਪੁੱਤਰ ਸ਼੍ਰੀ ਅਰੁਣ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਅਰੁਣ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਮਾਤਾ, ਇਕ ਭਰਾ ਅਤੇ ਇਕ ਭੈਣ ਹਨ। ਜਿਨਾਂ ਨੇ ਸ਼੍ਰੀ ਅਰੁਣ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸਫਾਈ ਸੇਵਕ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਰੁਣ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀ ਹੈ ਅਤੇ ਇਹਨਾਂ ਦੇ ਘਰ ਵਿਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀ ਨਹੀ ਕਰਦਾ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀ ਅਰੁਣ ਪੜਨਾ ਲਿਖਣਾ ਜਾਣਦਾ ਹੈ ਅਤੇ ਹਲਫੀਆਂ ਬਿਆਨ ਅਨੁਸਾਰ ਉਸਦੀ ਜਨਮ ਮਿਤੀ 21.08.1996 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁੱਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁੱਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਅਰੁਣ ਨੂੰ ਉਸਦੇ ਪਿਤਾ ਸ਼੍ਰੀ ਅਸ਼ੋਕ ਪੁੱਤਰ ਸ਼੍ਰੀ ਗੋਪਾਲ ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁੱਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| ਸਬ-ਕਮੇਟੀ ਦਾ ਫੈਸਲਾ: | ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। |
|---|---|

5

ਰਿਪੋਰਟ ਲੇਖਾ ਸ਼ਾਖਾ ਕਿ ਸਵ: ਸ਼੍ਰੀ ਰਾਜਿੰਦਰ ਕੁਮਾਰ ਪੁੱਤਰ ਸ਼੍ਰੀ ਹਰਨਾਮ ਦਾਸ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸੇਵਾਦਾਰ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 13.05.2016 ਨੂੰ ਹੋ ਗਈ ਸੀ। ਇਸਦੀ ਪਤਨੀ ਸ਼੍ਰੀਮਤੀ ਸਰੋਜ ਰਾਣੀ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਸਰੋਜ ਰਾਣੀ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀਆਂ ਪੰਜ ਬੇਟੀਆਂ ਹਨ, ਜਿੰਨ੍ਹਾਂ ਨੇ ਸ਼੍ਰੀਮਤੀ ਸਰੋਜ ਰਾਣੀ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਸਰੋਜ ਰਾਣੀ ਪਾਸ ਕਮਾਈ ਦਾ ਕੋਈ

ਸਾਧਨ ਨਹੀਂ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ ਅਤੇ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਸ਼੍ਰੀਮਤੀ ਸਰੋਜ ਰਾਣੀ ਪੰਜਵੀਂ ਪਾਸ ਹੈ ਅਤੇ ਜਨਮ ਸਰਟੀਫਿਕੇਟਅਨੁਸਾਰ ਉਸਦੀ ਜਨਮ ਮਿਤੀ 16.12.1978 ਹੈ।

ਪੰਜਾਬ ਮਿਊਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸੇਵਾਦਾਰ ਦੀ ਆਸਾਮੀ ਲਈ ਵਿਦਿਅਕ ਯੋਗਤਾ ਪੰਜਵੀਂ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰ: 11/94/2002/4ਪੀਪੀ-11/650 ਮਿਤੀ 12-01-2004 ਅਤੇ ਪੱਤਰ ਨੰ: 11/94/2002/4ਪੀਪੀ11-8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-1ਸਸ1/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਆਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸਰੋਜ ਰਾਣੀ ਨੂੰ ਉਸਦੇ ਸਵ: ਸ਼੍ਰੀ ਰਾਜਿੰਦਰ ਕੁਮਾਰ ਪੁੱਤਰ ਸ਼੍ਰੀ ਹਰਨਾਮ ਦਾਸ, ਸੇਵਾਦਾਰ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

6

ਰਿਪੋਰਟ ਲੇਖਾ ਸ਼ਾਖਾ ਕਿ ਸਵ: ਸ਼੍ਰੀ ਪੀਟਰ ਜੋਨ ਪੁੱਤਰ ਸ਼੍ਰੀ ਮਿਸਟਰ ਜੋਨ ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸੇਵਾਦਾਰ ਕੰਮ ਕਰਦਾ ਸੀ, ਜਿਸਦੀ ਮੌਤ ਮਿਤੀ 04.01.2017 ਨੂੰ ਹੋ ਗਈ ਸੀ। ਇਸ ਲਈ ਮ੍ਰਿਤਕ ਕਰਮਚਾਰੀ ਦੇ ਪੁੱਤਰ ਸ਼੍ਰੀ ਦੀਪਕ ਨੇ ਦਰਖਾਂਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀ ਦੀਪਕ ਵੱਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸਦੀ ਮਾਤਾ, ਦੋ ਭਰਾ ਅਤੇ ਇੱਕ ਛੋਟੀ ਭੈਣ ਹਨ। ਜਿੰਨ੍ਹਾਂ ਨੇ ਸ਼੍ਰੀ ਦੀਪਕ ਦੇ ਹੱਕ ਵਿੱਚ ਹਲਫੀਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫੀਆ ਬਿਆਨ ਅਨੁਸਾਰ ਸ਼੍ਰੀ ਦੀਪਕ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸਤੋਂ ਇਲਾਵਾ ਇਸ ਪਾਸ ਕੋਈ ਚੱਲ ਅਚੱਲ ਸੰਪਤੀ ਨਹੀਂ ਹੈ ਅਤੇ ਇਹਨਾਂ ਦੇ ਘਰ ਵਿੱਚ ਕੋਈ ਵੀ ਮੈਂਬਰ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਨਹੀਂ ਕਰਦਾ ਹੈ। ਸ਼੍ਰੀ ਦੀਪਕ ਅਠਵੀਂ ਜਮਾਤ ਪਾਸ ਹੈ ਅਤੇ ਜਨਮ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 01.11.1994 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1986 ਅਨੁਸਾਰ ਸੇਵਾਦਾਰ ਦੀ ਤਰਸ ਦੇ ਆਧਾਰ ਤੇ ਆਸਾਮੀ ਲਈ ਵਿਦਿਅਕ ਯੋਗਤਾ ਪੰਜਵੀਂ ਜਮਾਤ ਪਾਸ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/94/2002/4ਪੀਪੀ1-8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਿਗਮ ਪਾਸ ਹੈ। ਇਸ ਲਈ ਸ਼੍ਰੀ ਦੀਪਕ ਨੂੰ ਉਸਦੇ ਪਿਤਾ ਸਵ: ਸ਼੍ਰੀ ਪੀਟਰ ਜੋਨ ਪੁੱਤਰ ਸ਼੍ਰੀ ਮਿਸਟਰ ਜੋਨ, ਸੇਵਾਦਾਰ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਵਾਸਤੇ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

7

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਜਵਾਲਾ ਪੁੱਤਰ ਸ਼੍ਰੀ ਬੰਤ ਰਾਮ, ਨਗਰ ਨਿਗਮ ਬਠਿੰਡਾ ਵਿਖੇ ਬਤੋਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 07.01.2017 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਸੰਤੋਸ਼ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਸੰਤੋਸ਼ ਪਤਨੀ ਸ਼੍ਰੀ ਜਵਾਲਾ ਰਾਮ ਵਲੋ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਬੇਟੀ ਮੁਸਕਾਨ ਉਮਰ 4 ਸਾਲ ਅਤੇ 2 ਬੇਟੇ ਅਭੈ ਉਮਰ 2 ਸਾਲ ਅਤੇ ਮੋਹਿਤ ਉਮਰ 1 ਸਾਲ ਹਨ, ਜੋ ਨਾ-ਬਾਲਗ ਹਨ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਸੰਤੋਸ਼ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਸੰਤੋਸ਼ ਪੜਨਾ ਲਿਖਣਾ ਜਾਣਦਾ ਹੈ ਅਤੇ ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 07.04.1985 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਸੰਤੋਸ਼ ਨੂੰ ਉਸਦੇ ਪਤੀ ਸ਼੍ਰੀ ਜਵਾਲਾ ਪੁੱਤਰ ਸ਼੍ਰੀ ਬੰਤ ਰਾਮ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

8

ਦਫਤਰੀ ਰਿਪੋਰਟ ਕਿ ਸਵ: ਸ਼੍ਰੀ ਹਰੀ ਓਮ ਪੁੱਤਰ ਪੂਰਨ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 05.01.2017 ਨੂੰ ਮੌਤ ਹੋ ਗਈ ਸੀ । ਇਸ ਦੀ ਪਤਨੀ ਸ਼੍ਰੀਮਤੀ ਮਮਤਾ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਤੀ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਸ਼੍ਰੀਮਤੀ ਮਮਤਾ ਪਤਨੀ ਸ਼੍ਰੀ ਹਰੀ ਓਮ ਵਲੋਂ ਪੇਸ਼ ਹਲਫੀਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਬੇਟੀ ਮੁਸਕਾਨ ਉਮਰ 4 ਸਾਲ ਅਤੇ ਇਕ ਬੇਟਾ ਅਮਿਤ ਉਮਰ 6 ਸਾਲ ਹੈ, ਜੋ ਨਾ-ਬਾਲਗ ਹਨ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਮਮਤਾ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਸ਼੍ਰੀਮਤੀ ਮਮਤਾ ਪੜਨਾ ਲਿਖਣਾ ਜਾਣਦੀ ਹੈ ਅਤੇ ਹਲਫੀਆ ਬਿਆਨ ਅਨੁਸਾਰ ਉਸਦੀ ਜਨਮ ਮਿਤੀ 05.06.1993 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਸ਼੍ਰੀਮਤੀ ਮਮਤਾ ਨੂੰ ਉਸਦੇ ਪਤੀ ਸ਼੍ਰੀ ਹਰੀ ਓਮ ਪੁੱਤਰ ਸ਼੍ਰੀ ਪੂਰਨ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

9

ਦਫਤਰੀ ਰਿਪੋਰਟ ਕਿ ਨਾਨਕ ਚੰਦ ਪੁੱਤਰ ਸ਼੍ਰੀ ਮਾਮ ਚੰਦ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਸਫਾਈ ਸੇਵਕ ਕੰਮ ਕਰਦਾ ਸੀ । ਇਸ ਦੀ ਮਿਤੀ 09.02.2017 ਨੂੰ ਮੌਤ ਹੋ ਗਈ ਸੀ । ਇਸ ਦੀ ਪੁੱਤਰੀ ਕੁਮਾਰੀ ਕੋਮਲ ਨੇ ਦਰਖਾਸਤ ਰਾਂਹੀ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਅਦ ਤਰਸ ਦੇ ਆਧਾਰ ਤੇ ਨੌਕਰੀ ਦਿੱਤੀ ਜਾਵੇ। ਕੁਮਾਰੀ ਕੋਮਲ ਪੁੱਤਰੀ ਸ਼੍ਰੀ ਨਾਨਕ ਚੰਦ ਵਲੋ ਪੇਸ਼ ਦਰਖਾਸਤ ਅਨੁਸਾਰ ਉਸਦੇ ਪਰਿਵਾਰ ਵਿੱਚ ਉਸ ਦੀ ਇਕ ਵੱਡੀ ਭੈਣ ਰਜਨੀ ਹੈ ਅਤੇ ਇਹ ਦੋਨੋ ਭੈਣਾਂ ਹੀ ਕਾਨੂੰਨੀ ਵਾਰਸ ਹਨ। ਰਜਨੀ ਵੱਲੋਂ ਹਲਫੀਆ ਬਿਆਨ ਦਿੱਤਾ ਹੈ ਕਿ ਉਸ ਦੇ ਪਿਤਾ ਦੀ ਨੋਕਰੀ ਉਸਦੀ ਛੋਟੀ ਭੈਣ ਕੋਮਲ ਨੂੰ ਦਿੱਤੀ ਜਾਵੇ, ਇਸ ਵਿਚ ਉਸਨੂੰ ਕੋਈ ਇਤਰਾਜ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਕੁਮਾਰੀ ਕੋਮਲ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਹਲਫੀਆ ਬਿਆਨ ਅਨੁਸਾਰ ਕੁਮਾਰੀ ਕੋਮਲ ਪੜਨਾ ਲਿਖਣਾ ਜਾਣਦੀ ਹੈ ਅਤੇ ਜਨਮ ਸਰਟੀਫਿਕੇਟ ਅਨੁਸਾਰ ਉਸਦੀ ਜਨਮ ਮਿਤੀ 19.09.1996 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ 1984 ਅਨੁਸਾਰ ਸਫਾਈ ਸੇਵਕ ਦੀ ਆਸਾਮੀ ਲ਼ਈ ਵਿਦਿਅਕ ਯੋਗਤਾ ਪੜਨਾ-ਲਿਖਣਾ ਜਾਣਦਾ ਹੋਵੇ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਸਰਕਾਰ ਵਲੋਂ ਜਾਰੀ ਹਦਾਇਤਾਂ ਪੱਤਰ ਨੰਬਰ 11/94/2002-4ਪੀਪੀ-11/650 ਮਿਤੀ 12.01.2004 ਅਤੇ ਪੱਤਰ ਨੰਬਰ 11/105/98/04ਪੀਪੀ-14420 ਮਿਤੀ 21.11.2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਲਈ ਕੇਸ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-।ਸਸ।/9653 ਮਿਤੀ 12/14-6-2004 ਅਨੁਸਾਰ ਨਗਰ ਨਿਗਮਾਂ ਵਿਖੇ ਗੈਰ ਪ੍ਰਾਂਤੀਕਰਨ ਅਸਾਮੀਆਂ ਲਈ ਨਿਯੁੱਕਤੀ ਦਾ ਅਧਿਕਾਰ ਸੰਬਧਤ ਨਗਰ ਨਿਗਮ ਪਾਸ ਹੈ। ਇਸ ਲਈ ਕੁਮਾਰੀ ਕੋਮਲ ਨੂੰ ਉਸਦੇ ਪਿਤਾ ਸਵ: ਨਾਨਕ ਚੰਦ ਪੁੱਤਰ ਮਾਮ ਚੰਦ, ਸਫਾਈ ਸੇਵਕ ਦੀ ਮੌਤ ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਨਿਯੁਕਤ ਕਰਨ ਵਾਸਤੇ ਕੇਸ ਵਿਚਾਰ ਕਰਨ ਅਤੇ ਫੈਸਲਾ ਲੈਣ ਲਈ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ।** |

ਸਬ-ਕਮੇਟੀ ਦੀ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 61: ਪਾਸ ਕੀਤਾ ਗਿਆ ਕਿ ਸਬ-ਕਮੇਟੀ ਦੀ ਰਿਪੋਰਟ ਅਨੁਸਾਰ ਜਿੰਨ੍ਹਾਂ ਕੇਸਾਂ ਨੂੰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਗਈ ਹੈ, ਉਹਨਾਂ ਨੂੰ ਪ੍ਰਵਾਨ ਕੀਤਾ ਜਾਂਦਾ ਹੈ ਅਤੇ ਸਬ-ਕਮੇਟੀ ਦੀ ਰਿਪੋਰਟ ਦੀ ਲੜੀ ਨੰ: 1 ਤੇ ਦਰਜ਼ ਕੇਸ ਨੂੰ ਪੈਂਡਿੰਗ ਰੱਖਿਆ ਜਾਂਦਾ ਹੈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ:                                        ਮਿਤੀ:

ਉਪਰੋਕਤ ਦਾ ਉਤਾਰਾ:

13. ਪੀ.ਏ.ਟੂ ਮੇਅਰ
14. ਪੀ.ਏ.ਟੂ ਕਮਿਸ਼ਨਰ
15. ਸੰਯੁਕਤ ਕਮਿਸ਼ਨਰ
16. ਨਿਗਰਾਨ ਇੰਜੀਨੀਅਰ
17. ਸਮੂਹ ਨਿਗਮ ਇੰਜੀਨੀਅਰ
18. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
19. ਸਮੂਹ ਸੁਪਰਡੈਂਟ
20. ਡਿਪਟੀ ਕੰਟਰੋਲਰ (ਲੋਕਲ ਆਡਿਟ)
21. ਸਹਾਇਕ ਮੰਡਲ ਫਾਇਰ ਅਫਸਰ
22. ਲੇਖਾਕਾਰ
23. ਸਮੂਹ ਚੀਫ ਸੈਨਟਰੀ ਇੰਸਪੈਕਟਰ
24. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 1 ਅਤੇ 2

ਪਾਸ ਸੁਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 18.10.2017 ਨੂੰ ਸਵੇਰੇ 11.00 ਵਜੇ

ਅੱਜ ਮਿਤੀ 18.10.2017 ਨੂੰ ਸਵੇਰੇ 11.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਸੁਖਮਿੰਦਰ ਸਿੰਘ | 22 | ਕੌਂਸਲਰ |
| 19 | ਕਮਲੇਸ਼ ਰਾਣੀ | 23 | ਕੌਂਸਲਰ |
| 20 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 21 | ਦਰਸ਼ਨਾ ਰਾਣੀ | 26 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਤਿਰਲੋਚ ਸਿੰਘ | 29 | ਕੌਂਸਲਰ |
| 25 | ਰਾਮ ਦਾਸ | 30 | ਕੌਂਸਲਰ |
| 26 | ਪ੍ਰੀਤਮ ਕੌਰ | 31 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਜਗਰਾਜ ਸਿੰਘ | 36 | ਕੌਂਸਲਰ |
| 29 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 30 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 31 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 32 | ਅੰਜਨਾ ਰਾਣੀ | 41 | ਕੌਂਸਲਰ |
| 33 | ਪ੍ਰਦੀਪ ਗੋਇਲ | 42 | ਕੌਂਸਲਰ |
| 34 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 35 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 36 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 37 | ਨਿਰਮਲ ਕੌਰ | 47 | ਕੌਂਸਲਰ |
| 38 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 39 | ਗੁਰਮੀਤ ਕੌਰ | 49 | ਕੌਂਸਲਰ |
| 40 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਅਤੇ ਸ਼੍ਰੀ ਪੰਕਜ ਅਰੋੜਾ, ਮਿਉਂਸਪਲ ਕੌਂਸਲਰ ਨੇ ਸ਼੍ਰੀ ਮਨਸਾ ਰਾਮ ਗਰਗ, ਐਕਸ ਕੌਂਸਲਰ ਜੀ ਦੇ ਅਚਾਨਕ ਸਵਰਗਵਾਸ ਹੋਣ ਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਦੇਣ ਲਈ ਦੋ ਮਿਨਟ ਦਾ ਮੌਨ ਧਾਰਨ ਕਰਨ ਲਈ ਬੇਨਤੀ ਕੀਤੀ।

<u>ਮਤਾ ਨੰਬਰ 62:</u> **ਹਾਊਸ ਵੱਲੋਂ ਸ਼੍ਰੀ ਮਨਸਾ ਰਾਮ ਗਰਗ, ਐਕਸ ਕੌਂਸਲਰ ਜੀ ਦੇ ਅਚਾਨਕ ਸਵਰਗਵਾਸ ਹੋਣ ਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿਨਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 18.10.2017 ਨੂੰ ਸਵੇਰੇ 11.15 ਵਜੇ

ਅੱਜ ਮਿਤੀ 18.10.2017 ਨੂੰ ਸਵੇਰੇ 11.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 3 | ਜਸਵੀਰ ਕੌਰ | 4 | ਕੌਂਸਲਰ |
| 4 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 5 | ਸ਼ੈਰੀ ਗੋਇਲ | 6 | ਕੌਂਸਲਰ |
| 6 | ਹਰਪਾਲ ਸਿੰਘ | 7 | ਕੌਂਸਲਰ |
| 7 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 8 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 9 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 10 | ਪੰਕਜ ਅਰੋੜਾ | 12 | ਕੌਂਸਲਰ |
| 11 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 12 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 13 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 14 | ਹਰਮਿੰਦਰ ਸਿੰਘ | 17 | ਕੌਂਸਲਰ |
| 15 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 16 | ਦਰਸ਼ਨ ਕੁਮਾਰ | 20 | ਕੌਂਸਲਰ |
| 17 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 18 | ਸੁਖਮਿੰਦਰ ਸਿੰਘ | 22 | ਕੌਂਸਲਰ |
| 19 | ਕਮਲੇਸ਼ ਰਾਣੀ | 23 | ਕੌਂਸਲਰ |
| 20 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 21 | ਦਰਸ਼ਨਾ ਰਾਣੀ | 26 | ਕੌਂਸਲਰ |
| 22 | ਰਾਜ ਕੁਮਾਰ | 27 | ਕੌਂਸਲਰ |
| 23 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 24 | ਤਿਰਲੋਚ ਸਿੰਘ | 29 | ਕੌਂਸਲਰ |
| 25 | ਰਾਮ ਦਾਸ | 30 | ਕੌਂਸਲਰ |
| 26 | ਪ੍ਰੀਤਮ ਕੌਰ | 31 | ਕੌਂਸਲਰ |
| 27 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 28 | ਜਗਰਾਜ ਸਿੰਘ | 36 | ਕੌਂਸਲਰ |
| 29 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 30 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 31 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 32 | ਅੰਜਨਾ ਰਾਣੀ | 41 | ਕੌਂਸਲਰ |
| 33 | ਪ੍ਰਦੀਪ ਗੋਇਲ | 42 | ਕੌਂਸਲਰ |
| 34 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 35 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 36 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 37 | ਨਿਰਮਲ ਕੌਰ | 47 | ਕੌਂਸਲਰ |
| 38 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 39 | ਗੁਰਮੀਤ ਕੌਰ | 49 | ਕੌਂਸਲਰ |
| 40 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਉਹਨਾਂ ਦਾ ਵਾਰਡ ਨਗਰ ਨਿਗਮ ਅਤੇ ਨਗਰ ਸੁਧਾਰ ਟਰੱਸਟ ਦੇ ਹਿੱਸੇ ਵਿੱਚ ਪੈਂਦਾ ਹੈ। ਉਹਨਾਂ ਆਪਣੇ ਵਾਰਡ ਵਿੱਚ ਨਗਰ ਨਿਗਮ ਵੱਲੋਂ ਵਿਕਾਸ ਦੇ ਰਹਿੰਦੇ ਕੰਮ ਕਰਾਉਣ ਲਈ ਬੇਨਤੀ ਕੀਤੀ। ਉਹਨਾਂ ਇਹ ਵੀ ਕਿਹਾ ਕਿ ਬਠਿੰਡਾ ਸ਼ਹਿਰ ਵੱਡਾ ਹੋਣ ਕਾਰਨ ਨਗਰ ਨਿਗਮ ਵੱਲੋਂ ਵਿਕਾਸ ਦੇ ਕੰਮਾਂ ਲਈ ਇੱਕ ਜੇ.ਸੀ.ਬੀ. ਦੀ ਖਰੀਦ ਕਰ ਲਈ ਜਾਵੇ। ਉਹਨਾਂ ਆਪਣੇ ਵਾਰਡ ਵਿੱਚ ਹਰਿਆਲੀ ਕਰਨ ਖਾਤਰ ਟਰੀ ਗਾਰਡ ਫਿਕਸ ਕਰਵਾਉਣ ਅਤੇ ਪਲਾਂਟ ਲਗਾਉਣ ਦੀ ਵੀ ਮੰਗ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸ਼ਹਿਰ ਵਿੱਚ ਲਗਾਏ ਜਾ ਰਹੇ ਟਰੀ ਗਾਰਡ ਫਿਕਸ ਕਰਨ ਦੀ ਹਦਾਇਤ ਕੀਤੀ ਤਾਂ ਜੋ ਇਹਨਾਂ ਟਰੀ ਗਾਰਡ ਦੇ ਚੋਰੀ ਹੋਣ ਜਾਂ ਟੁੱਟਣ ਦਾ ਖਤਰਾ ਨਾ ਰਹੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਲਾਇਨੋਪਾਰ ਏਰੀਏ ਸੰਗੂਆਣਾ ਬਸਤੀ, ਲਾਲ ਸਿੰਘ ਬਸਤੀ, ਨਰੂਆਣਾ ਰੋਡ, ਸੰਜੇ ਨਗਰ ਅਤੇ ਅਮਰਪੁਰਾ ਬਸਤੀ ਆਦਿ ਵਿੱਚ ਪੀਣ ਵਾਲਾ ਪਾਣੀ ਸੀਵਰ ਦੇ ਪਾਣੀ ਨਾਲ ਮਿਕਸ ਹੋ ਕੇ ਆ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਟੋਭੇ ਵਾਲੀ ਜਗ੍ਹਾ ਤੇ 6.5 ਏਕੜ ਵਿੱਚ ਪਾਰਕ ਵਿਕਸਿਤ ਕੀਤਾ ਜਾਵੇ। ਉਹਨਾਂ ਇਹ ਵੀ ਪੁੱਛਿਆ ਕਿ ਟੋਭੇ ਵਾਲੀ ਜਗ੍ਹਾ ਵਿੱਚੋਂ ਜੋ ਜਗ੍ਹਾ ਸਕੂਲ ਲਈ ਅਲਾਟ ਕੀਤੀ ਗਈ ਸੀ, ਉਸ ਸਬੰਧੀ ਨਗਰ ਨਿਗਮ ਵੱਲੋਂ ਕੀਤੀ ਕਾਰਵਾਈ ਬਾਰੇ ਵੀ ਜਾਣਕਾਰੀ ਦਿੱਤੀ ਜਾਵੇ।

ਮਾਨਯੋਗ ਮੇਅਰ ਸਾਹਿਬ ਨੇ ਦਸਿਆ ਗਿਆ ਕਿ ਟੋਭੇ ਵਾਲੀ ਜਗ੍ਹਾ ਦਾ ਸੁੰਦਰੀਕਰਨ ਕਰਨ ਖਾਤਰ ਨਿਗਮ ਵੱਲੋਂ ਮਤਾ ਨੰਬਰ 38 ਮਿਤੀ 21.09.2016, ਮਤਾ ਨੰਬਰ 64 ਮਿਤੀ 13.12.2016 ਅਤੇ ਮਤਾ ਨੰਬਰ 43 ਮਿਤੀ 06.09.2017 ਪਾਸ ਕੀਤਾ ਗਿਆ ਸੀ। ਉਹਨਾਂ ਹਦਾਇਤ ਕੀਤੀ ਕਿ ਉਕਤ ਟੋਭਿਆਂ ਦਾ ਸੁੰਦਰੀਕਰਨ ਕਰਨ ਖਾਤਰ ਇੱਕ ਮਹੀਨੇ ਦੇ ਅੰਦਰ-ਅੰਦਰ ਡੀ.ਪੀ.ਆਰ ਤਿਆਰ ਕਰਕੇ ਪੇਸ਼ ਕੀਤੀ ਜਾਵੇ।

ਇਸਤੇ ਕਮਿਸ਼ਨਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਨੁਮਾਇੰਦਿਆਂ ਨੂੰ ਪੀਣ ਵਾਲੇ ਪਾਣੀ ਵਿੱਚ ਹੋ ਰਹੀ ਮਿਕਸਿੰਗ ਨੂੰ ਜਲਦ ਤੋਂ ਜਲਦ ਦੂਰ ਕਰਨ ਦੀ ਹਦਾਇਤ ਕੀਤੀ ਅਤੇ ਯਕੀਨ ਦਿਵਾਇਆ ਕਿ ਹਾਊਸ ਦੀ ਅਗਲੀ ਮੀਟਿੰਗ ਵਿੱਚ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤੇ, ਕੌਂਸਲਰ ਦੇ ਵਾਰਡ ਵਿੱਚ ਪੈਂਦੇ ਟੋਭੇ ਵਿੱਚ ਪਾਰਕ ਬਨਾਉਣ ਖਾਤਰ ਡੀ.ਪੀ. ਆਰ ਪੇਸ਼ ਕਰ ਦਿੱਤੀ ਜਾਵੇਗੀ।

ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਜਨਤਾ ਨਗਰ ਗਲੀ ਨੰਬਰ 2 ਅਤੇ 4 ਨੂੰ ਕਰਾਸ ਕਰਦੀ ਸ਼ੌਕੀ ਕਰਿਆਨੇ ਵਾਲੀ ਗਲੀ ਮਿਤੀ 14.12.2015 ਨੂੰ ਹੋਈ ਮੀਟਿੰਗ ਵਿੱਚ ਪਾਸ ਕਰਕੇ 27.06.2016 ਨੂੰ ਨਗਰ ਨਿਗਮ ਵੱਲੋਂ ਲੇਵਲ ਕੱਢ ਕੇ ਬਣਵਾ ਦਿੱਤੀ ਗਈ ਸੀ। ਇਸ ਗਲੀ ਵਿੱਚ ਪਹਿਲਾਂ ਤਿੰਨ ਗਲੀਆਂ ਦੀ ਢਾਲ ਸੀ, ਜੋ ਕਿ ਹੁਣ ਨਗਰ ਨਿਗਮ ਵੱਲੋਂ ਬਿਨਾਂ ਹਾਊਸ ਦੀ ਮੰਨਜ਼ੂਰੀ ਤੋਂ ਦੋ ਘਰਾਂ ਨੂੰ ਖੁਸ਼ ਕਰਨ ਖਾਤਰ ਤਕਰੀਬਨ 100 ਘਰਾਂ ਦਾ ਨੁਕਸਾਨ ਕਰਦੇ ਹੋਏ ਉਤਾਂਹ ਚੁੱਕ ਦਿੱਤਾ ਗਿਆ ਹੈ।ਇਸ ਨਾਲ ਤਿੰਨੋ ਗਲੀਆ ਦੀ ਢਾਲ ਖਤਮ ਹੋਣ ਨਾਲ ਪਾਣੀ ਦੀ ਨਿਕਾਸੀ ਹੋਣ ਵਿੱਚ ਬਹੁਤ ਜਿਆਦਾ ਦਿੱਕਤ ਪੇਸ਼ ਆ ਰਹੀ ਹੈ ਅਤੇ ਲੋਕਾਂ ਨੂੰ ਬਹੁਤ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਕਿਹਾ ਕਿ ਉਂਝ ਤਾਂ ਨਗਰ ਨਿਗਮ ਪਾਸ ਸੜ੍ਹਕਾਂ ਤੇ ਪੈਚ ਵਰਕ ਕਰਾਉਣ ਖਾਤਰ ਫੰਡਜ਼ ਨਹੀਂ ਹਨ, ਪਰੰਤੂ ਇਸ ਗਲੀ ਨੂੰ ਹਾਊਸ ਦੀ ਮੰਨਜ਼ੂਰੀ ਤੋਂ ਬਿਨਾਂ ਦੁਬਾਰਾ ਕਿਉਂ ਬਣਾ ਦਿੱਤਾ ਗਿਆ। ਉਹਨਾਂ ਇਸ ਢਾਲ ਨੂੰ ਦੁਬਾਰਾ ਚੈਕ ਕਰਨ ਅਤੇ ਲੋਕਾਂ ਨੂੰ ਆ ਰਹੀ ਪਰੇਸ਼ਾਨੀ ਦੂਰ ਕਰਨ ਲਈ ਬੇਨਤੀ ਕੀਤੀ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਜਨਤਾ ਨਗਰ, ਗੰਗਾਨਗਰ ਰੇਲਵੇ ਲਾਇਨ ਤੋਂ ਗੁਰੂਕੁੱਲ ਰੋਡ ਤੱਕ ਜੋੜਦੀ ਸੀਵਰ ਪਾਈਪ ਤੇ ਮੇਨ ਹੋਲ ਟੁੱਟੇ ਹੋਣ ਕਾਰਨ ਪੀਣ ਵਾਲਾ ਪਾਣੀ ਸੀਵਰੇਜ਼ ਦੇ ਪਾਣੀ ਨਾਲ ਮਿਕਸ ਹੋ ਰਿਹਾ ਹੈ ਅਤੇ ਲੋਕਾਂ ਨੂੰ ਸੀਵਰ ਵਾਲੇ ਪਾਣੀ ਨਾਲ ਮਿਕਸ ਪਾਣੀ ਪੀਣ ਨੂੰ ਮਿਲ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ।

ਇਸਤੇ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਸੜ੍ਹਕ ਦਾ ਲੇਵਲ ਚੈਕ ਕਰਕੇ ਠੀਕ ਕਰਨ ਅਤੇ ਵਾਰਡ ਨੰਬਰ 49 ਵਿੱਚ ਆ ਰਹੀਆਂ ਹੋਰ ਸਮੱਸਿਆਵਾਂ ਦਾ ਹੱਲ ਕਰਨ ਲਈ ਹਦਾਇਤ ਕੀਤੀ।

ਸ਼੍ਰੀਮਤੀ ਜਸਵੀਰ ਕੋਰ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਜਲਦ ਤੋਂ ਜਲਦ ਪੀਣ ਵਾਲੇ ਪਾਣੀ ਅਤੇ ਸੀਵਰ ਦੀਆਂ ਪਾਈਪਾਂ ਪਾਉਣ ਦੀ ਮੰਗ ਕੀਤੀ।

ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਮੇਨ ਰੋਡ ਤੇ ਸੀਵਰ ਪਾਉਣ ਦਾ ਕੰਮ ਚੱਲ ਰਿਹਾ ਹੈ। ਕੰਮ ਪੂਰਾ ਹੋਣ ਉਪਰੰਤ ਗਲੀਆਂ ਵਿੱਚ ਸੀਵਰ ਪਾਉਣਾ ਸ਼ੁਰੂ ਕਰ ਦਿੱਤਾ ਜਾਵੇਗਾ।

ਸ਼੍ਰੀਮਤੀ ਅੰਜਨਾ ਰਾਣੀ, ਕੌਂਸਲਰ ਨੇ ਜਾਣੂ ਕਰਵਾਇਆ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਕਈ ਦਿਨਾਂ ਤੋਂ ਪੀਣ ਵਾਲਾ ਪਾਣੀ ਨਾ ਆਉਣ ਕਾਰਨ ਲੋਕਾਂ ਨੂੰ ਬਹੁਤ ਜਿਆਦਾ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਪੀਣ ਵਾਲੇ ਪਾਣੀ ਦੀ ਸਮੱਸਿਆ ਦਾ ਹੱਲ ਕਰਨ ਲਈ ਬੇਨਤੀ ਕੀਤੀ।

ਇਸਤੇ ਮੇਅਰ ਸਾਹਿਬ ਨੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਦੇ ਨੁਮਾਇੰਦਿਆਂ ਨੂੰ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ।

ਸ੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਪਿਛਲੇ ਢਾਈ ਸਾਲਾਂ ਤੋਂ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਨਾ ਕਰਨ ਕਾਰਨ ਲੋਕਾਂ ਵਿੱਚ ਨਿਗਮ ਦਾ ਅਕਸ ਖਰਾਬ ਹੋ ਰਿਹਾ ਹੈ। ਉਹਨਾਂ ਬੇਨਤੀ ਕੀਤੀ ਕਿ ਜੇਕਰ ਤ੍ਰਿਵੇਣੀ ਕੰਪਨੀ ਵੱਲੋਂ ਨਾਂ ਤਾਂ ਕੰਮ ਕੀਤਾ ਜਾਂਦਾ ਹੈ ਅਤੇ ਨਾ ਹੀ ਚੁਣੇ ਗਏ ਨੁਮਾਇੰਦਿਆਂ ਦੀ ਕੋਈ ਗੱਲ ਸੁਣੀ ਜਾਂਦੀ ਹੈ। ਇਸ ਨਾਲ ਆਮ ਪਬਲਿਕ ਵਿੱਚ ਰੋਸ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜੇਕਰ ਤ੍ਰਿਵੇਣੀ ਵੱਲੋਂ ਕੰਮ ਨਹੀਂ ਕੀਤਾ ਜਾਂਦਾ ਤਾਂ ਨਿਗਮ ਵੱਲੋਂ ਆਪਣੇ ਪੱਧਰ ਤੇ ਕੰਮ ਕਰਵਾਇਆ ਜਾਵੇ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਕਈ ਵਾਰ ਆਪਣੇ ਵਾਰਡ ਵਿੱਚ ਰੋਡ ਜਾਲੀਆਂ ਲਗਾਉਣ ਲਈ ਕਿਹਾ ਜਾ ਚੁੱਕਿਆ ਹੈ, ਪਰੰਤੂ ਇਕ ਵੀ ਰੋਡ ਜਾਲੀ ਨਹੀਂ ਲਗਾਈ ਗਈ। ਇਸ ਸਬੰਧੀ ਰੋਸ ਪ੍ਰਗਟਾਉਂਦੇ ਮੀਟਿੰਗ ਦਾ ਬਾਈਕਾਟ ਕਰਦੇ ਹੋਏ ਉਹ ਹਾਊਸ ਤੋਂ ਬਾਹਰ ਚਲੇ ਗਏ।

ਇਸਤੇ ਕਮਿਸ਼ਨਰ ਸਾਹਿਬ ਨੇ ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਦੀ ਸਮੱਸਿਆ ਨੂੰ ਵੇਖਦੇ ਹੋਏ ਯਕੀਨ ਦਿਵਾਇਆ ਕਿ ਨਿਗਮ ਵਿਖੇ ਉਪਲੱਬਧ ਫੰਡਜ਼ ਦੇ ਆਧਾਰ ਤੇ ਵਿਕਾਸ ਦੇ ਕੰਮ ਕਰਵਾ ਦਿੱਤੇ ਜਾਣਗੇ।

ਸ਼੍ਰੀ ਸੁਖਮਿੰਦਰ ਸਿੰਘ, ਕੌਂਸਲਰ ਨੇ ਨਗਰ ਨਿਗਮ ਵਿਖੇ ਸਫਾਈ ਕਰਮਚਾਰੀਆਂ ਦੀ ਗਿਣਤੀ ਬਾਰੇ ਪੁੱਛਿਆ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਡਿਟੇਲ ਦੇ ਦਿੱਤੀ ਜਾਵੇਗੀ।

ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਕਿਹਾ ਕਿ ਉਹਨਾਂ ਵੱਲੋਂ ਪਰਸ ਰਾਮ ਨਗਰ ਮੇਨ ਰੋਡ ਤੇ ਵਾਰ-ਵਾਰ 400 ਫੁੱਟ ਦਾ ਸੀਵਰੇਜ਼ ਦਾ ਟੋਟਾ ਪਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ 31 ਅਕਤੂਬਰ ਤੱਕ ਉਕਤ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਸ਼੍ਰੀ ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ ਨੇ ਮੀਟਿੰਗ ਹਾਲ ਵਿੱਚ ਲੱਗੇ ਸਾਊਂਡ ਸਿਸਟਮ ਨੂੰ ਠੀਕ ਕਰਵਾਉਣ ਲਈ ਬੇਨਤੀ ਕੀਤੀ। ਉਹਨਾਂ ਕਿਹਾ ਕਿ ਉਹਨਾਂ ਵੱਲੋਂ ਹਾਊਸ ਦੀ ਮੀਟਿੰਗ ਮਿਤੀ 06.09.2017 ਵਿੱਚ ਕੂੜਾ ਕਰਕੱਟ ਪਲਾਂਟ ਨੂੰ ਸ਼ਿਫਟ ਕਰਨ ਦਾ ਮੁੱਦਾ ਉਠਾਇਆ ਗਿਆ ਸੀ। ਉਹਨਾਂ ਵੱਲੋਂ ਦਸਿਆ ਗਿਆ ਸੀ ਕਿ ਕੂੜਾ ਕਰਕੱਟ ਪਲਾਂਟ ਨੂੰ ਸ਼ਿਫਟ ਕਰਨ ਖਾਤਰ ਨਗਰ ਨਿਗਮ ਵੱਲੋਂ ਮਤਾ ਪਾਸ ਕੀਤਾ ਜਾ ਚੁੱਕਾ ਹੈ, ਜਿਸਨੂੰ ਸਰਕਾਰ ਨੇ ਮੰਨਜ਼ੂਰੀ ਵੀ ਦੇ ਦਿੱਤੀ ਹੈ ਅਤੇ ਇਸ ਸਬੰਧੀ ਇੱਕ ਪੱਤਰ ਵੀ ਨਗਰ ਨਿਗਮ ਨੂੰ ਜਾਰੀ ਹੋ ਚੁੱਕਾ ਹੈ। ਇਸ ਲਈ ਇਸਨੂੰ ਸ਼ਿਫਟ ਕਰਨ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਇਸ ਪਲਾਂਟ ਨੂੰ ਸ਼ਿਫਟ ਨਹੀਂ ਕੀਤਾ ਜਾ ਸਕਦਾ, ਕਿਉਂ ਜੋ ਇਹ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਫੈਸਲੇ ਮੁਤਾਬਿਕ ਹੀ ਚਲਾਇਆ ਜਾ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਉਕਤ ਮਾਨਯੋਗ ਟ੍ਰਿਬਿਊਨਲ ਵਿੱਚ ਹੀ ਸਬੰਧਤ ਮੁੱਹਲੇ ਦੇ ਲੋਕ ਹੀ ਗਏ ਸਨ ਨਾਂ ਕਿ ਨਗਰ ਨਿਗਮ ਬਠਿੰਡਾ। ਇਸ ਲਈ ਮਾਨਯੋਗ ਟ੍ਰਿਬਿਊਨਲ ਵੱਲੋਂ ਦਿੱਤੇ ਗਏ ਫੈਸਲੇ ਦੇ ਆਧਾਰ ਤੇ ਹੀ ਇਸ ਪਲਾਂਟ ਨੂੰ ਚਲਾਇਆ ਜਾ ਰਿਹਾ ਹੈ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਹਾਊਸ ਦੀ ਅਗਲੀ ਮੀਟਿੰਗ ਤੋਂ ਪਹਿਲਾਂ ਪਹਿਲਾਂ ਮੀਟਿੰਗ ਹਾਲ ਵਿੱਚ ਲੱਗੇ ਸਾਊਂਡ ਸਿਸਟਮ ਨੂੰ ਠੀਕ ਕਰਵਾਇਆ ਜਾਵੇ ਤਾਂ ਜੋ ਕਿਸੇ ਵੀ ਮੈਂਬਰ ਸਾਹਿਬਾਨ ਨੂੰ ਆਪਣਾ ਪੱਖ ਰੱਖਣ ਵਿੱਚ ਕੋਈ ਦਿੱਕਤ ਨਾ ਆਵੇ।

ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਸੰਘਰਸ਼ ਕਰਨ ਉਪਰੰਤ ਉਹਨਾਂ ਦੇ ਵਾਰਡ ਵਿੱਚ ਬਣੇ ਪਾਰਕ ਦਾ ਸਟੇਅ ਆਰਡਰ ਟੁੱਟ ਚੁੱਕਾ ਹੈ ਅਤੇ ਇਸਦੀ ਅਗਲੀ ਤਾਰੀਖ ਪੇਸ਼ੀ ਮਿਤੀ 23.10.2017 ਹੈ। ਉਹਨਾਂ ਨਿਗਮ ਇੰਜੀਨੀਅਰ ਨੂੰ ਬੇਨਤੀ ਕੀਤੀ ਕਿ ਇਸ ਤਾਰੀਖ ਤੇ ਨਗਰ ਨਿਗਮ ਵੱਲੋਂ ਆਪਣਾ ਪੱਖ ਸੁੱਚਜੇ ਤਰੀਕੇ ਨਾਲ ਰੱਖਿਆ ਜਾਵੇ ਅਤੇ ਮਾਨਯੋਗ ਅਦਾਲਤ ਨੂੰ ਨਿਗਮ ਵੱਲੋਂ ਹੁਣ ਤੱਕ ਕਿੰਨੇ ਫੰਡਜ਼ ਖਰਚ ਕੀਤੇ ਗਏ ਹਨ, ਬਾਰੇ ਪੂਰੀ ਜਾਣਕਾਰੀ ਵੀ ਦਿੱਤੀ ਜਾਵੇ। ਉਹਨਾਂ ਇਹ ਵੀ ਸੁਝਾਅ ਦਿੱਤਾ ਕਿ ਅੱਜ ਦੀ ਮੀਟਿੰਗ ਵਿੱਚ ਏਜੰਡਾ ਲੜੀ ਨੰ: 4 ਤੇ ਦਰਜ਼ ਡਸਟਬੀਨ ਲਗਾਉਣ ਖਾਤਰ ਜੋ ਮੱਦ ਰੱਖੀ ਗਈ ਹੈ, ਉਸ ਸਬੰਧੀ ਉਹਨਾਂ ਡਸਟਬੀਨਜ਼ ਦਾ ਬੀਮਾ ਕਰਾਉਣ ਦੀ ਬੇਨਤੀ ਕੀਤੀ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਪਾਵਰ ਹਾਊਸ ਰੋਡ ਤੇ ਦੀਵਾਲੀ ਮੇਲਾ ਲਗਿਆ ਸੀ, ਜਿਸਦੀ ਇਜਾਜਤ ਨਾਂ ਤਾਂ ਨਗਰ ਨਿਗਮ ਵੱਲੋਂ ਲਈ ਗਈ ਸੀ ਅਤੇ ਨਾਂ ਹੀ ਬੀ.ਡੀ.ਏ. ਪਾਸੋਂ। ਉਹਨਾਂ ਕਿਹਾ ਕਿ ਇਸ ਮੇਲੇ ਵਿੱਚ ਬੀ.ਡੀ.ਏ ਅਤੇ ਨਗਰ ਨਿਗਮ ਦੇ ਕਰਮਚਾਰੀਆਂ ਤੋਂ ਇਲਾਵਾ ਹੋਰ ਵੀ ਮਹਿਕਮਿਆਂ ਦੇ ਕਰਮਚਾਰੀਆਂ ਦੀਆਂ ਡਿਊਟੀਆਂ ਲਗੀਆਂ ਸਨ। ਉਹਨਾਂ ਕਿਹਾ ਕਿ ਮੇਲੇ ਵਿੱਚ ਅਣਅਧਿਕਾਰਤ ਤਰੀਕੇ ਨਾਲ ਜਮੀਨ ਦੀ ਦੱਬ ਅਤੇ ਬਿਜਲੀ ਦੀ ਵਰਤੋਂ ਕੀਤੀ ਗਈ ਸੀ। ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਇਸ ਜਗ੍ਹਾ ਮੇਲਾ ਲਗਾਉਣ ਵਾਲਿਆਂ ਵੱਲੋਂ ਸੜਕਾਂ ਤੇ ਕੱਟ ਵੀ ਲਗਾਏ ਗਏ ਸਨ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਕੱਟਾਂ ਸਬੰਧੀ ਬਣਦੇ ਚਾਰਜ਼ਿਜ਼ ਜਮਾਂ ਕਰਵਾਏ ਜਾਣਗੇ।

ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਨੇ ਕਿਹਾ ਕਿ ਮੁਰਦਾ ਪਸ਼ੂਆਂ ਲਈ ਨਗਰ ਨਿਗਮ ਵੱਲੋਂ ਕੋਈ ਜਗ੍ਹਾ ਅਲਾਟ ਨਾ ਹੋਣ ਕਾਰਨ ਹਰ ਵਾਰ ਠੇਕਾ ਕੈਂਸਲ ਹੋ ਜਾਂਦਾ ਹੈ। ਉਹਨਾਂ ਮੁਰਦਾ ਪਸ਼ੂਆਂ ਲਈ ਜਗ੍ਹਾ ਅਲਾਟ ਕਰਨ ਲਈ ਬੇਨਤੀ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਥਰਮਲ ਵਾਲੀ ਸਾਈਡ ਜਾਂ ਸ਼ਹਿਰ ਵਿੱਚ ਹੋਰ ਕਿਸੇ ਢੁਕਵੀਂ ਥਾਂ ਤੇ ਜਗ੍ਹਾ ਉਪਲਬੱਧ ਹੋਣ ਤੇ ਮੁਰਦਾ ਪਸ਼ੂਆਂ ਲਈ ਜਗ੍ਹਾ ਦੇ ਦਿੱਤੀ ਜਾਵੇਗੀ।

ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਸਾਲ 2015 ਵਿੱਚ ਪਰਸ ਰਾਮ ਨਗਰ ਮੇਨ ਰੋਡ ਨੂੰ 80 ਫੁੱਟੀ ਚੋੜ੍ਹਾ ਕਰਨਾ ਪਾਸ ਕੀਤਾ ਗਿਆ ਸੀ। ਇਸ ਸਬੰਧੀ ਪਬਲਿਕ ਪਾਸੋਂ ਇਤਰਾਜ਼ ਵੀ ਮੰਗੇ ਗਏ ਸਨ। ਜਿਸ ਵਿੱਚ ਸਿਰਫ ਦੋ ਇਤਰਾਜ ਹੀ ਆਏ ਸਨ। ਇਹ ਇਤਰਾਜ਼ ਬਾਅਦ ਵਿੱਚ ਸਬੰਧਤ ਵਿਅਕਤੀਆਂ ਨੇ ਵਾਪਸ ਲੈ ਲਏ। ਇਸਤੋਂ ਬਾਅਦ ਹੁਣ ਤੱਕ ਨਾਂ ਤਾਂ ਕੋਈ ਇਤਰਾਜ਼ ਹੀ ਪ੍ਰਾਪਤ ਹੋਇਆ ਹੈ ਅਤੇ ਨਾ ਹੀ ਇਸ 80' ਚੋੜੀ ਕੀਤੀ ਸੜ੍ਹਕ ਤੇ ਕੋਈ ਬਿਲਡਿੰਗ ਬਣੀ ਸੀ। ਪਰੰਤੂ ਨਗਰ ਨਿਗਮ ਵੱਲੋਂ ਪਹਿਲਾਂ 80 ਫੁੱਟ ਸੜ੍ਹਕ ਦਿਖਾਉਂਦੇ ਹੋਏ ਇੱਕ ਨਕਸ਼ਾ ਪਾਸ ਕੀਤਾ ਗਿਆ ਸੀ ਪਰੰਤੂ ਹੁਣ 80 ਫੁੱਟ ਦੀ ਬਜਾਏ 47 ਫੁੱਟ ਹੀ ਸੜ੍ਹਕ ਦਿਖਾਉਂਦੇ ਹੋਏ ਇੱਕ ਹੋਰ ਨਕਸ਼ਾ ਪਾਸ ਕੀਤਾ ਗਿਆ ਹੈ। ਇਸ ਸਬੰਧੀ ਸ਼੍ਰੀ ਗੁਰਸੇਵਕ ਸਿੰਘ ਮਾਨ, ਸ਼੍ਰੀ ਨਿਰਮਲ ਸਿੰਘ ਸੰਧੂ ਅਤੇ ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ ਨੇ ਰੋਸ ਪ੍ਰਗਟ ਕੀਤਾ। ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਬਿਲਡਿੰਗ ਨਕਸ਼ਾ ਫਾਇਲ ਨੰਬਰ 306 ਸਾਲ 2017 ਅਤੇ

698 ਮਿਤੀ 05.09.2016 ਰਾਹੀਂ ਪਾਸ ਕੀਤੇ ਨਕਸ਼ਿਆਂ ਬਾਰੇ ਜਾਣਕਾਰੀ ਮੰਗੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਸੜ੍ਹਕ ਨੂੰ 80 ਫੁੱਟ ਕਰਨ ਸਬੰਧੀ ਇਤਰਾਜ਼ ਮੰਗੇ ਗਏ ਸਨ। ਪਰੰਤੂ ਇਸ ਸੜ੍ਹਕ ਦਾ ਨੋਟੀਫਿਕੇਸ਼ਨ ਨਾ ਹੋਣ ਕਾਰਨ ਇਹ ਅਮਲ ਵਿੱਚ ਨਹੀਂ ਲਿਆਂਦਾ ਜਾ ਸਕਿਆ। ਇਸਤੇ ਸ੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਜੇਕਰ ਇਸ ਸੜ੍ਹਕ ਨੂੰ 80 ਫੁੱਟ ਡਿਕਲੇਅਰ ਨਹੀਂ ਕੀਤਾ ਗਿਆ ਤਾਂ 47 ਫੁੱਟ ਛੱਡ ਕੇ ਪਾਸ ਕੀਤੇ ਨਕਸ਼ੇ ਨੂੰ ਰਿਵੋਕ ਕਰਨ ਦਾ ਨੋਟਿਸ ਕਿਉਂ ਦਿੱਤਾ? ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਜੱਦ ਕੋਈ ਪਲਾਨ ਪ੍ਰਪੋਜ਼ ਕੀਤਾ ਜਾਂਦਾ ਹੈ ਤਾਂ ਜੱਦ ਤੱਕ ਉਹ ਫਾਇਨਲ ਨਹੀਂ ਹੋ ਜਾਂਦਾ, ਉਸ ਸਮੇਂ ਤੱਕ ਉਸ ਸੜ੍ਹਕ ਤੇ ਉਸੇ ਪਰਪੋਜ਼ਡ ਪਲਾਨ ਅਨੁਸਾਰ ਹੀ ਨਕਸ਼ਾ ਪਾਸ ਕੀਤਾ ਜਾਂਦਾ ਹੈ। ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਹਾਊਸ ਵਿੱਚ ਜੋ ਵੀ ਮੱਦ ਵਿਚਾਰ ਖਾਤਰ ਰੱਖੀ ਜਾਂਦੀ ਹੈ, ਉਹ ਫਾਇਨਲ ਨਹੀਂ ਹੁੰਦੀ। ਉਹਨਾਂ ਦਸਿਆ ਕਿ ਕਿਸੇ ਵੀ ਸੜ੍ਹਕ ਨੂੰ ਨੋਟੀਫਾਈ ਕਰਾਉਣ ਅਤੇ ਐਕੂਜੀਸ਼ਨ ਕਰਨ ਉਪਰੰਤ ਹੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕਦੀ ਹੈ। ਇਸ ਜਗ੍ਹਾ ਤੇ ਕਾਬਜ ਮਾਲਕਾਂ ਨੂੰ ਐਕੂਜੀਸ਼ਨ ਕਰਨ ਤੋਂ ਬਾਅਦ ਪੈਸੇ ਦੇਣ ਉਪਰੰਤ ਹੀ ਜਗ੍ਹਾ ਛੁਡਵਾਈ ਜਾ ਸਕਦੀ ਹੈ। ਸ਼੍ਰੀ ਹਰਮਿੰਦਰ ਸਿੰਘ ਕੌਂਸਲਰ ਨੇ ਕਿਹਾ ਕਿ ਸਾਰੀਆਂ ਸੜ੍ਹਕਾਂ ਚਾਹੇ ਉਹ ਨੈਸ਼ਨਲ ਹਾਈਵੇ ਹੀ ਕਿਉਂ ਨਾ ਹੋਣ, ਏਰੀਆ ਮਾਰਕ ਕੀਤਾ ਹੁੰਦਾ ਹੈ। ਪਰੰਤੂ ਜੱਦ ਇੰਨ੍ਹਾਂ ਸੜ੍ਹਕਾਂ ਤੇ ਨਕਸ਼ਾ ਪਾਸ ਕੀਤਾ ਜਾਂਦਾ ਹੈ ਤਾਂ ਇਸ ਨੂੰ ਧਿਆਨ ਵਿੱਚ ਰੱਖ ਕੇ ਹੀ ਨਕਸ਼ਾ ਪਾਸ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਅਸੀ ਹਾਊਸ ਵਿੱਚ ਲੋਕ ਹਿੱਤਾਂ ਦੀ ਗੱਲ ਕਰੀਏ। ਉਹਨਾਂ ਜਾਣੂ ਕਰਵਾਇਆ ਕਿ ਲੋਕ ਹਿੱਤਾਂ ਨੂੰ ਧਿਆਨ ਵਿੱਚ ਰਖਦੇ ਹੋਏ ਬੀਬੀ ਵਾਲਾ ਰੋਡ, ਅਜੀਤ ਰੋਡ ਅਤੇ ਪਰਸ ਰਾਮ ਨਗਰ ਚੌਂਕ ਚੋੜ੍ਹੇ ਕੀਤੇ ਗਏ ਸਨ। ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਜਾਣੂ ਕਰਵਾਇਆ ਕਿ ਇਸ ਸੜ੍ਹਕ ਨੂੰ ਨਗਰ ਨਿਗਮ ਦੇ ਮਤਾ ਨੰਬਰ 101 ਮਿਤੀ 14.12.2015 ਰਾਹੀਂ ਗਲੀ ਨੰਬਰ 26 ਤੋਂ ਅੱਗੇ ਰਿੰਗ ਰੋਡ ਵੱਲ ਸੜ੍ਹਕ ਦੀ ਚੋੜਾਈ 80 ਫੁੱਟ ਕਰਕੇ ਇਸ ਸੜ੍ਹਕ ਨੂੰ ਖੁਬਸੂਰਤ ਬਨਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਸ ਉਪਰੰਤ ਪਹਿਲਾਂ ਇਸ ਸੜ੍ਹਕ ਤੇ 80 ਫੁੱਟ ਛੱਡ ਕੇ ਨਕਸ਼ਾ ਪਾਸ ਕੀਤਾ ਗਿਆ ਪਰੰਤੂ ਹੁਣ ਸਾਲ 2017 ਵਿੱਚ ਉਕਤ ਮਤੇ ਨੂੰ ਨਜ਼ਰ ਅੰਦਾਜ਼ ਕਰਦੇ ਹੋਏ 47 ਫੁੱਟ ਤੇ ਹੀ ਨਕਸ਼ਾ ਪਾਸ ਕਰ ਦਿੱਤਾ ਗਿਆ, ਜੋ ਕਿ ਇੱਕ ਮੰਦਭਾਗੀ ਘਟਨਾ ਹੈ।

ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਹਾਊਸ ਇੱਕ ਪੰਚਾਇਤ ਹੀ ਹੈ। ਹਾਊਸ ਵੱਲੋਂ ਲੋਕਾਂ ਦੀ ਬਿਹਤਰੀ ਲਈ ਹੀ ਕੰਮ ਕੀਤਾ ਜਾਂਦਾ ਹੈ। ਲੋਕਾਂ ਦੀ ਸੁਵਿਧਾ ਲਈ ਹੀ ਹਾਊਸ ਦਾ ਨਿਰਮਾਣ ਹੋਇਆ ਹੈ। ਉਹਨਾਂ ਕਿਹਾ ਕਿ ਜੱਦ ਵੀ ਕੋਈ ਕੌਂਸਲਰ ਜਿੱਤ ਤੇ ਹਾਊਸ ਵਿੱਚ ਆਉਂਦਾ ਹੈ ਤਾਂ ਉਸਨੇ ਲੋਕਾਂ ਨਾਲ ਵਾਅਦੇ ਕੀਤੇ ਹੁੰਦੇ ਹਨ ਕਿ ਸ਼ਹਿਰ ਨੂੰ ਚੰਡੀਗੜ੍ਹ ਵਾਂਗ ਖੁਬਸੂਰਤ ਬਨਾਉਣ ਦਾ ਹਰ ਯਤਨ ਕੀਤਾ ਜਾਵੇਗਾ ਅਤੇ ਹਾਊਸ ਵੱਲੋਂ ਉਹਨਾਂ ਵੱਲੋਂ ਕੀਤੇ ਵਾਅਦਿਆਂ ਤੇ ਪਹਿਰਾ ਦਿੱਤਾ ਜਾਣਾ ਚਾਹੀਦਾ ਹੈ। ਉਹਨਾਂ ਸੁਝਾਅ ਦਿੱਤਾ ਕਿ ਉਕਤ ਬਿਲਡਿੰਗਾਂ ਦੇ ਪਾਸ ਨਕਸ਼ੇ ਸਬੰਧੀ ਇੱਕ ਸਬ-ਕਮੇਟੀ ਬਣਾ ਲਈ ਜਾਵੇ ਅਤੇ ਨਿਗਮ ਵੱਲੋਂ ਲੋਕ ਹਿੱਤ ਨੂੰ ਧਿਆਨ ਵਿੱਚ ਰੱਖ ਕੇ ਹੀ ਕੰਮ ਕੀਤਾ ਜਾਵੇ। ਉਹਨਾਂ ਇਹ ਵੀ ਧਿਆਨ ਵਿੱਚ ਲਿਆਂਦਾ ਕਿ ਬਠਿੰਡਾ ਸ਼ਹਿਰ ਦਿਨ ਬ ਦਿਨ ਤਰੱਕੀ ਕਰ ਰਿਹਾ ਹੈ। ਆਬਾਦੀ ਦੇ ਵੱਧਣ ਦੇ ਨਾਲ-ਨਾਲ ਟ੍ਰੈਫਿਕ ਵਿੱਚ ਵੀ ਵਾਧਾ ਹੋ ਰਿਹਾ ਹੈ। ਸੜ੍ਹਕਾਂ ਭੀੜੀਆਂ ਹੋਣ ਕਾਰਨ ਆਏ ਦਿਨ ਐਕਸੀਡੈਂਟ ਹੁੰਦੇ ਰਹਿੰਦੇ ਹਨ, ਜਿਸ ਨਾਲ ਲੋਕਾਂ ਦਾ ਜਾਨੀ-ਮਾਲੀ ਨੁਕਸਾਨ ਹੁੰਦਾ ਹੈ। ਇਸ ਲਈ ਸ਼ਹਿਰ ਦੀ ਬਿਹਤਰੀ ਅਤੇ ਲੋਕਾਂ ਦੀ ਸਹੂਲਤ ਨੂੰ ਵੇਖਦੇ ਹੋਏ ਵੀ ਸੜ੍ਹਕਾਂ ਦਾ ਚੋੜ੍ਹਾ ਕੀਤਾ ਜਾਣਾ ਅਤਿ ਜਰੂਰੀ ਹੈ। ਇਸਤੋਂ ਇਲਾਵਾ ਸੜ੍ਹਕਾਂ ਦੇ ਚੋੜ੍ਹਾ ਹੋਣ ਨਾਲ ਦਿਨ ਬ ਦਿਨ ਵੱਧ ਰਹੇ ਪ੍ਰਦੂਸ਼ਣ ਤੇ ਰੋਕਥਾਮ ਖਾਤਰ ਹਰ ਸੜ੍ਹਕ ਤੇ ਹਰਿਆਲੀ ਵੀ ਕੀਤੀ ਜਾ ਸਕਦੀ ਹੈ।

ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਸੁਝਾਅ ਦਿੱਤਾ ਕਿ ਇਸ ਮਸਲੇ ਦੇ ਹੱਲ ਲਈ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਜੀ ਦੇ ਪੱਧਰ ਤੇ ਇੱਕ ਸਬ-ਕਮੇਟੀ ਬਣਾ ਲਈਏ, ਜਿਸ ਵਿੱਚ ਕਾਨੂੰਨੀ ਸਲਾਹਕਾਰ ਵੀ ਹੋਵੇ। ਇਹ ਕਮੇਟੀ ਮਾਮਲੇ ਦੀ ਜਾਂਚ ਕਰਨ ਉਪਰੰਤ ਹਾਊਸ ਵਿੱਚ ਆਪਣੀ ਰਿਪੋਰਟ ਪੇਸ਼ ਕਰੇਗੀ।

ਇਸ ਉਪਰੰਤ ਸ਼੍ਰੀ ਗੁਰਸੇਵਕ ਸਿੰਘ ਮਾਨ, ਕੌਂਸਲਰ ਹਾਊਸ ਤੋਂ ਚਲੇ ਗਏ।

ਸ਼੍ਰੀ ਜਸਬੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਸ਼ਹਿਰ ਵਿੱਚ ਕਈ ਥਾਂਈਂ ਸੜ੍ਹਕਾਂ ਟੁੱਟੀਆਂ ਹੋਣ ਕਾਰਨ ਪੇਚ ਵਰਕ ਕਰਾਉਣ ਦਾ ਤਖਮੀਨਾ ਲਗਾਇਆ ਜਾਵੇ ਤਾਂ ਜੋ ਖੱਡੇ ਭਰਵਾਉਣ ਵਿੱਚ ਕਿਸੇ ਕਿਸਮ ਦੀ ਕੋਈ ਦਿੱਕਤ ਨਾ ਆਵੇ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਹਾਊਸ ਦੀ ਮੀਟਿੰਗ ਮਿਤੀ 06.09.2017 ਵਿੱਚ ਉਹਨਾਂ ਵੱਲੋਂ ਪ੍ਰਤਾਪ ਨਗਰ ਮੇਨ ਰੋਡ ਤੇ ਦਰਸ਼ਨੀ ਗੇਟ ਬਨਾਉਣ ਦੀ ਮੰਗ ਕੀਤੀ ਸੀ। ਉਹਨਾਂ ਦਰਸ਼ਨੀ ਗੇਟ ਬਨਾਉਣ ਖਾਤਰ ਸਪਲੀਮੈਂਟਰੀ ਏਜੰਡੇ ਦੇ ਤੋਰ ਤੇ ਪਾਸ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਟੈਕਨੀਕਲ ਫਿਜ਼ੀਬਿਲਟੀ ਚੈਕ ਕਰਨ ਉਪਰੰਤ ਦਰਸ਼ਨੀ ਗੇਟ ਬਨਾਉਣ ਸਬੰਧੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਇਹ ਵੀ ਕਿਹਾ ਕਿ ਪਰਸ ਰਾਮ ਨਗਰ ਚੌਂਕ ਵਿਚ ਓਵਰ ਬਰਿਜ ਦੇ ਪਾਸ ਫਰੂਟ ਅਤੇ ਸਬਜੀਆਂ ਦੀਆਂ ਰੇਹੜੀਆਂ ਖੜੀਆ ਹੋਣ ਨਾਲ ਟ੍ਰੈਫਿਕ ਵਿੱਚ ਵਿਘਨ ਪੈਂਦਾ ਹੈ। ਉਹਨਾਂ ਰੇਹੜੀਆਂ ਲਈ ਜਗ੍ਹਾ ਅਲਾਟ ਕਰਨ ਦੀ ਮੰਗ ਕੀਤੀ। ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਗੁਰੂਕੁੱਲ ਰੋਡ ਤੇ ਇੱਕ ਪਾਸੇ ਆਬਾਦੀ ਹੈ ਅਤੇ ਇੱਕ ਪਾਸੇ ਰੇਲਵੇ ਦੀ ਕੰਧ ਹੈ। ਉਹਨਾਂ ਕੰਧ ਵਾਲੇ ਪਾਸੇ ਰੇਹੜੀਆਂ ਲਈ ਜਗ੍ਹਾ ਅਲਾਟ ਕਰਨ ਲਈ ਬੇਨਤੀ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਰੇਹੜੀਆਂ ਖੜੀਆਂ ਕਰਨ ਲਈ ਜਗ੍ਹਾ ਦੀ ਨਿਸ਼ਾਨਦੇਹੀ ਕਰਨ ਦੀ ਹਦਾਇਤ ਕੀਤੀ।

ਸ਼੍ਰੀਮਤੀ ਗੁਰਿੰਦਰ ਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਸੀਵਰ ਪਾਉਣ ਨਾਲ ਪੀਣ ਵਾਲਾ ਪਾਣੀ ਪਿਛਲੇ ਕਾਫੀ ਮਹੀਨਿਆਂ ਤੋਂ ਨਹੀਂ ਆ ਰਿਹਾ। ਉਹਨਾਂ ਕਿਹਾ ਕਿ ਜੇਕਰ ਪਾਣੀ ਦੀ ਸਪਲਾਈ ਹੀ ਨਹੀਂ ਹੈ ਤਾਂ ਨਗਰ ਨਿਗਮ ਵੱਲੋਂ ਬਿੱਲ ਵੀ ਨਾ ਭੇਜੇ ਜਾਣ।ਇਸ ਗੱਲ ਦੀ ਤਾਇਦ ਸ਼੍ਰੀ ਹਰਮਿੰਦਰ ਸਿੰਘ, ਕੋਂਸਲਰ ਨੇ ਵੀ ਕੀਤੀ। ਸ਼੍ਰੀ ਜਸਵੀਰ ਸਿੰਘ ਜੱਸਾ, ਕੋਂਸਲਰ ਨੇ ਧਿਆਨ ਵਿੱਚ ਲਿਆਂਦਾ ਕਿ ਨਿਗਮ ਵੱਲੋਂ 9-9 ਮਹੀਨੇ ਦੇ ਬਿਲ ਭੇਜੇ ਜਾ ਰਹੇ ਹਨ, ਜਿਸ ਨਾਲ ਲੋਕਾਂ ਨੂੰ ਬਿਲ ਭਰਨ ਵਿੱਚ ਦਿੱਕਤ ਪੇਸ਼ ਆ ਰਹੀ ਹੈ। ਉਹਨਾਂ ਹਰ ਤਿੰਨ ਮਹੀਨੇ ਬਾਦ ਬਿਲ ਭੇਜਣ ਦੀ ਮੰਗ ਕੀਤੀ।

ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸਮੇਂ ਸਿਰ ਬਿਲ ਭੇਜਣ ਦੀ ਹਦਾਇਤ ਕੀਤੀ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

**ਏਜੰਡਾ ਨੰਬਰ:** 1

ਮੀਟਿੰਗ ਮਿਤੀ 06.09.2017 ਦੀ ਕਾਰਵਾਈ ਦੀ ਪਕਿਆਈ।

**ਮਤਾ ਨੰਬਰ 63: ਮੀਟਿੰਗ ਮਿਤੀ 06.09.2017 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**ਏਜੰਡਾ ਨੰਬਰ:** 2

ਰਿਪੋਰਟ ਓ.ਐਂਡ ਐਮ ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਵ/ਸ ਅਤੇ ਸੈਨੀਟੇਸ਼ਨ, ਡਵੀਜ਼ਨ ਨੰਬਰ 3 ਵੱਲੋਂ ਭਾਗੂ ਰੋਡ, ਵਾਟਰ ਵਰਕਸ ਦੀ ਮੈਨਟੀਨੈਂਸ ਦਾ ਸਾਲ 2016-17 ਦਾ 116.97 ਲੱਖ ਰੁਪਏ ਤਖਮੀਨਾ ਨਗਰ ਨਿਗਮ ਦਫਤਰ ਵਿਖੇ ਪ੍ਰਾਪਤ ਹੋਇਆ ਹੈ। ਕਾਰਜਕਾਰੀ ਇੰਜੀਨੀਅਰ ਵੱਲੋਂ ਲਿਖਿਆ ਗਿਆ ਹੈ ਕਿ ਸਾਲ 2016-17 ਲਈ ਕੁੱਲ 30.10 ਲੱਖ ਰੁਪਏ ਪਾਣੀ ਅਤੇ ਸੀਵਰੇਜ਼ ਦੇ ਬਿਲਾਂ ਤੋਂ ਪ੍ਰਾਪਤ ਹੋਏ ਹਨ। ਸੋ ਬਾਕੀ ਰਕਮ 86.87 ਲੱਖ ਰੁਪਏ ਨਗਰ ਨਿਗਮ ਵੱਲੋਂ ਦਿੱਤੇ ਜਾਣੇ ਹਨ। ਇਸ ਰਕਮ ਵਿੱਚੋਂ 50.00 ਲੱਖ ਰੁਪਏ ਵਾਟਰ ਵਰਕਸ ਦਾ ਬਿਲ ਭਰਨ ਲਈ ਪਹਿਲਾਂ ਹੀ ਮੇਅਰ ਸਾਹਿਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੇ ਜਾ ਚੁੱਕੇ ਹਨ। ਸੋ ਕੁੱਲ 86.87 ਲੱਖ ਰੁਪਏ ਸਾਲ 2016-17 ਲਈ ਖਰਚ ਕਰਨ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 64: ਪ੍ਰਵਾਨ ਹੈ।**

**ਏਜੰਡਾ ਨੰਬਰ:** 3

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਆਪਰੇਸ਼ਨ ਐਂਡ ਮੈਨਟੀਨੈਂਸ ਆਫ ਕੰਮਿਊਨਿਟੀ ਟਾਇਲਟਸ | 37.17 |
| 2. | ਪ/ਫ ਐਂਡ ਆਪਰੇਟਿੰਗ ਪਬਲਿਕ ਫੀਡਬੈਕ ਮਸ਼ੀਨ ਐਟ ਕੰਮਿਊਨਿਟੀ ਐਂਡ ਪਬਲਿਕ ਟਾਇਲਟਸ | 16.06 |
| 3. | P/F of Girders and Earth Filling at side berm of Polytechnic College Road | 4.42 |
| 4. | Supply and fixing of MS Dustbins at various places in city | 22.15 |
| 5. | ਡਿਵੈਲਪਮੈਂਟ ਆਫ ਪਾਰਕ ਐਟ ਡਾ: ਬਖਸ਼ੀ ਰੋਡ, ਵਾਰਡ ਨੰਬਰ 17 | 5.32 |
| 6. | Const. of road from Jogger Park to Open Air Theatre back side parking | 9.89 |
| 7. | Supply & fixing of Stainless Steel Toilets | 5.48 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 65: ਪ੍ਰਵਾਨ ਹੈ।**

**ਏਜੰਡਾ ਨੰਬਰ:** 4

ਰਿਪੋਰਟ ਵਰਕਸ ਸ਼ਾਖਾ ਕਿ ਨਗਰ ਨਿਗਮ ਜਨਰਲ ਹਾਊਸ ਵੱਲੋਂ ਮਤਾ ਨੰ: 54 ਮਿਤੀ 06.09.2017 ਰਾਹੀਂ C&D ਵੇਸਟ ਪਲਾਂਟ ਲਈ 1.00 ਕਰੋੜ ਰੁਪਏ ਦੀ ਪ੍ਰਵਾਨਗੀ ਦਿੱਤੀ ਗਈ ਸੀ। ਇਹ ਪਲਾਂਟ ਗਰੋਥ ਸੈਂਟਰ ਵਿੱਚ ਲਗਾਉਣ ਲਈ ਨਗਰ ਨਿਗਮ ਦੀ 3 ਏਕੜ ਖਾਲੀ ਪਈ ਜਗ੍ਹਾ ਵਿੱਚ ਲਗਾਉਣ ਦੀ ਤਜਵੀਜ ਕੀਤੀ ਗਈ ਹੈ। ਇਸ 3 ਏਕੜ ਜਗ੍ਹਾ ਵਿੱਚੋਂ ਕੁੱਝ ਉਪਰ ਮਸ਼ੀਨਰੀ ਫਿੱਟ ਕੀਤੀ ਜਾਵੇਗੀ ਅਤੇ ਬਾਕੀ ਜਗ੍ਹਾ ਵਿੱਚ ਜੋ ਮਲਬਾ ਸ਼ਹਿਰ ਵਿੱਚੋਂ ਵੱਖ-ਵੱਖ ਥਾਂਵਾਂ ਤੋਂ ਨਿਕਲੇਗਾ, ਉਸਨੂੰ ਸਟੋਰ ਕੀਤਾ ਜਾਵੇਗਾ ਤਾਂ ਜੋ ਉਸ ਪ੍ਰੋਸੈਸ ਕੀਤਾ ਜਾ ਸਕੇ ਅਤੇ ਕੁੱਝ ਜਗ੍ਹਾ ਮਲਬਾ ਪ੍ਰੋਸੈਸ ਕਰਨ ਉਪਰੰਤ ਟਾਇਲਾਂ ਆਦਿ ਬਨਾਉਣ ਲਈ ਵਰਤਿਆ ਜਾਵੇਗਾ। ਇਸ ਸਮੇਂ ਡਿਸਮੈਂਟਲਡ ਮਟੀਰਿਅਲ ਲੋਕਾਂ ਵੱਲੋਂ ਸ਼ਹਿਰ ਦੀਆ ਨੀਵੀਆਂ ਥਾਂਵਾਂ ਉਪਰ ਸੁੱਟ ਦਿੱਤਾ ਜਾਂਦਾ ਹੈ, ਜਿਸ ਕਾਰਨ ਸ਼ਹਿਰ ਦੀ ਦਿੱਖ ਖਰਾਬ ਹੁੰਦੀ ਹੈ। ਇਸ ਲਈ ਇਹ ਵਿਚਾਰ ਕਰਨ ਯੋਗ ਹੈ ਕਿ ਇਸ 3 ਏਕੜ ਜਗ੍ਹਾ ਵਿੱਚੋਂ ਤਕਰੀਬਨ 2 ਏਕੜ ਜਗ੍ਹਾ C&D ਵੇਸਟ ਸਟੋਰ

ਕਰਨ ਲਈ ਨੋਟੀਫਾਈ ਕੀਤੀ ਜਾਵੇ ਤਾਂ ਜੋ ਲੋਕ ਆਪਣਾ ਡਿਸਮੈਂਟਲਡ ਮਟੀਰਿਅਲ ਇਸ ਜਗ੍ਹਾ ਤੇ ਪਹੁੰਚਾ ਸਕਣ। ਉਪਰੋਕਤ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 66: ਪ੍ਰਵਾਨ ਹੈ।**

**ਏਜੰਡਾ ਨੰਬਰ: 5**

ਰਿਪੋਰਟ ਵਰਕਸ ਸ਼ਾਖਾ ਕਿ ਸ਼ਹਿਰ ਵਿੱਚ ਬਣੇ ਕੰਮਿਊਨਿਟੀ ਟਾਇਲਟਸ ਦੀ ਵੇਸਟ ਦੀ Desludging ਕਰਨ ਲਈ ਇੱਕ Suction/Desludging Machine ਦੀ ਖਰੀਦ ਕਰਨ ਦੀ ਜਰੂਰਤ ਹੈ। ਇਸ ਮਸ਼ੀਨ ਦੀ ਖਰੀਦ ਕਰਨ ਲਈ ਤਕਰੀਬਨ 5.00 ਲੱਖ ਰੁਪਏ ਖਰਚਾ ਆਉਣ ਦੀ ਸੰਭਾਵਨਾਂ ਹੈ। ਮਸ਼ੀਨ ਰਾਹੀਂ Desludge ਕੀਤੇ ਗਏ Waste ਨੂੰ ਐਸ.ਟੀ.ਪੀ. ਵਿਖੇ ਡੰਪ ਕੀਤਾ ਜਾਵੇਗਾ।

ਇਸ ਤੋਂ ਇਲਾਵਾ ਨਗਰ ਨਿਗਮ ਸ਼ਹਿਰ ਵਿੱਚ ਆਪਣੀਆਂ ਮਸ਼ੀਨਾਂ ਅਤੇ ਆਮ ਜਨਤਾ ਨੂੰ ਇਹ ਸੇਵਾ ਦੇਣ ਲਈ ਨੰਬਰ ਨੋਟੀਫਾਈ ਕਰੇਗਾ। ਇਸ ਸਰਵਿਸ ਲਈ ਆਮ ਜਨਤਾ ਪਾਸੋਂ 1000/- ਰੁਪਏ ਪ੍ਰਤੀ ਖੂਈ ਸਾਫ ਕਰਵਾਈ ਦਾ ਰੇਟ ਤਜਵੀਜ ਕੀਤਾ ਜਾਂਦਾ ਹੈ।

ਪ੍ਰਾਈਵੇਟ ਖੂਈ ਸਾਫ ਕਰਨ ਵਾਲਿਆਂ ਦੀ ਵੀ ਨਗਰ ਨਿਗਮ ਬਠਿੰਡਾ ਵੱਲੋਂ ਰਜਿਸਟਰੇਸ਼ਨ ਕੀਤੀ ਜਾਵੇਗੀ। ਇਹਨਾਂ ਨੂੰ ਵੀ ਲਾਜਮੀ ਕੀਤਾ ਜਾਵੇਗਾ ਕਿ ਉਹ ਆਪਣੇ ਟੈਂਕ ਐਸ.ਟੀ.ਪੀ. ਸਾਇਟ ਤੇ ਹੀ ਖਾਲੀ ਕਰਨ। ਇਹਨਾਂ ਪ੍ਰਾਈਵੇਟ ਆਪਰੇਟਰਾਂ ਲਈ ਸਲਾਨਾ ਰਜਿਸਟਰੇਸ਼ਨ ਫੀਸ 1000/- ਰੁਪਏ ਪ੍ਰਤੀ ਸਾਲ ਤਜਵੀਜ ਕੀਤੀ ਜਾਂਦੀ ਹੈ।

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 67: ਪ੍ਰਵਾਨ ਹੈ।**

**ਏਜੰਡਾ ਨੰਬਰ: 6**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਦੇ ਬਜਾਰਾਂ ਅਤੇ ਕਮਰਸ਼ੀਅਲ ਏਰੀਏ ਵਿੱਚ ਦਿਨ ਅਤੇ ਰਾਤ ਦੋ ਵਾਰ ਸਫਾਈ ਕਰਾਉਣ ਲਈ ਹੇਠ ਲਿਖੀਆਂ ਥਾਂਵਾਂ/ ਬਜਾਰਾਂ ਦੀ ਸ਼ਿਨਾਖਤ ਕੀਤੀ ਗਈ ਹੈ:-

1. ਮਾਲ ਰੋਡ, ਹੰਨੂਮਾਨ ਚੋਂਕ ਤੋਂ ਰੇਲਵੇ ਸਟੇਸ਼ਨ ਤੱਕ
2. ਫਾਇਰ ਸਟੇਸ਼ਨ ਤੋਂ ਆਰੀਆ ਸਮਾਜ ਚੋਂਕ ਤੱਕ
3. ਆਰੀਆ ਸਮਾਜ ਚੋਂਕ ਤੋਂ ਬੱਸ ਸਟੈਂਡ, ਕੋਰਟ ਰੋਡ, ਵਾਇਆ ਮਹਿਣਾ ਚੌਂਕ
4. ਕਿਕਰ ਬਾਜਾਰ
5. ਸਦਰ ਬਾਜਾਰ
6. ਬੈਂਕ ਬਾਜਾਰ
7. ਧੋਬੀ ਬਾਜਾਰ
8. ਪੋਸਟ ਆਫਿਸ ਬਾਜਾਰ
9. ਹਸਪਤਾਲ ਬਾਜਾਰ
10. ਸੰਤਪੁਰਾ ਰੋਡ ਅੰਡਰ ਬ੍ਰਿਜ ਤੋਂ ਦਫਤਰ ਨਗਰ ਨਿਗਮ
11. ਆਰੀਆ ਸਮਾਜ ਚੋਂਕ ਤੋਂ ਸਦਰ ਥਾਣਾ ਵਾਇਆ ਕਿਲ੍ਹਾ ਰੋਡ
12. ਅਮਰੀਕ ਸਿੰਘ ਰੋਡ (ਮੇਲਾ ਰਾਮ ਰੋਡ ਤੋਂ ਮਾਲ ਰੋਡ)
13. ਮੇਨ ਬੱਸ ਸਟੈਂਡ ਦੇ ਆਲੇ-ਦੁਆਲੇ ਦਾ ਏਰੀਆ 100 ਮੀਟਰ ਗੇਟ ਤੋਂ ਸਾਰੇ ਪਾਸੇ
14. ਮੇਨ ਪ੍ਰਤਾਪ ਨਗਰ ਰੋਡ, ਦੁਸ਼ਹਿਰਾ ਗਰਾਉਂਡ ਤੱਕ
15. ਅਜੀਤ ਰੋਡ ਘੋੜੇ ਵਾਲਾ ਚੌਂਕ ਤੱਕ
16. ਭੱਟੀ ਰੋਡ
17. ਪਾਵਰ ਹਾਊਸ ਰੋਡ
18. 100 ਫੁੱਟੀ ਰੋਡ

ਇਹਨਾਂ ਬਜਾਰਾਂ/ ਥਾਂਵਾਂ ਵਿੱਚ ਦਿਨ ਅਤੇ ਰਾਤ ਦੋ ਵਾਰ ਸਫਾਈ ਕਰਵਾਉਣ ਲਈ ਨੋਟੀਫਾਇਡ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 68: ਲੜੀ ਨੰਬਰ 1 ਤੋਂ 12 ਤੱਕ ਬਜ਼ਾਰਾਂ ਅਤੇ ਕਮਰਸ਼ੀਅਲ ਏਰੀਏ ਨੂੰ ਨੋਟੀਫਾਇਡ ਕਰਨਾ ਪ੍ਰਵਾਨ ਹੈ।**

**ਏਜੰਡਾ ਨੰਬਰ: 7**

ਰਿਪੋਰਟ ਸਿਹਤ ਸ਼ਾਖਾ ਕਿ ਪੰਜਾਬ ਮਿਉਂਸਪਲ ਐਕਟ, 1911 ਦੀ ਧਾਰਾ 188 ਅਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 399(1) (ਈ) ਅਧੀਨ ਡਾਇਰੈਕਟਰ, ਸਥਾਨਕ ਸਰਕਾਰ ਚੰਡੀਗੜ੍ਹ ਦੇ ਯਾਦ ਪੱਤਰ ਨੰ: ਸ3-ਜਸ-ਡਸਸ-2017/58701-15 ਮਿਤੀ 29.09.2017 ਰਾਹੀਂ ਡਰਾਫਟ ਬਾਈਲਾਜ਼ ਦੀ ਕਾਪੀ ਭੇਜ ਕੇ ਹਦਾਇਤ ਕੀਤੀ ਗਈ ਹੈ ਕਿ ਇਹਨਾਂ ਨੂੰ ਅਡਾਪਟ ਕਰਨ, ਲੋੜ੍ਹ ਅਨੁਸਾਰ ਤਰਮੀਮ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਸਥਾਨਕ ਸਰਕਾਰ-1 ਸ਼ਾਖਾ ਤੋਂ ਅਧਿਸੂਚਨਾਂ ਕਰਾਉਣ ਲਈ ਭੇਜੇ ਜਾਣ।

ਸਿਹਤ ਸ਼ਾਖਾ ਵੱਲੋਂ ਉਕਤ ਬਾਈਲਾਜ਼ ਨੂੰ ਅਡਾਪਟ ਕਰਨ ਲਈ ਹੇਠ ਲਿਖੇ ਅਨੁਸਾਰ ਜਾਨਵਰਾਂ ਦੀ ਲਾਇਸੰਸ ਫੀਸ ਅਤੇ ਲੇਟ ਫੀਸ ਤਜਵੀਜ ਕੀਤੀ ਗਈ ਹੈ:-

1. ਕੁੱਤਾ, ਬਿੱਲੀ, ਸੂਰ, ਬਕਰੀ, ਪੌਨੀ, ਬਛੜਾ, ਭੇਡ, ਹਿਰਨ ਵਗੈਰਾ ਦੀ ਲਾਇਸੰਸ ਫੀਸ = 250/- ਰੁਪਏ ਪ੍ਰਤੀ ਸਾਲ
2. ਮੱਝ, ਸਾਂਡ, ਘੋੜਾ, ਊਠ, ਗਾਂ, ਹਾਥੀ ਅਤੇ ਨੀਲ ਗਊ ਵਗੈਰਾ ਦੀ ਲਾਇਸੰਸ ਫੀਸ = 500/- ਰੁਪਏ ਪ੍ਰਤੀ ਸਾਲ
3. ਜੇਕਰ ਕੋਈ ਵਿਅਕਤੀ ਲਾਇਸੰਸ ਰਿਨਿਊ 30 ਦਿਨਾਂ ਤੋਂ ਬਾਅਦ ਕਰਾਉਂਦਾ ਹੈ ਤਾਂ ਲੇਟ ਫੀਸ 150/- ਰੁਪਏ ਲੜੀ ਨੰ: 1 ਤੇ ਦਰਜ਼ ਜਾਨਵਰ ਜਿਵੇਂ ਕਿ ਕੁੱਤਾ, ਬਿੱਲੀ ਵਗੈਰਾ ਤੇ ਲਗੇਗੀ। ਲੜੀ ਨੰ: 2 ਤੇ ਦਰਜ਼ ਜਾਨਵਰਾਂ ਤੇ ਲੇਟ ਫੀਸ 200/- ਰੁਪਏ ਲਗੇਗੀ।

ਸੋ ਇਹਨਾਂ ਬਾਈਲਾਜ਼ ਨੂੰ ਅਡਾਪਟ ਕਰਨ, ਸੋਧ ਕਰਨ ਅਤੇ ਤਜਵੀਜਤ ਰੇਟ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 69:</u> ਪਾਸ ਕੀਤਾ ਗਿਆ ਕਿ ਉਕਤ ਬਾਈਲਾਜ਼ ਨੂੰ ਅਡਾਪਟ ਕਰਨ, ਸੋਧ ਕਰਨ ਅਤੇ ਤਜਵੀਜਤ ਰੇਟ ਪ੍ਰਵਾਨ ਕਰਨ ਲਈ ਸਬ-ਕਮੇਟੀ ਬਣਾ ਲਈ ਜਾਵੇ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**<u>ਏਜੰਡਾ ਨੰਬਰ: 8</u>**

ਰਿਪੋਰਟ ਬਾਗਬਾਨੀ ਸ਼ਾਖਾ ਕਿ ਬਠਿੰਡਾ ਸ਼ਹਿਰ ਵਿੱਚ ਨਗਰ ਨਿਗਮ ਦਾ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਬਹੁਤ ਸੁੰਦਰ ਜਗ੍ਹਾ ਹੈ। ਆਮ ਦੇਖਣ ਵਿੱਚ ਆਇਆ ਹੈ ਕਿ ਅਕਸਰ ਲੋਕ ਇੰਨ੍ਹਾਂ ਥਾਂਵਾਂ ਤੇ Pre Wedding Shoot ਕਰਨ ਲਈ ਆਉਂਦੇ ਹਨ। ਇਸ ਸਮੇਂ ਨਗਰ ਨਿਗਮ ਵੱਲੋਂ ਇੰਨ੍ਹਾਂ ਲੋਕੇਸ਼ਨਸ ਤੇ ਫੋਟੋਗ੍ਰਾਫੀ ਕਰਨ ਲਈ ਕੋਈ ਫੀਸ ਨਿਰਧਾਰਤ ਨਹੀਂ ਹੈ। ਇਸ ਲਈ ਇੰਨ੍ਹਾਂ ਲੋਕੇਸ਼ਨਸ (ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ) ਉਪਰ ਫੋਟੋਗ੍ਰਾਫੀ ਕਰਨ ਲਈ 1000/- ਰੁਪਏ ਪ੍ਰਤੀ ਲੋਕੇਸ਼ਨ ਫੀਸ ਨਿਰਧਾਰਤ ਕਰਨ ਲਈ ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਪ੍ਰਦੀਪ ਗੋਇਲ ਅਤੇ ਸ੍ਰੀ ਰਾਜ ਕੁਮਾਰ ਗੋਇਲ ਨੇ ਇਸ ਮੱਦ ਤੇ ਵਿਰੋਧ ਪ੍ਰਗਟ ਕੀਤਾ।**

**<u>ਮਤਾ ਨੰਬਰ 70:</u> ਬਹੁ-ਸੰਮਤੀ ਨਾਲ ਪ੍ਰਵਾਨ ਹੈ।**

**<u>ਏਜੰਡਾ ਨੰਬਰ: 9</u>**

ਰਿਪੋਰਟ ਵਰਕਸ ਸ਼ਾਖਾ ਕਿ ਸਵੱਛ ਭਾਰਤ ਮਿਸ਼ਨ ਦੇ ਕੰਮਾਂ ਸਬੰਧੀ ਮੀਟਿੰਗ ਵਿੱਚ ਵਿਚਾਰ ਕੀਤਾ ਗਿਆ ਕਿ ਖੁੱਲੇ ਵਿੱਚ ਕੂੜਾ ਸੁੱਟਣ ਵਾਲਿਆਂ ਨੂੰ ਰੋਕਣ ਲਈ ਉਨ੍ਹਾਂ ਨੂੰ ਜੁਰਮਾਨਾ ਕੀਤਾ ਜਾਵੇ ਅਤੇ ਇਸ ਦੀ ਜਾਣਕਾਰੀ ਦੇਣ ਵਾਲਿਆਂ ਨੂੰ ਇਨਾਮ ਦਿੱਤਾ ਜਾਵੇ ਤਾਂ ਜੋ ਸ਼ਹਿਰ ਵਿੱਚ ਸਫਾਈ ਤੋਂ ਬਾਅਦ ਸੁੱਟੇ ਜਾ ਰਹੇ ਕੂੜੇ ਤੋਂ ਨਿਜ਼ਾਤ ਮਿਲ ਸਕੇ। ਇਸ ਸਬੰਧੀ ਫੈਸਲਾ ਲਿਆ ਗਿਆ ਕਿ ਭਾਰਤ ਸਰਕਾਰ ਵੱਲੋਂ ਚਲਾਈ ਜਾ ਰਹੀ Swachhata MOHUA App ਉਪਰ ਜੇਕਰ ਕੋਈ ਸ਼ਹਿਰੀ ਕਿਸੇ ਨਾਗਰਿਕ ਵੱਲੋਂ ਸੁੱਟੇ ਜਾਂ ਕੂੜੇ ਦੀ ਫੋਟੋ ਅਪਲੋਡ ਕਰਦਾ ਹੈ ਅਤੇ ਜੇਕਰ ਕੂੜਾ ਸੁੱਟਣ ਵਾਲੇ ਦੀ ਪਛਾਣ ਹੋ ਜਾਂਦੀ ਹੈ ਤਾਂ ਕੂੜਾ ਸੁੱਟਣ ਵਾਲੇ ਤੋਂ 500/- ਰੁਪਏ ਜੁਰਮਾਨਾ ਵਸੂਲ ਕੀਤਾ ਜਾਵੇ ਅਤੇ ਉਸਦੀ ਜਾਣਕਾਰੀ ਦੇਣ ਵਾਲੇ ਨੂੰ 100/- ਰੁਪਏ ਇਨਾਮ ਵਸੂਲ ਕੀਤੇ ਜੁਰਮਾਨੇ 500/- ਰੁਪਏ ਵਿੱਚੋਂ ਦਿੱਤਾ ਜਾਵੇਗਾ। ਉਕਤ ਅਨੁਸਾਰ ਪ੍ਰਵਾਨ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਪ੍ਰਦੀਪ ਗੋਇਲ, ਕੌਂਸਲਰ ਨੇ ਕਿਹਾ ਕਿ ਰੇਤਾ, ਬਜ਼ਰੀ ਅਤੇ ਸੀਮਿੰਟ ਵੇਚਣ ਵਾਲੇ ਦੁਕਾਨਦਾਰਾਂ ਵੱਲੋਂ ਸਾਰਾ ਸਮਾਨ ਬਾਹਰ ਰੱਖ ਕੇ ਵੇਚਿਆ ਜਾਂਦਾ ਹੈ। ਇਹ ਆਮ ਦੇਖਣ ਵਿੱਚ ਆਉਂਦਾ ਹੈ ਕਿ ਬਾਹਰ ਰੱਖਿਆ ਗਿਆ ਰੇਤਾ, ਬਜ਼ਰੀ ਅਤੇ ਸੀਮਿੰਟ ਸੀਵਰ ਵਿੱਚ ਜਾਣ ਨਾਲ ਸੀਵਰ ਜਾਮ ਹੋ ਜਾਂਦਾ ਹੈ। ਉਹਨਾਂ ਇਹਨਾਂ ਰੇਤਾ, ਬਜ਼ਰੀ ਅਤੇ ਸੀਮਿੰਟ ਵੇਚਣ ਵਾਲਿਆਂ ਤੇ ਵੀ ਜੁਰਮਾਨਾ ਲਗਾਉਣ ਦੀ ਮੰਗ ਕੀਤੀ। ਸ਼੍ਰੀ ਹਰਜਿੰਦਰ ਸਿੰਘ ਸ਼ਿੰਦਾ, ਕੌਂਸਲਰ ਨੇ ਕਿਹਾ ਕਿ ਕਿਲਾ ਰੋਡ ਤੇ ਦੇਸ ਰਾਜ ਸਕੂਲ ਦੇ ਸਾਹਮਣੇ ਮਿਰਚਾਂ ਅਤੇ ਹਲਦੀ ਪੀਸਣ ਵਾਲੀਆਂ ਚੱਕੀਆਂ ਵਾਲਿਆਂ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਮਿਰਚਾਂ ਅਤੇ ਹਲਦੀ ਦੁਕਾਨਾਂ ਦੇ ਅੰਦਰ ਹੀ ਪੀਸਣ, ਜਿਸ ਨਾਲ ਇਸ ਜਗ੍ਹਾ ਲੰਘਣ ਵਾਲੇ ਵਿਅਕਤੀਆਂ ਨੂੰ ਕੋਈ ਤਕਲੀਫ ਨਾ ਆਵੇ।**

**<u>ਮਤਾ ਨੰਬਰ 71:</u> ਸਰਵ-ਸੰਮਤੀ ਨਾਲ ਪਾਸ ਕੀਤਾ ਗਿਆ ਕੂੜਾ ਸੁੱਟਣ ਵਾਲਿਆਂ ਤੋਂ 500/- ਰੁਪਏ ਦੀ ਬਜਾਏ 1000/- ਰੁਪਏ ਜੁਰਮਾਨਾ ਵਸੂਲ ਕੀਤਾ ਜਾਵੇ ਅਤੇ ਉਸ ਵਸੂਲੀ ਗਈ ਰਕਮ ਵਿੱਚੋਂ ਜਾਣਕਾਰੀ ਦੇਣ ਵਾਲੇ ਵਿਅਕਤੀ ਨੂੰ 100/- ਰੁਪਏ ਦੀ ਬਜਾਏ 200/- ਰੁਪਏ ਇਨਾਮ ਦਿੱਤਾ ਜਾਵੇ। ਇਸਤੋਂ ਇਲਾਵਾ ਸ਼ਹਿਰ ਵਿੱਚ ਸੜ੍ਹਕਾਂ ਤੇ ਰੱਖ ਕੇ ਰੇਤਾ, ਬਜ਼ਰੀ ਅਤੇ ਸੀਮਿੰਟ ਵੇਚਣ ਵਾਲਿਆਂ ਤੋਂ ਜੁਰਮਾਨੇ ਦੇ ਤੋਰ ਤੇ 2000/- ਰੁਪਏ ਦੀ ਵਸੂਲੀ ਕੀਤੀ ਜਾਵੇ।**

**ਏਜੰਡਾ ਨੰਬਰ:** 10

ਰਿਪੋਰਟ ਸਿਹਤ ਸ਼ਾਖਾ ਕਿ ਨਗਰ ਕੋਂਸਲ ਹੁਣ ਨਗਰ ਨਿਗਮ ਵੱਲੋਂ ਮਤਾ ਨੰਬਰ 383 ਮਿਤੀ 14.12.2001 ਰਾਹੀਂ ਡਾ: ਅਜੈ ਕੁਮਾਰ ਗਰਗ ਨੂੰ ਅੰਸ਼ਕਾਲੀ ਸਿਹਤ ਅਫਸਰ ਨਿਯੁਕਤ ਕੀਤਾ ਸੀ। ਸਿਹਤ ਅਫਸਰ ਨੂੰ 2500/- ਰੁਪਏ ਪ੍ਰਤੀ ਮਹੀਨਾ ਦਿੱਤਾ ਜਾਣ ਵਾਲਾ ਮਾਨ ਭੱਤਾ ਸਰਕਾਰ ਵੱਲੋਂ ਨਿਰਧਾਰਤ ਕੀਤਾ ਗਿਆ ਸੀ। ਸਿ ਉਪਰੰਤ ਹਾਊਸ ਵੱਲੋਂ ਮਾਨ ਭੱਤੇ ਵਿੱਚ ਵਾਧਾ ਕਰਨ ਲਈ ਪ੍ਰਵਾਨ ਕੀਤੇ ਮਤਾ ਨੰ: 331 ਮਿਤੀ 23.03.2006 ਦੀ ਰੋਸ਼ਨੀ ਵਿੱਚ ਸਰਕਾਰ ਵੱਲੋਂ ਮੀਮੋ ਨੰ: 01/17/06-3ਸਸ1/10569 ਮਿਤੀ 14.12.2006 ਰਾਹੀਂ 6000/- ਰੁਪਏ ਪ੍ਰਤੀ ਮਹੀਨਾ ਮਾਨ ਭੱਤਾ ਦੇਣ ਦੀ ਪ੍ਰਵਾਨਗੀ ਦੇ ਦਿੱਤੀ ਸੀ। ਸਿਹਤ ਅਫਸਰ ਨੂੰ ਉਸ ਦੀ 58 ਸਾਲ ਦੀ ਉਮਰ ਪੂਰੀ ਹੋਣ ਤੇ ਦਫਤਰੀ ਹੁਕਮ ਨੰ: 147/ਏ ਮਿਤੀ 31.08.2016 ਰਾਹੀਂ ਸੇਵਾ ਮੁਕਤ ਕਰ ਦਿੱਤਾ ਸੀ। ਇਸ ਸਮੇਂ ਨਿਗਮ ਵਿਖੇ ਕੋਈ ਵੀ ਸਿਹਤ ਅਫਸ਼ਰ ਨਹੀਂ ਹੈ। ਡਾ: ਦਵਿੰਦਰਪਾਲ ਬਾਂਸਲ, ਗਰੀਨ ਐਵਨਿਊ, ਬਠਿੰਡਾ ਵੱਲੋਂ ਅੰਸ਼ਕਾਲੀ ਸਿਹਤ ਅਫਸਰ ਲਗਣ ਲਈ ਦਰਖਾਸਤ ਦਿੱਤੀ ਸੀ, ਜਿਸ ਵਿੱਚ ਉਹਨਾਂ ਵੱਲੋਂ 35000/- ਰੁਪਏ ਪ੍ਰਤੀ ਮਹੀਨਾ ਦੀ ਮੰਗ ਕੀਤੀ ਗਈ ਸੀ। ਇਸ ਸਬੰਧੀ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਰਿਪੋਰਟ ਕੀਤੀ ਹੈ ਕਿ "Rs. 30,000/- p.m. may be fixed as monthly honorarium. For consideration of House". ਨਗਰ ਨਿਗਮ ਵਿਖੇ ਅੰਸ਼ਕਾਲੀ ਸਿਹਤ ਅਫਸਰ ਦੀ ਨਿਯੁਕਤੀ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 72: ਪਾਸ ਕੀਤਾ ਗਿਆ ਕਿ ਸਿਹਤ ਅਫਸਰ ਦੀ ਨਿਯੁਕਤੀ ਅਖਬਾਰਾਂ ਵਿੱਚ ਵਿਗਿਆਪਨ ਦੇਣ ਉਪਰੰਤ ਹੀ ਕੀਤੀ ਜਾਵੇ ਅਤੇ ਨਿਯੁਕਤੀ ਕਰਨ ਲਈ ਕੇਸ ਸਬ-ਕਮੇਟੀ ਵਿੱਚ ਪੇਸ਼ ਕੀਤਾ ਜਾਵੇ।**

**ਏਜੰਡਾ ਨੰਬਰ:** 11

ਰਿਪੋਰਟ ਵਰਕਸ ਸ਼ਾਖਾ ਕਿ ਬਠਿੰਡਾ ਸ਼ਹਿਰ ਦੀਆਂ ਪਰੰਪਰਾਗਤ ਲਾਈਟਾਂ ਨੂੰ ਐਨਰਜੀ ਐਫੀਸ਼ਿਏਟ ਸਟਰੀਟ ਲਾਈਟਾਂ ਨਾਲ ਬਦਲਣ ਦੇ ਕੰਮ ਲਈ ਇੱਕ ਆਰ.ਐਫ.ਪੀ. (RFP) Request for Proposal ਤਿਆਰ ਕੀਤਾ ਗਿਆ ਹੈ। ਇਸ RFP Document ਵਿੱਚ ਬਾਕੀ ਸਾਰੇ Parameter fix ਕਰਕੇ Time period ਨੂੰ Variable ਰੱਖਿਆ ਗਿਆ ਹੈ।Bid Time Period (Contract period) ਦੇ Variable ਤੇ invite ਕੀਤੀ ਜਾਵੇਗੀ। ਇਸ RFP Document ਦੀ ਇੱਕ ਕਾਪੀ ਸਾਰੇ ਮਿਉਂਸਪਲ ਕੌਂਸਲਰ ਨੂੰ ਮਿਤੀ 18.10.2017 ਦੀ ਹਾਊਸ ਮੀਟਿੰਗ ਦੇ ਏਜੰਡੇ ਨਾਲ ਸਪਲਾਈ ਕੀਤੀ ਜਾਵੇਗੀ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 73: ਪ੍ਰਵਾਨ ਹੈ।**

**ਏਜੰਡਾ ਨੰਬਰ:** 12

ਰਿਪੋਰਟ ਵਰਕਸ ਸ਼ਾਖਾ ਕਿ ਵਿਦਿਆਰਥੀਆਂ ਦੇ ਮੰਨੋਰੰਜਨ/ ਮਨ ਪ੍ਰਚਾਵੇ ਨਾਲ ਸਿੱਖਿਆ ਦੇਣ ਨਾਲ ਉਹ ਉਨ੍ਹਾਂ ਨੂੰ ਹਮੇਸ਼ਾ ਯਾਦ ਰਹਿੰਦੀ ਹੈ ਅਤੇ ਵਧੇਰੀ ਸਾਫ-ਸੁੱਚਜੇ ਤਰੀਕੇ ਨਾਲ ਸਮਝ ਆਉਂਦੀ ਹੈ। ਇਸ ਤਰੀਕੇ ਨਾਲ ਉਨ੍ਹਾਂ ਦੀ ਸਿੱਖਿਆ ਵਿੱਚ ਰੁਚੀ ਵੀ ਬਣੀ ਰਹਿੰਦੀ ਹੈ। ਇਸ ਨੂੰ ਧਿਆਨ ਵਿੱਚ ਰਖਦੇ ਹੋਏ ਰੋਜ਼ ਗਾਰਡਨ ਵਿਖੇ ਅੱਪੂ ਘਰ ਦੇ ਨਾਲ ਵਾਲੀ ਜਗ੍ਹਾ ਤੇ ਸਾਇੰਸ ਪਾਰਕ ਦਾ ਪ੍ਰਜੈਕਟ ਤਜਵੀਜ ਕੀਤਾ ਗਿਆ ਹੈ। ਇਹ ਤਖਮੀਨਾ ਐਨੀਡਾਈਨ, ਚੈਨੇ ਵੱਲੋਂ ਪ੍ਰਾਪਤ ਕੈਟਾਲੋਗ ਤੇ ਆਧਾਰਤ ਹੈ। ਇਹ ਕੰਮ ਕਰਵਾਉਣ ਲਈ ਇੱਕ ਕਮੇਟੀ ਬਣਾਈ ਜਾਵੇਗੀ ਜੋ ਕਿ ਇਹ ਕੰਮ ਕਰਵਾਉਣ ਲਈ ਅਧਿਕਾਰ ਇਸ ਕਮੇਟੀ ਪਾਸ ਹੋਣਗੇ। ਇਹ ਕੰਮ ਕਰਨ ਦਾ ਤਰੀਕਾ (Methodology) ਇਸ ਕਮੇਟੀ ਵੱਲੋਂ ਤਹਿ ਕੀਤਾ ਜਾਵੇਗਾ। ਇਸ ਕੰਮ ਦੇ ਮੁਬਲਿਗ 25.00 ਲੱਖ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 74: ਪ੍ਰਵਾਨ ਹੈ।**
**ਮਜ਼ੀਦ ਪਾਸ ਕੀਤਾ ਗਿਆ ਕਿ ਸਾਇੰਸ ਪਾਰਕ ਦਾ ਪ੍ਰਜੈਕਟ ਪੂਰਾ ਕਰਨ ਖਾਤਰ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ। ਮੀਟਿੰਗ ਵਿੱਚ ਵਿਚਾਰ ਸ਼ੁਰੂ ਕਰਦਿਆਂ ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਨੇ ਕਿਹਾ ਕਿ ਉਹ ਸਪਲੀਮੈਂਟਰੀ ਏਜੰਡੇ ਨਾਲ ਸਹਿਮਤ ਨਹੀਂ ਹਨ। ਇਸ ਲਈ ਉਹਨਾਂ ਸਪਲੀਮੈਂਟਰੀ ਏਜੰਡੇ ਵਿੱਚ ਹਿੱਸਾ ਨਹੀਂ ਲਿਆ।**

**ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ :-**

**ਏਜੰਡਾ ਨੰਬਰ:** 1

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | S/F of precast Community Toilets and Bio-Digester Tanks | 54.70 |
| 2. | P/L Interlocking Tiles 60mm thick in Shiv Mandir Street Ward No. 16 | 7.92 |
| 3. | Repair of Secondary Collection Point at Amrik Singh Road | 3.91 |
| 4. | Supply of Road Gully cover with frame for MC Store for the year 2017-18 | 9.38 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 75: ਪ੍ਰਵਾਨ ਹੈ।**

**ਏਜੰਡਾ ਨੰਬਰ: 2**

ਰਿਪੋਰਟ ਬਿਲਡਿੰਗ ਸ਼ਾਖਾ ਕਿ ਕਪੜਾ ਮਾਰਕੀਟ ਦੇ ਨਜ਼ਦੀਕ ਸ਼ੀਤਲਾ ਮਾਤਾ ਮੰਦਰ ਦੇ ਨਾਲ ਮਹਿਣਾ ਚੌਂਕ ਤੋਂ ਮਾਤਾ ਰਾਣੀ ਗਲੀ ਤੱਕ ਜੋ 40' ਸੜ੍ਹਕ ਪ੍ਰਵਾਨਤ ਟੀ.ਪੀ. ਸਕੀਮ ਪਾਕਟ ਨੰ: 6 ਅਨੁਸਾਰ ਮਹਾਂਵੀਰ ਦਲ ਦੀ ਜਗ੍ਹਾ ਵਿੱਚੋਂ ਕੱਢੀ ਗਈ ਸੀ। ਇਸ ਸੜ੍ਹਕ ਨੂੰ ਕਮਰਸ਼ੀਅਲ ਕਰਨ ਲਈ ਇਸ ਦਫਤਰ ਵੱਲੋਂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ (ਟਾਊਨ ਪਲਾਨਿੰਗ ਵਿਭਾਗ) ਨੂੰ ਲਿਖਿਆ ਗਿਆ ਸੀ। ਉਨ੍ਹਾਂ ਵੱਲੋਂ ਆਪਣੇ ਪੱਤਰ ਨੰ: ਸੀ.ਟੀ.ਪੀ. (ਸਸ)-2017/2028 ਮਿਤੀ 14.09.2017 ਰਾਹੀਂ ਲਿਖਿਆ ਹੈ ਕਿ ਉਕਤ ਭੋਂ/ਪਾਕਟ ਦਾ ਭੋਂ-ਮੰਤਵ ਰਿਹਾਇਸ਼ੀ ਪਲਾਟਾਂ ਤੋਂ ਵਪਾਰਕ ਕਰਨ ਲਈ ਟੀ.ਪੀ. ਸਕੀਮ 6 ਵਿੱਚ ਪ੍ਰੋਸੀਜ਼ਰ ਅਨੁਸਾਰ ਪੰਜਾਬ ਮਿਊਂਸਪਲ ਐਕਟ 1976 ਅਧੀਨ ਸੋਧ ਲੋੜੀਂਦੀ ਹੈ। ਇਸ ਲਈ ਸਰਕਾਰ ਦੇ ਪੱਤਰ ਨੂੰ ਧਿਆਨ ਵਿੱਚ ਰਖਦੇ ਹੋਏ 40' ਸੜ੍ਹਕ ਤੇ ਪੈਂਦੇ ਰਿਹਾਇਸ਼ੀ ਪਲਾਟਾਂ ਨੂੰ ਵਪਾਰਕ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 76: ਪਾਸ ਕੀਤਾ ਗਿਆ ਕਿ ਸ਼ਹਿਰ ਵਿੱਚ ਰਿਹਾਇਸ਼ੀ ਏਰੀਆ ਨੂੰ ਵਪਾਰਕ ਕਰਨ ਸਬੰਧੀ ਕੇਸਾਂ ਤੇ ਘੋਖ ਕਰਨ ਲਈ ਸਬ-ਕਮੇਟੀ ਬਣਾਈ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਏਜੰਡਾ ਨੰਬਰ: 3**

ਰਿਪੋਰਟ ਲੇਖਾ ਸ਼ਾਖਾ ਕਿ ਕਰਮਚਾਰੀਆਂ ਦੇ ਕੇਸਾਂ ਨਾਲ ਸਬੰਧਤ ਬਣਾਈ ਸਬ-ਕਮੇਟੀ ਵਿੱਚ ਹੇਠ ਲਿਖੇ ਅਨੁਸਾਰ ਕਰਮਚਾਰੀ ਦਾ ਕੇਸ ਮਿਤੀ 06.09.2017 ਨੂੰ ਹੋਈ ਜਨਰਲ ਹਾਊਸ ਦੀ ਮੀਟਿੰਗ ਵਿੱਚ ਪੈਡਿੰਗ ਰੱਖਿਆ ਗਿਆ ਸੀ:-

1

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਹਰਿੰਦਰ ਸਿੰਘ ਪੁੱਤਰ ਸ਼੍ਰੀ ਲਾਲ ਸਿੰਘ, ਨਗਰ ਨਿਗਮ ਬਠਿੰਡਾ ਵਿਖੇ ਬਤੌਰ ਜੂਨੀਅਰ ਟੈਕਨੀਸ਼ੀਅਨ ਕੰਮ ਕਰਦਾ ਸੀ। ਇਸਦੀ ਸੇਵਾ ਦੌਰਾਨ ਮਿਤੀ 09-06-2010 ਨੂੰ ਮੌਤ ਹੋ ਗਈ ਸੀ। ਇਸ ਦੇ ਪੁੱਤਰ ਸ਼੍ਰੀ ਗੁਰਪਿੰਦਰ ਸਿੰਘ ਨੇ ਦਰਖਾਸਤ ਰਾਹੀਂ ਬੇਨਤੀ ਕੀਤੀ ਹੈ ਕਿ ਉਸਨੂੰ ਉਸਦੇ ਪਿਤਾ ਦੀ ਮੌਤ ਤੋਂ ਬਾਦ ਤਰਸ ਦੇ ਆਧਾਰ ਤੇ ਸੇਵਾਦਾਰ ਦੀ ਨੌਕਰੀ ਦਿਤੀ ਜਾਵੇ। ਸ਼੍ਰੀ ਗੁਰਪਿੰਦਰ ਵਲੋਂ ਪੇਸ਼ ਹਲਫਿਆ ਬਿਆਨ ਅਨੁਸਾਰ ਉਸਦੇ ਪਰਿਵਾਰ ਵਿਚ ਉਸਦੀ ਮਾਤਾ ਅਤੇ ਇਕ ਭੈਣ ਹੈ। ਉਹਨਾਂ ਨੇ ਸ਼੍ਰੀ ਗੁਰਪਿੰਦਰ ਦੇ ਹੱਕ ਵਿਚ ਹਲਫਿਆ ਬਿਆਨ ਦਿੱਤਾ ਹੈ ਕਿ ਉਸਨੂੰ ਸੇਵਾਦਾਰ ਦੀ ਨੌਕਰੀ ਤੇ ਰੱਖਿਆ ਜਾਵੇ। ਹਲਫਿਆ ਬਿਆਨ ਅਨੁਸਾਰ ਸ਼੍ਰੀ ਗੁਰਪਿੰਦਰ ਸਿੰਘ ਪਾਸ ਕਮਾਈ ਦਾ ਕੋਈ ਸਾਧਨ ਨਹੀਂ ਹੈ। ਇਸ ਤੋਂ ਇਲਾਵਾ ਇਸ ਪਾਸ ਆਪਣਾ ਕੋਈ ਮਕਾਨ ਨਹੀਂ ਹੈ ਅਤੇ ਹੋਰ ਕੋਈ ਚੱਲ-ਅਚੱਲ ਸੰਪਤੀ ਨਹੀਂ ਹੈ। ਸ਼੍ਰੀ ਗੁਰਪਿੰਦਰ ਸਿੰਘ ਨੇ 10+2 ਦਾ ਸਰਟੀਫਿਕੇਟ ਪੇਸ਼ ਕੀਤਾ ਹੈ ਜਿਸ ਵਿੱਚ ਉਸਦੀ ਜਨਮ ਮਿਤੀ 21.05.1995 ਹੈ।

ਪ੍ਰਾਰਥੀ ਦੀ ਨਿਯੁਕਤੀ ਸਬੰਧੀ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ ਜੀ ਨੂੰ ਇਸ ਦਫਤਰ ਦੇ ਪੱਤਰ ਨੰ: 205/ਵਸ ਮਿਤੀ 21.01.2016 ਰਾਹੀਂ ਪ੍ਰਵਾਨਗੀ ਹਿੱਤ ਕੇਸ ਭੇਜਿਆ ਗਿਆ ਸੀ। ਉਹਨਾਂ ਵੱਲੋਂ ਆਪਣੇ ਪੱਤਰ ਨੰ: ਸ4-ਡਸਸ-ਮਸਸ-2016/19072 ਮਿਤੀ 29.04.2016 ਰਾਹੀਂ ਪ੍ਰਾਰਥੀ ਨੂੰ ਤਰਸ ਦੇ ਆਧਾਰ ਤੇ ਨੋਕਰੀ ਦੇਣ ਲਈ ਰੂਲਾਂ/ ਹਦਾਇਤਾਂ ਅਨੁਸਾਰ ਗੈਰ-ਪ੍ਰਾਂਤੀਕਰਨ ਆਸਾਮੀ ਗਰੁੱਪ ਸੀ ਜਾਂ ਗਰੁੱਪ ਡੀ ਵਿੱਚ ਯੋਗਤਾ ਅਨੁਸਾਰ ਨਗਰ ਨਿਗਮ ਆਪਣੇ ਪੱਧਰ ਤੇ ਵਿਚਾਰ ਕਰ ਸਕਦੀ ਹੈ।

ਪੰਜਾਬ ਮਿਊਂਸਪਲ ਦਰਜ਼ਾ ਚਾਰ ਕਰਮਚਾਰੀ ਰੂਲਜ਼ 1984 ਅਨੁਸਾਰ ਸੇਵਾਦਾਰ ਦੀ ਆਸਾਮੀ ਲਈ ਵਿਦਿਅਕ ਯੋਗਤਾ ਮਿਡਲ ਪਾਸ ਹੈ। ਤਰਸ ਦੇ ਆਧਾਰ ਤੇ ਨਿਯੁਕਤੀਆਂ ਸਬੰਧੀ ਪੱਤਰ ਨੰ: 11/94/2002/4ਪੀਪੀ-11/650 ਮਿਤੀ 12-01-2004 ਅਤੇ ਪੱਤਰ ਨੰ: 11/105/98/04ਪੀਪੀ-14420 ਮਿਤੀ 21-11-2002 ਅਨੁਸਾਰ ਇਹ ਕੇਸ ਤਰਸ ਦੇ ਆਧਾਰ ਤੇ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਮ੍ਰਿਤਕ ਕਰਮਚਾਰੀ ਦੀ ਮੌਤ ਨੂੰ ਪੰਜ ਸਾਲ ਤੋਂ ਵੱਧ ਸਮਾਂ ਹੋ ਚੁੱਕਿਆ ਸੀ। ਇਸ ਲਈ ਕੇਸ ਸਰਕਾਰ ਪਾਸ ਭੇਜਿਆ ਗਿਆ ਸੀ। ਸਰਕਾਰ ਵੱਲੋਂ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਇਸ ਸਬੰਧੀ ਆਪਣੇ ਪੱਧਰ ਤੇ ਕਾਰਵਾਈ ਕੀਤੀ ਜਾਵੇ। ਇਸ ਸਮੇਂ ਸ਼੍ਰੀ ਗੁਰਦੇਵ ਸਿੰਘ ਸੇਵਾਦਾਰ ਦੀ ਸੇਵਾ ਮੁਕਤੀ ਮਿਤੀ 30.04.2015 ਨੂੰ ਹੋਣ ਕਰਕੇ ਸੇਵਾਦਾਰ ਦੀ ਆਸਾਮੀ ਖਾਲੀ ਹੋਈ ਹੈ। ਇਸ ਲਈ ਸ਼੍ਰੀ ਗੁਰਪਿੰਦਰ ਸਿੰਘ ਨੂੰ ਉਸਦੇ ਪਿਤਾ ਸ਼੍ਰੀ ਹਰਿੰਦਰ ਸਿੰਘ ਪੁੱਤਰ ਸ੍ਰੀ ਲਾਲ ਸਿੰਘ, ਜੂਨੀਅਰ ਟੈਕਨੀਸ਼ਿਅਨ ਦੀ ਮੋਤ

ਕਾਰਨ ਖਾਲੀ ਹੋਈ ਆਸਾਮੀ ਤੇ ਤਰਸ ਦੇ ਆਧਾਰ ਤੇ ਸੇਵਾਦਾਰ ਨਿਯੁਕਤ ਕਰਨ ਲਈ ਕੇਸ ਸਬ-ਕਮੇਟੀ ਦੇ ਵਿਚਾਰ ਹਿੱਤ।

| | |
|---|---|
| **ਸਬ-ਕਮੇਟੀ ਦਾ ਫੈਸਲਾ:** | **ਇਸ ਕੇਸ ਵਿੱਚ ਮੋਤ ਨੂੰ 5 ਸਾਲ ਤੋਂ ਵੱਧ ਦਾ ਸਮਾ ਹੋ ਚੁੱਕਿਆ ਹੈ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮੋਤ ਹੋਣ ਤੇ 6 ਮਹੀਨਿਆਂ ਦੇ ਅੰਦਰ-ਅੰਦਰ ਕੇਸ ਸਬਮਿਟ ਕਰਨਾ ਹੁੰਦਾ ਹੈ। ਮੋਤ ਦੀ ਮਿਤੀ 09.06.2010 ਹੈ ਅਤੇ ਦਰਖਾਸਤ ਦੀ ਮਿਤੀ 16.05.2011 ਹੈ। ਡਾਇਰੈਕਟਰ, ਸਥਾਨਕ ਸਰਕਾਰ ਨੇ ਆਪਣੇ ਪੱਤਰ ਨੰ: ਸ4-ਡਸਸ-ਮਸਸ-2016/19072 ਮਿਤੀ 29.04.2016 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਇਸ ਵਿੱਚ ਸਮੱਰਥ ਅਥਾਰਟੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।** |

ਸਬ-ਕਮੇਟੀ ਦੀ ਰਿਪੋਰਟ ਅਤੇ ਕੇਸ ਮੁੱੜ੍ਹ ਤੋਂ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 77: ਪ੍ਰਵਾਨ ਹੈ।**

**ਏਜੰਡਾ ਨੰਬਰ: 4**

ਰਿਪੋਰਟ ਸਿਹਤ ਸ਼ਾਖਾ ਕਿ ਸ਼ਹਿਰ ਦੀਆਂ ਵਪਾਰਕ ਥਾਂਵਾਂ ਅਤੇ ਮੁੱਖ ਬਾਜਾਰਾਂ ਵਿੱਚ ਰਾਤ ਨੂੰ ਸਫਾਈ ਕੀਤੀ ਜਾਣੀ ਹੈ। ਨਿਗਮ ਕੋਲ ਸਫਾਈ ਸੇਵਕਾਂ ਦੀ ਘਾਟ ਹੋਣ ਕਾਰਨ ਹੇਠ ਲਿਖੀਆਂ ਥਾਂਵਾਂਤੇ ਸਫਾਂਈ ਕਰਵਾਉਣ ਲਈ 30 ਸਫਾਈ ਵਰਕਰ ਆਉਟਸੋਰਸ ਰਾਹੀਂ ਰੱਖਣ ਦੀ ਜਰੂਰਤ ਹੈ:-

1. ਮਾਲ ਰੋਡ, ਹੰਨੂਮਾਨ ਚੋਂਕ ਤੋਂ ਰੇਲਵੇ ਸਟੇਸ਼ਨ ਤੱਕ
2. ਫਾਇਰ ਸਟੇਸ਼ਨ ਤੋਂ ਆਰੀਆ ਸਮਾਜ ਚੋਂਕ ਤੱਕ
3. ਆਰੀਆ ਸਮਾਜ ਚੋਂਕ ਤੋਂ ਬੱਸ ਸਟੈਂਡ, ਕੋਰਟ ਰੋਡ, ਵਾਇਆ ਮਹਿਣਾ ਚੌਂਕ
4. ਕਿਕਰ ਬਾਜਾਰ
5. ਸਦਰ ਬਾਜਾਰ
6. ਬੈਂਕ ਬਾਜਾਰ
7. ਧੋਬੀ ਬਾਜਾਰ
8. ਪੋਸਟ ਆਫਿਸ ਬਾਜਾਰ
9. ਹਸਪਤਾਲ ਬਾਜਾਰ
10. ਸੰਤਪੁਰਾ ਰੋਡ ਅੰਡਰ ਬ੍ਰਿਜ ਤੋਂ ਦਫਤਰ ਨਗਰ ਨਿਗਮ
11. ਆਰੀਆ ਸਮਾਜ ਚੋਂਕ ਤੋਂ ਸਦਰ ਥਾਣਾ ਵਾਇਆ ਕਿਲ੍ਹਾ ਰੋਡ
12. ਅਮਰੀਕ ਸਿੰਘ ਰੋਡ (ਮੇਲਾ ਰਾਮ ਰੋਡ ਤੋਂ ਮਾਲ ਰੋਡ)
13. ਮੇਨ ਬੱਸ ਸਟੈਂਡ ਦੇ ਆਲੇ-ਦੁਆਲੇ ਦਾ ਏਰੀਆ 100 ਮੀਟਰ ਗੇਟ ਤੋਂ ਸਾਰੇ ਪਾਸੇ
14. ਮੇਨ ਪ੍ਰਤਾਪ ਨਗਰ ਰੋਡ, ਦੁਸ਼ਹਿਰਾ ਗਰਾਉਂਡ ਤੱਕ
15. ਅਜੀਤ ਰੋਡ ਘੋੜੇ ਵਾਲਾ ਚੌਂਕ ਤੱਕ
16. ਭੱਟੀ ਰੋਡ
17. ਪਾਵਰ ਹਾਊਸ ਰੋਡ
18. 100 ਫੁੱਟੀ ਰੋਡ

ਇਹਨਾਂ 30 ਸਫਾਈ ਵਰਕਰਾਂ ਦਾ ਤਖਮੀਨਾ ਬਨਾਉਣ ਉਪਰੰਤ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "May allow to deploy these resources for 6 months at first instance". ਕੇਸ ਹਾਊਸ ਦੇ ਵਿਚਾਰ ਹਿੱਤ

**ਮਤਾ ਨੰਬਰ 78: ਲੜੀ ਨੰਬਰ 1 ਤੋਂ 12 ਤੱਕ ਦਰਜ਼ ਵਪਾਰਕ ਥਾਂਵਾਂ ਅਤੇ ਮੁੱਖ ਬਾਜ਼ਾਰਾਂ ਵਿੱਚ ਰਾਤ ਨੂੰ ਸਫਾਈ ਕਰਨ ਲਈ 30 ਵਰਕਰ ਆਉਟਸੋਰਸ ਤੇ ਰਖਣ ਲਈ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।**

**ਸਹੀ/-**
**ਮੇਅਰ**
**ਨਗਰ ਨਿਗਮ, ਬਠਿੰਡਾ।**

ਪਿੱਠ ਅੰਕਣ ਨੰ:                                                              ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ.ਟੂ ਕਮਿਸ਼ਨਰ
3. ਸੰਯੁਕਤ ਕਮਿਸ਼ਨਰ
4. ਨਿਗਰਾਨ ਇੰਜੀਨੀਅਰ
5. ਸਮੂਹ ਨਿਗਮ ਇੰਜੀਨੀਅਰ
6. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
7. ਸਮੂਹ ਸੁਪਰਡੈਂਟ
8. ਡਿਪਟੀ ਕੰਟਰੋਲਰ (ਲੋਕਲ ਆਡਿਟ)
9. ਸਹਾਇਕ ਮੰਡਲ ਫਾਇਰ ਅਫਸਰ
10. ਲੇਖਾਕਾਰ
11. ਸਮੂਹ ਚੀਫ ਸੈਨਟਰੀ ਇੰਸਪੈਕਟਰ
12. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰਬਰ 1 ਅਤੇ 2

ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।